# ਸ਼ਹੀਦ-ਏ-ਆਜ਼ਮ
# ਭਗਤ ਸਿੰਘ ਦੀ
# ਜੇਲ੍ਹ ਡਾਇਰੀ



ਪੰਜਾਬ ਸਰਕਾਰ

Original with;
Dr. Gurdev Singh Sidhu
Digitized by;
Panjab Digital Library

Original with:
Dr. Gurdev Singh Sidhu
Digitized by:
Panjab Digital Library

*Original with;*
Dr. Gurdev Singh Sidhu
*Digitized by;*

Original with:
Dr. Gurdev Singh Sidhu
Digitized by:
Panjab Digital Library

# ਸ਼ਹੀਦ-ਏ-ਆਜ਼ਮ

# ਭਗਤ ਸਿੰਘ ਦੀ

# ਜੇਲ੍ਹ ਡਾਇਰੀ

## ਪੰਜਾਬ ਸਰਕਾਰ



*Original with;*
Dr. Gurdev Singh Sidhu
*Digitized by;*
Panjab Digital Library

# ਸ਼ਹੀਦ-ਏ-ਆਜ਼ਮ
# ਭਗਤ ਸਿੰਘ ਦੀ
## ਜੇਲ੍ਹ ਡਾਇਰੀ

---

## Shaheed-e-Azam
# Bhagat Singh
## Di Jail Diary

ਪ੍ਰਕਾਸ਼ਕ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ
ਚੰਡੀਗੜ੍ਹ

ਛਾਪਕ: ਕੰਟਰੋਲਰ ਛਪਾਈ ਤੇ ਲੇਖਣ ਸਮੱਗਰੀ, ਪੰਜਾਬ ਨੇ ਤਰੁਨ ਪ੍ਰਿੰਟਰ ਪ੍ਰਤਾਪ ਚੌਕ ਲੁਧਿਆਣਾ ਤੋਂ ਛਪਵਾਇਆ

ਕਾਪੀਆਂ-3000
ਸਤੰਬਰ, 2007



*Original with;*
Dr. Gurdev Singh Sidhu
*Digitized by;*
Panjab Digital Library

# ਸੰਦੇਸ਼



ਮੈਨੂੰ ਇਹ ਜਾਣ ਕੇ ਖੁਸ਼ੀ ਹੋਈ ਹੈ ਕਿ ਰਾਜ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਮੌਕੇ ਤੇ ਉਨ੍ਹਾਂ ਦੀ ਜੇਲ੍ਹ ਡਾਇਰੀ ਛਪਵਾਈ ਜਾ ਰਹੀ। ਭਾਰਤੀ ਇਤਿਹਾਸ ਦੇ ਇਸ ਦੁਰਲਭ ਦਸਤਾਵੇਜ਼ ਦਾ ਮਹੱਤਵ ਸਿਰਫ ਇਸਦੀ ਇਤਿਹਾਸਕਤਾ ਵਿੱਚ ਹੀ ਨਹੀਂ ਹੈ ਸਗੋਂ ਅੱਜ ਵੀ ਇਹ ਦਸਤਾਵੇਜ਼ ਨੌਜਵਾਨਾਂ ਨੂੰ ਦੇਸ਼ ਭਗਤੀ ਦੀ ਪ੍ਰੇਰਣਾ ਦੇਣ ਦਾ ਇਕ ਵੱਡਮੁੱਲਾ ਸਰੋਤ ਹੈ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਉਸਦੇ ਸਾਥੀਆਂ ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੇ ਦੇਸ਼ ਦੀ ਆਜ਼ਾਦੀ ਲਈ ਲੜੇ ਜਾ ਰਹੇ ਸੰਘਰਸ਼ ਨੂੰ ਹੋਰ ਬਲ ਪ੍ਰਦਾਨ ਕੀਤਾ ਜਿਸਦੇ ਸਿੱਟੇ ਵਜੋਂ ਦੇਸ਼ ਨੂੰ ਆਜ਼ਾਦੀ ਪ੍ਰਾਪਤੀ ਲਈ ਬਹੁਤ ਲੰਬਾ ਸਮਾਂ ਉਡੀਕ ਨਹੀਂ ਕਰਨੀ ਪਈ। ਜੇਲ੍ਹ ਡਾਇਰੀ ਨੂੰ ਪੜ੍ਹਦਿਆਂ ਸਾਡੀਆਂ ਅੱਖਾਂ ਦੇ ਸਾਹਮਣੇ ਵਾਰ-ਵਾਰ ਉਸ ਨੌਜਵਾਨ ਦੀ ਸ਼ਖਸੀਅਤ ਉਭਰਦੀ ਹੈ ਜੋ ਫਾਂਸੀ ਦੇ ਫੰਦੇ ਦੀ ਛਾਂ ਹੇਠ ਬੈਠ ਕੇ ਭਾਰਤੀ ਇਨਕਲਾਬ ਦੇ ਰਸਤੇ ਦੀ ਸਹੀ ਸਮਝ ਹਾਸਲ ਕਰਨ ਅਤੇ ਉਸਨੂੰ ਲੋਕਾਂ ਤੱਕ ਪਹੁੰਚਾਉਣ ਦੇ ਲਈ ਆਖਰੀ ਪਲ ਤੱਕ ਅਧਿਐਨ ਕਰਨ ਅਤੇ ਲੇਖਣ ਕਾਰਜ ਵਿੱਚ ਜੁਟਿਆ ਰਿਹਾ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿਸ਼ੇਸ਼ ਤੌਰ ਤੇ ਵਧਾਈ ਦਾ ਹੱਕਦਾਰ ਹੈ, ਜਿਸਨੇ ਇਸ ਦੁਰਲੱਭ ਇਤਿਹਾਸਕ ਦਸਤਾਵੇਜ਼ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ। ਮੇਰੇ ਵਿਚਾਰ ਅਨੁਸਾਰ ਇਹ ਪੁਸਤਕ ਨੌਜਵਾਨ ਵਰਗ ਲਈ ਆਉਣ ਵਾਲੇ ਸਮੇਂ ਵਿੱਚ ਚਾਨਣ ਮੁਨਾਰੇ ਦਾ ਕੰਮ ਕਰੇਗੀ।

( ਪਰਕਾਸ਼ ਸਿੰਘ ਬਾਦਲ )

ਮੁੱਖ ਮੰਤਰੀ ,ਪੰਜਾਬ



Original with;
Dr. Gurdev Singh Sidhu
Digitized by;
Panjab Digital Library

# ਸੰਦੇਸ਼



ਮੈਨੂੰ ਇਹ ਜਾਣ ਕੇ ਬੇਹੱਦ ਪ੍ਰਸੰਨਤਾ ਹੋਈ ਹੈ ਕਿ ਰਾਜ ਦੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਮੌਕੇ ਤੇ ਉਨ੍ਹਾਂ ਦੀ ਜੇਲ੍ਹ ਡਾਇਰੀ ਜੋ ਕਿ ਉਨ੍ਹਾਂ ਵਲੋਂ ਅੰਗਰੇਜ਼ੀ ਭਾਸ਼ਾ ਵਿੱਚ ਲਿਖੀ ਗਈ ਹੈ, ਉਸ ਨੂੰ ਪੰਜਾਬੀ ਅਨੁਵਾਦ ਸਹਿਤ ਪੁਸਤਕ ਦੇ ਰੂਪ ਵਿੱਚ ਛਪਵਾਇਆ ਜਾ ਰਿਹਾ ਹੈ।

ਸ਼ਹੀਦ-ਏ-ਆਜ਼ਮ ਦੀ ਜੇਲ੍ਹ ਡਾਇਰੀ ਤੋਂ ਉਨ੍ਹਾਂ ਦੇ ਮੁਕੰਮਲ ਵਿਅਕਤੀਤਵ ਬਾਰੇ ਸਪੱਸ਼ਟ ਰੌਸਨੀ ਪਈ ਹੈ ਕਿ ਉਹ ਕਿਵੇਂ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਸਹੀ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨਾ ਚਾਹੁੰਦੇ ਸਨ। ਸਿਰਫ 23 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਲੇਖਕਾਂ ਨੂੰ ਪੜ੍ਹ ਕੇ ਚਿੰਤਨ ਦਾ ਜੋ ਮੁਕਾਮ ਹਾਸਲ ਕੀਤਾ ਉਹ ਉਨ੍ਹਾਂ ਦੇ ਯੁੱਗ ਪੁਰਸ਼ ਹੋਣ ਦਾ ਪ੍ਰਮਾਣ ਸੀ। ਅਜਿਹੇ ਮਹਾਨ ਚਿੰਤਕ ਹੀ ਇਤਿਹਾਸ ਦਾ ਰੁਖ਼ ਬਦਲਣ ਅਤੇ ਆਜ਼ਾਦੀ ਦੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਹੌਸਲਾ ਰੱਖਦੇ ਹਨ। ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਲਾਸਾਨੀ ਸ਼ਹਾਦਤ ਰਹਿੰਦੀ ਦੁਨੀਆਂ ਤੱਕ ਨੌਜਵਾਨਾਂ ਲਈ ਰੌਸ਼ਨੀ ਪ੍ਰਦਾਨ ਕਰਦੀ ਰਹੇਗੀ ਅਤੇ ਪ੍ਰੇਰਨਾ ਦਾ ਸਰੋਤ ਰਹੇਗੀ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਵਧਾਈ ਦਾ ਪਾਤਰ ਹੈ, ਜਿਸਨੇ ਇਸ ਅਮੁੱਲ ਇਤਿਹਾਸਕ ਦਸਤਾਵੇਜ਼ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕੀਤਾ ਹੈ। ਮੈਂ ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਲਈ ਯੋਗ ਅਗਵਾਈ ਕਰੇਗੀ।

20 ਸਤੰਬਰ, 2007

ਚੰਡੀਗੜ੍ਹ

**ਬਿਕਰਮ ਸਿੰਘ ਮਜੀਠੀਆ**

ਸੂਚਨਾ ਤੇ ਲੋਕ ਸੰਪਰਕ ਮੰਤਰੀ , ਪੰਜਾਬ



*Original with;*
Dr. Gurdev Singh Sidhu
*Digitized by;*
Panjab Digital Library

# ਦੋ ਸ਼ਬਦ

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਜੇਲ੍ਹ ਡਾਇਰੀ ਭਾਰਤੀ ਇਤਿਹਾਸ ਦਾ ਅਨਮੋਲ ਖਜ਼ਾਨਾ ਹੈ। ਇਸ ਵਿੱਚੋਂ ਉਨ੍ਹਾਂ ਦੀ ਬਹੁਪੱਖੀ ਸ਼ਖਸੀਅਤ ਦੇ ਦਰਸ਼ਨ ਹੁੰਦੇ ਹਨ। ਉਨ੍ਹਾਂ ਨੇ ਜੇਲ੍ਹ ਯਾਤਰਾ ਦੌਰਾਨ ਵਿਸ਼ਵ ਦੇ ਮਹਾਨ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਜੋ ਮਹੱਤਵ ਪੂਰਨ ਗੱਲਾਂ ਸਨ ਉਨ੍ਹਾਂ ਨੂੰ ਆਪਣੀ ਡਾਇਰੀ ਵਿੱਚ ਸ਼ਾਮਿਲ ਕਰ ਲਿਆ। ਜੇਲ੍ਹ ਡਾਇਰੀ ਦਾ ਮੂਲ ਖਰੜਾ ਸ. ਭਗਤ ਸਿੰਘ ਦੇ ਸਵਰਗਵਾਸੀ ਛੋਟੇ ਭਰਾ ਸ. ਕੁਲਬੀਰ ਸਿੰਘ ਵੱਲੋਂ ਸੰਭਾਲਿਆ ਹੋਇਆ ਸੀ। ਪਹਿਲਾ ਸਫਾ ਜਿਸ ਉਪਰ ਸ. ਭਗਤ ਸਿੰਘ ਦੇ ਦਸਤਖਤ ਹਨ ਇਕ ਜੇਲ੍ਹ ਅਧਿਕਾਰੀ ਵਲੋਂ ਦਿਤਾ ਗਿਆ ਸੀ।

ਜੇਲ੍ਹ ਡਾਇਰੀ ਦਾ ਪੰਜਾਬੀ ਅਨੁਵਾਦ ਇਸ ਤੋਂ ਪਹਿਲਾਂ ਤਰਕ ਭਾਰਤੀ ਪ੍ਰਕਾਸ਼ਨ ਦੁਆਰਾ ਛਪਵਾਇਆ ਜਾ ਚੁੱਕਾ ਹੈ। ਹੁਣ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਵਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮ ਸਮੇਂ ਇਸਦਾ ਅੰਗਰੇਜ਼ੀ ਮੂਲ ਰੂਪ ਵਿੱਚ ਅਤੇ ਉਸਦੇ ਨਾਲ-ਨਾਲ ਪੰਜਾਬੀ ਅਨੁਵਾਦ ਛਾਪਿਆ ਜਾ ਰਿਹਾ ਹੈ।

ਮੈਂ ਇਸ ਪੁਸਤਕ ਦੀ ਛਪਵਾਈ ਲਈ ਸ. ਬਿਕਰਮ ਸਿੰਘ ਮਜੀਠੀਆ, ਸੂਚਨਾ ਤੇ ਲੋਕ ਸੰਪਰਕ ਮੰਤਰੀ, ਸ਼੍ਰੀ ਜਗਜੀਤ ਪੁਰੀ ਆਈ. ਏ. ਐਸ. ਸਕੱਤਰ, ਸੂਚਨਾ ਤੇ ਲੋਕ ਸੰਪਰਕ, ਸ਼੍ਰੀ ਏ. ਐਸ. ਬੈਂਸ ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਅਤੇ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਦਾ ਤਹਿ ਦਿਲੋਂ ਧਨੰਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਛਪਵਾਉਣ ਲਈ ਪੂਰਨ ਸਹਿਯੋਗ ਦਿਤਾ।

20 ਸਤੰਬਰ, 2007 — **ਅਭੈ ਕੁਮਾਰ ਸਿੰਘ ਸੰਧੂ**

ਚੰਡੀਗੜ੍ਹ — (ਭਤੀਜਾ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ )



Original with;
Dr. Gurdev Singh Sidhu
Digitized by;
Panjab Digital Library

For S Bhagat Singh
four hundred + four pages.
[404 Pages]

[illegible]
[illegible]

[illegible]

Land measurements :— 2

Common 20 hectares = 50 acres. i.e. 1 hectare = $2\frac{1}{2}$ acres



Original with;
Dr. Gurdev Singh Sidhu
Digitized by;
Panjab Digital Library

ਪੰਨਾ 2 (2)

ਜ਼ਮੀਨ ਦੇ ਮਾਪ:

ਜਰਮਨ 20 ਹੈਕਟੇਅਰ = 50 ਏਕੜ, ਅਰਥਾਤ 1 ਹੈਕਟੇਅਰ = 2½ ਏਕੜ



Original with;
Dr. Gurdev Singh Sidhu
Digitized by;
Panjab Digital Library

# 6

## Freedom from Poverty

The "freedom of property" . . . as far as the small capitalists and peasant proprietors are concerned, became "freedom from property."
Marriage itself remained, as before, the legally recognized form, the official cloak of prostitution. . . .

[Socialism Scientific and Utopian]

—— : o : ——

Mental Bondage

" An eternal being created human society as it is today and submission to 'superiors' and 'authority' is imposed on the 'lower' classes by divine will." This suggestion, coming from pulpit, platform and press, has hypnotised the minds of men and proves to be one of the strongest pillars of exploitation."

{Translator's Preface to Origin of the Family}



Original with:
Dr. Gurdev Singh Sidhu
Digitized by;
Panjab Digital Library

ਪੰਨਾ 6 (3)

**ਸੰਪਤੀ ਤੋਂ ਮੁਕਤੀ** - "ਸੰਪਤੀ ਦੀ ਸੁਤੰਤਰਤਾ" --- ਜਿੱਥੋਂ ਤੱਕ ਛੋਟੇ ਪੂੰਜੀਪਤੀ ਅਤੇ ਕਿਸਾਨ ਸੰਪਤੀ ਮਾਲਕਾਂ ਦਾ ਸਵਾਲ ਹੈ, "ਸੰਪਤੀ ਤੋਂ ਮੁਕਤੀ" ਬਣ ਗਈ।

ਵਿਆਹ ਆਪਣੇ ਆਪ ਵਿੱਚ, ਪਹਿਲਾਂ ਦੀ ਭਾਂਤਿ ਹੀ, ਵੇਸ਼ਵਾਬ੍ਰਿਤੀ ਦਾ ਕਾਨੂੰਨੀ ਤੌਰ ਤੇ ਪ੍ਰਵਾਨਤ ਰੂਪ, ਔਪਚਾਰਿਕ ਪਰਦਾ, ਬਣਿਆ ਰਿਹਾ.......।

(ਸ਼ੋਸ਼ਲਿਜ਼ਮ ਸਾਇੰਟੀਫਿਕ ਐਂਡ ਯੂਟੋਪੀਆ)

**ਦਿਮਾਗੀ ਗੁਲਾਮੀ** - " ਇੱਕ ਸੱਤਾ ਨੇ ਮਾਨਵ ਸਮਾਜ ਨੂੰ ਵੈਸਾ ਹੀ ਰਚਿਆ, ਜਿਹੋ ਜਿਹਾ ਅੱਜ ਉਹ ਹੈ, ਅਤੇ 'ਸ੍ਰੇਸਠਤਰ' ਤੇ 'ਸੱਤਾ ਦੇ ਪ੍ਰਤੀ ਸਮਰਪਣ ਦੈਵੀ ਇੱਛਾ ਤੋਂ ਹੀ 'ਨਿਮਨਤਰ' ਵਰਗਾਂ ਉੱਤੇ ਲਾਗੂ ਕੀਤਾ ਗਿਆ ਹੈ।" ਉਪਦੇਸ਼ਕ ਲੋਕੀਂ ਉਪਦੇਸ਼ ਮੰਚ ਅਤੇ ਪ੍ਰੈਸ ਵਲੋਂ ਦਿੱਤੇ ਜਾਣ ਵਾਲੇ ਇਸ ਸੰਦੇਸ਼ ਨੇ ਆਦਮੀ ਦੇ ਦਿਮਾਗ ਨੂੰ ਸੰਮੋਹਤ ਕਰ ਰੱਖਿਆ ਹੈ ਅਤੇ ਇਹ ਸੋਸ਼ਣ ਦੇ ਸਭ ਤੋਂ ਮਜ਼ਬੂਤ ਸਤੰਭਾਂ ਵਿੱਚੋਂ ਇੱਕ ਹੈ।

(ਔਰਿਜਨ ਆਫ਼ ਦਾ ਫੈਮਿਲੀ ਵਿੱਚ ਅਨੁਵਾਦਕ ਦੀ ਭੂਮਿਕਾ)



Original with;
Dr. Gurdev Singh Sidhu
Digitized by;
Panjab Digital Library

The Origin of the Family
by Engels

5

Morgan was the first to make an attempt at introducing a logical order into the history of primeval society.

He devides it into three main epochs:-

1. Savagery 2. Barbarism. 3. Civilization

1. Savagery re-divided into three stages.
1. Lower 2. middle 3. Higher.

1. Lower stage of savagery:—

Infancy of human race. (1) Living in trees. (2) Fruits, nuts and roots serving as food. (3) The formation of articulated speech is the principal result of that period.

2. Middle Stage:—

Venison = animal flesh taken by hunting

1. Fire discovered. 2. Fish being used as food. 3. Hunting stone implements invented. (4) cannibalism comes into existance.

3. Higher Stage:—

1. Bow and arrow. No pottery. 2. Village settlements. (3) Timber used for building. (4) Cloth weaver.

Bow and arrows were for the stage of savagery what the iron sword was for barbarism and the fire arm for civilization the weapon of supremacy.



Original with:
Dr. Gurdev Singh
Digitized by;
Panjab Digital Library

ਪੰਨਾ 7 (4)

ਏਂਗਲਜ਼ ਦੀ ਰਚਨਾ ਦਾ ਔਰਿਜਿਨ ਆਫ਼ ਦਾ ਫੈਮਿਲੀ ------

ਆਦਮ ਸਮਾਜ ਦੇ ਇਤਿਹਾਸ ਵਿੱਚ ਇੱਕ ਤਰਕ ਸੰਗਤ ਵਿਵਸਥਾ ਪ੍ਰਸਤੁਤ ਕਰਨ ਦਾ ਯਤਨ ਸਭ ਤੋਂ ਪਹਿਲਾਂ ਮਾਰਗਨ ਨੇ ਕੀਤਾ।

ਉਹ ਉਸਨੂੰ ਤਿੰਨ ਮੁੱਖ ਯੁੱਗਾਂ ਵਿੱਚ ਵੰਡਦਾ ਹੈ।

1. ਅਸੱਭਯਤਾ 2. ਬਰਬਰਤਾ 3. ਸੱਭਯਤਾ

1. ਅਸੱਭਯਤਾ :- ਅੱਗੇ ਤਿੰਨ ਅਵਸਥਾਵਾਂ ਵਿੱਚ ਤਕਸੀਮ :

1. ਨਿਮਨਤਰ 2. ਮੱਯਮ 3. ਉੱਚਤਰ

1. ਅਸੱਭਸਤਾ ਦੀ ਨਿਮਨਤਰ ਅਵਸਥਾ : ਮਾਨਵਜਾਤੀ ਦਾ ਸ਼ਿਸ਼ੂਕਾਲ।

1. ਦਰਖਤਾਂ ਉੱਪਰ ਰਹਿਣਾ 2. ਭੋਜਨ ਹੁੰਦਾ ਸੀ ਫਲ, ਗਿਰੀਫਲ ਤੇ ਕੰਦਮੂਲ 3. ਸੁਸੰਗਤ ਬੋਲੀ ਦਾ ਵਿਕਾਸ ਇਸ ਕਾਲ ਦੀ ਪ੍ਰਮੁੱਖ ਉਪਲੱਬਧੀ।

2. ਮੱਧਯ ਅਵਸਥਾ: 1 ਅੱਗ ਦੀ ਖੋਜ 2. ਮੱਛੀ ਭੋਜਨ ਵਜੋਂ ਇਸਤੇਮਾਲ 3. ਸ਼ਿਕਾਰ ਦੇ ਵਾਸਤੇ ਪੱਥਰ ਦੇ ਔਜ਼ਾਰਾਂ ਦੀ ਕਾਢ 4. ਮਨੁੱਖੀ ਮਾਸ ਖਾਣਾ ਪ੍ਰਚੱਲਤ ਹੋ ਜਾਂਦਾ ਹੈ।

3. ਉੱਚਤਰ ਅਵਸਥਾ : 1 ਕਮਾਣ ਅਤੇ ਤੀਰ, ਕੁਲਹਾੜੀ ਨਹੀਂ 2. ਪੇਂਡੂਬਸਤੀਆਂ 3. ਘਰ ਬਣਾਉਣ ਵਿੱਚ ਇਮਾਰਤੀ ਲੱਕੜੀ ਦੀ ਵਰਤੋਂ 4. ਕੱਪੜੇ ਬੁਣੇ ਜਾਣ ਲੱਗੇ।

ਅਸੱਭਯਤਾ ਦੀ ਅਵਸਥਾ ਵਿੱਚ ਕਮਾਣ ਅਤੇ ਤੀਰ ਵੈਸੇ ਹੀ ਸਨ ਜਿਹੋ ਜਿਹੇ ਬਰਬਰਤਾ ਦੀ ਅਵਸਥਾ ਵਿੱਚ ਲੋਹੇ ਦੀ ਤਲਵਾਰ ਅਤੇ ਸੱਭਯਤਾ ਦੀ ਅਵਸਥਾ ਵਿੱਚ ਅਗਨਸ਼ਾਸਤਰ ਯਾਨੀ ਪ੍ਰਭੁਤਵ ਦੇ ਹਥਿਆਰ।



Original with;
Dr. Gurdev Singh Sidhu
Digitized by;
Panjab Digital Library

## Barbarism:—

### 1. Lower Stage:—

1. Introduction of pottery. At first wooden pots were covered with layers of earth, but afterwards earthen pots were discovered.
2. Human races divided into two distinct classes. 1, Eastern who tamed animals and had grain. 2, Western who had only 'corn'

### 2. Middle Stage:—

1. (a) Western hemisphere i.e. America they grew food plants, (cultivation and irrigation, and baked bricks for house-building.
   (b) Eastern:— They domesticated animals, for milk and flesh. No cultivation in this stage yet.

### 3. Higher Stage:—

(1) melting of iron ore
(2) Invention of letter script and its utilization for writing records.
This stage is richer in inventions. This is the period of Greek heroes.
(3) Iron ploughshare drawn by animals to grow corn on a larger scale.
(4) Clearing of forests; and iron axe and iron spade used.
(5) Great attainments:- (1) Improved iron tools, (2) the bellows (3) hand mill (4) Potter's wheel, (5) Preparation of oil and wine (6) fashioning metals (7) wagon and chariot (8) Ship building.



Original with;
Dr. ... Singh Sidhu
Digitized by;
Panjab Digital Library

ਪੰਨਾ 8 (5)

2 **ਬਰਬਰਤਾ:**

**1. ਨਿਮਨਤਰ ਅਵਸਥਾ** :1. ਘੁਮਿਆਰ ਕਿੱਤੇ ਦਾ ਆਰੰਭ, ਪਹਿਲਾਂ ਲੱਕੜੀ ਦੇ ਬਰਤਨਾਂ ਉੱਤੇ ਮਿੱਟੀ ਦੀਆਂ ਤੈਹਾਂ ਚੜ੍ਹਾਈਆਂ ਜਾਂਦੀਆਂ ਸਨ, ਲੇਕਿਨ ਬਾਦ ਵਿੱਚ ਮਿੱਟੀ ਦੇ ਬਰਤਨਾਂ ਦੀ ਖੋਜ ਕਰ ਲਈ ਗਈ।

2. ਮਾਨਵ ਜਾਤੀਆਂ ਦੋ ਸਪਸ਼ਟ ਵਰਗਾਂ ਵਿੱਚ ਤਕਸੀਮ:

(i) ਪੂਰਬੀ, ਜੋ ਜਾਨਵਰ ਪਾਲਦੀਆਂ ਸਨ ਅਤੇ ਅਨਾਜ ਪੈਦਾ ਕਰਦੀਆਂ ਸਨ।

(ii) ਪੱਛਮੀ, ਜਿਨ੍ਹਾਂ ਦੇ ਕੋਲੇ ਸਿਰਫ 'ਮੱਕਾ' ਸੀ ਮੱਕੀ ਦੀ ਫਸਲ

**2. ਮੱਧ ਅਵਸਥਾ**

(ੳ) ਪੱਛਮੀ ਗੋਲਾਰਧ: ਅਰਥਾਤ ਅਮਰੀਕਾ ਵਿੱਚ ਉਹ ਅੰਨ ਵਾਲੀਆਂ ਫਸਲਾਂ ਉਗਾਉਂਦੇ ਸਨ, (ਖੇਤੀ ਅਤੇ ਸਿੰਚਾਈ) ਅਤੇ ਘਰ ਬਣਾਉਣ ਲਈ ਇੱਟਾਂ ਪਕਾਉਂਦੇ ਸਨ।

(ਅ) ਪੂਰਬੀ ਉਹ ਦੁੱਧ ਤੇ ਮਾਸ ਦੇ ਵਾਸਤੇ ਪਸ਼ੂਪਾਲਣ ਕਰਦੀਆਂ ਸਨ। ਇਸ ਅਵਸਥਾ ਵਿੱਚ ਕੋਈ ਖੇਤੀ ਨਹੀਂ।

**3. ਉੱਚਤਰ ਅਵਸਥਾ:**

(i) ਕੱਚੇ ਲੋਹੇ ਨੂੰ ਗਾਲਣਾ।

(ii) ਦਸਤਾਵੇਜ਼ ਲਿਖਣ ਦੇ ਵਾਸਤੇ ਅੱਖਰ ਲਿੱਪੀ ਦਾ ਵਿਕਾਸ ਅਤੇ ਇਸਦੀ ਵਰਤੋਂ। ਇਸ ਅਵਸਥਾ ਵਿੱਚ ਅਨੇਕ ਕਾਢਾਂ ਕੱਢੀਆਂ ਗਈਆਂ। ਯੂਨਾਨੀ ਨਾਇਕਾਂ ਦਾ ਇਹੋ ਹੀ ਯੁੱਗ ਹੈ।

(iii) ਵੱਡੇ ਪੈਮਾਨੇ ਉੱਪਰ ਮੱਕੀ ਦੀ ਖੇਤੀ ਕਰਨ ਲਈ ਪਸ਼ੂਆਂ ਵਾਲੇ ਲੋਹੇ ਦੇ ਹਲ ਖਿੱਚੇ ਜਾਂਦੇ ਹਨ।

(iv) ਜੰਗਲਾਂ ਦੀ ਕਟਾਈ ਅਤੇ ਲੋਹੇ ਦੀਆਂ ਕੁਹਾੜੀਆਂ ਤੇ ਲੋਹੇ ਦੀਆਂ ਕੁਦਾਲਾਂ ਦੀ ਵਰਤੋਂ ਹੋਣ ਲੱਗੀ।

(v) ਮਹਾਨ ਉਪਲੱਬਧੀਆਂ: (i) ਲੋਹੇ ਦੇ ਉੱਨਤ ਔਜ਼ਾਰ (ii) ਪਾਥੀਆਂ (iii) ਜਾਤਾਂ (iv) ਘੁਮਿਆਰ ਦਾ ਚੱਕ (v) ਤੇਲ ਅਤੇ ਸ਼ਰਾਬ ਕੱਢਣਾ (vi) ਧਾਤਾਂ ਦੀ ਢਲਾਈ (vii) ਗੱਡੀ ਤੇ ਰੱਥ (viii) ਜਹਾਜ਼ ਨਿਰਮਾਣ



Original with;
Dr. Gurdev Singh Sidhu
Digitized by;
Panjab Digital Library

9. Artistic Architecture, 10, Towns and forts built.
11. Homeric Epochs and Entire mythology.

With these attainments Greeks enter the third stage the 'Civilization'.

To sum up :-

1. Savagery — time of predominating appropriation of finished natural products; human ingenuity invents mainly tools useful in assisting this appropriation.

2. Barbarism :— time of acquiring knowledge of cattle raising, of agriculture and of new methods for increasing the productivity of nature by human agency.

3. Civilization :— Time of learning a wider utilization of natural products, of manufacturing and of art.

---

"We have, then, three main forms of the family corresponding in general to the three main stages of human development.

1. For savagery, group marriage
2. For barbarism the pairing family
3. For civilization, monogamy supplemented by adultery and prostitution. Between the pairing family and monogamy, in the higher stage of barbarism, the rule of men over female slaves and polygamy is inserted.

PP. 90



Original with;
Dr. Gurdev Singh Sidhu
Digitized by;
Panjab Digital Library

(ਪੰਨਾ 9 (6)

(ix) ਕਲਾਤਮਕਾ ਵਸਤੂਸ਼ਿਲਪਕਾਰੀ (x) ਸ਼ਹਿਰ ਤੇ ਕਿਲਿਆਂ ਦਾ ਨਿਰਮਾਣ (xi) ਹੋਮਰ ਯੁੱਗ ਅਤੇ ਸੰਪੂਰਣ ਮਿੱਥਕ ਸ਼ਾਸਤਰ

ਇਨ੍ਹਾਂ ਉਪਲੱਬਧੀਆਂ ਦੇ ਨਾਲ ਹੀ, ਯੂਨਾਨੀ ਤੀਜੀ ਅਵਸਥਾ –"ਸਭਿਅਤਾ" ਵਿਚ ਪ੍ਰਵੇਸ਼ ਕਰ ਜਾਂਦੇ ਹਨ।

**ਸੰਖੇਪ ਵਿੱਚ:**

1. ਅਸੱਭਿਅਤਾ :- ਮੁੱਖ ਤੌਰ ਤੇ ਤਿਆਰ ਸ਼ੁਦਾ ਪ੍ਰਾਕ੍ਰਿਤਕ ਉਤਪਾਦਾਂ ਦੇ ਬਟੋਰਨ (ਅਦਾਨ-ਪ੍ਰਦਾਨ) ਦਾ ਯੁੱਗ, ਮਾਨਵੀ ਬੁਧੀ ਕੁਸ਼ਲਤਾ ਮੁੱਖ ਤੌਰ ਤੇ ਇਸ ਅਦਾਨ-ਪ੍ਰਦਾਨ ਵਿੱਚ ਸਹਾਇਕ ਸਿੱਧ ਹੋਣ ਵਾਲੇ ਉਪਯੋਗੀ ਔਜ਼ਾਰਾਂ ਦੀ ਕਾਢ ਕੱਢਦੀ ਹੈ।

2. ਬਰਬਰਤਾ:- ਪਸ਼ੂਪਾਲਣ, ਖੇਤੀ ਤੇ ਮਨੁੱਖ ਰਾਹੀਂ ਪ੍ਰਾਕ੍ਰਿਤੀ ਦੀ ਉਤਪਾਦਕਤਾ ਵਧਾਉਣ ਦੇ ਨਵੇਂ-ਨਵੇਂ ਤਰੀਕਿਆਂ ਦੇ ਹਾਸਿਲ ਕਰਨ ਦਾ ਯੁੱਗ।

3. ਸੱਭਿਅਤਾ :- ਪ੍ਰਾਕ੍ਰਿਤਕ ਉਤਪਾਦਾਂ ਦਾ ਵਿਆਪਕ ਉਪਯੋਗ ਸਿੱਖਣ ਦਾ, ਮੈਨੂਫੈਕਚਰਿੰਗ (ਨਿਰਮਾਣ) ਦਾ ਅਤੇ ਕਲਾ ਦਾ ਯੁੱਗ।

-----------0--------------

ਇਸ ਤਰ੍ਹਾਂ ਸਾਨੂੰ ਮਨੁੱਖੀ ਵਿਕਾਸ ਦੀਆਂ ਤਿੰਨ ਮੁੱਖ ਅਵਸਥਾਵਾਂ ਨਾਲ ਆਮ ਤੌਰ ਤੇ ਮੇਲ ਖਾਂਦੇ ਹੋਏ ਟੱਬਰ ਦੇ ਤਿੰਨ ਮੁੱਖ ਰੂਪ ਮਿਲਦੇ ਹਨ।

1. ਅਸੱਭਿਅਤਾ ਦੇ ਯੁੱਗ ਵਿੱਚ :"ਯੂਥ ਵਿਆਹ"

2. ਬਰਬਰਤਾ ਦੇ ਯੁੱਗ ਵਿੱਚ : ਯੁਗਮ ਪਰਿਵਾਰ

3. ਸੱਭਿਅਤਾ ਦੇ ਯੁੱਗ ਵਿੱਚ : ਇਕਨਿਸ਼ਠ ਵਿਆਹ ਦੇ ਨਾਲ-ਨਾਲ ਵਿਭਚਾਰ ਅਤੇ ਵੇਸ਼ਵਾਵ੍ਰਿਤੀ। ਯੁਗਮ ਪਰਿਵਾਰ ਅਤੇ ਇਕਨਿਸ਼ਠ ਵਿਆਹ ਦੇ ਦਰਮਿਆਨ ਬਰਬਰਤਾ ਦੀ ਉੱਚਤਮ ਅਵਸਥਾ ਵਿੱਚ, ਦਾਸੀਆਂ ਦੇ ਉੱਪਰ ਪੁਰਸ਼ਾਂ ਦੇ ਸ਼ਾਸ਼ਕ ਅਤੇ ਬਹੁਪਤਨੀ ਵਿਆਹ ਦੇ ਪ੍ਰਵੇਸ਼। (ਪੰ 90)



Original with;
Dr. Gurdev Singh Sidhu
Digitized by;
Panjab Digital Library

Defeats of marriage

Especially a long engagement is in nine cases out of ten a perfect training school of adultery. PP. 91

Socialiste Revolution and marriage Institution!

We are now approaching a social revolution, in which the old economic foundations of monogamy will disappear just as surely as those of its complementary prostitution. Monogamy arose through the concentration of considerable wealth in one hand, a man's hand — and from the endeavour to bequeath this wealth to the children of this man to the exclusion of all others. This necessitated monogamy on the woman's, but not on the man's part. Hence this monogamy of women in no way hindered open or secret polygamy of women. [illegible]

Now the impending social revolution will reduce this whole care of inheritance to a minimum by changing at least the overwhelming part of permanent and inheritable wealth — the means of production — into social property. Since monogamy was caused by economic conditions, will it appear when these causes are abolished?

PP. 91



Original with;
Dr. Gurdev Singh Sidhu
Digitized by;
Panjab Digital Library

ਪੰਨਾ 10 (7)

**ਵਿਆਹ ਦੇ ਦੋਸ਼:**

ਖਾਸ ਤੌਰ ਤੇ ਇੱਕ ਦੀਰਘਕਾਲੀ ਲਗਾਵ, ਦਸ ਮਾਮਲਿਆਂ ਵਿਚੋਂ ਨੌਂ ਵਿੱਚ, ਵਿਭਚਾਰ ਦਾ ਇੱਕ ਪੱਕਾ ਟਰੇਨਿੰਗ (ਸਿਖਲਾਈ) ਸਕੂਲ ਹੁੰਦਾ ਹੈ। (ਪੰ: 91)

ਸਮਾਜਵਾਦੀ ਇਨਕਲਾਬ ਅਤੇ ਵਿਆਹ ਸੰਸਥਾ

ਹੁਣ ਅਸੀਂ ਇੱਕ ਅਜਿਹੇ ਸਮਾਜਿਕ ਇਨਕਲਾਬ (ਤਬਦੀਲੀ) ਵੱਲੀਂ ਵਧ ਰਹੇ ਹਾਂ ਜਿਸਦੇ ਪਰਿਣਾਮਸਰੂਪ ਇੱਕ ਨਿਸ਼ਠ ਵਿਆਹ ਦਾ ਵਰਤਮਾਨ ਆਰਥਿਕ ਆਧਾਰ ਉਨੇ ਹੀ ਨਿਸ਼ਚਤ ਰੂਪ ਵਿੱਚ ਮਿਟ ਜਾਏਗਾ, ਜਿੰਨੇ ਨਿਸ਼ਚਤ ਰੂਪ ਵਿੱਚ ਇਕਨਿਸ਼ਠ ਵਿਆਹ ਦੇ ਅਨੁਪੂਰਕ ਦਾ, ਵੇਸਵਾਵ੍ਰਿਤੀ ਦਾ ਆਰਥਕ ਆਧਾਰ ਮਿਟ ਜਾਏਗਾ। ਇਕਨਿਸ਼ਠ ਵਿਆਹ ਦਾ ਰਿਵਾਜ ਇੱਕ ਵਿਅਕਤੀ ਦੇ - ਉਹ ਵੀ ਇੱਕ ਮਰਦ ਦੇ -ਹੱਥਾਂ ਵਿੱਚ ਬਹੁਤ ਸਾਰਾ ਧਨ ਇਕੱਤਰ ਹੋਣ ਦੇ ਕਾਰਨ ਅਤੇ ਇਸ ਇੱਛਾ ਦੇ ਫਲਸਰੂਪ ਉਤਪੰਨ ਹੋਇਆ ਸੀ ਕਿ ਉਹ ਧਨ ਕਿਸੇ ਦੂਜੇ ਦੀ ਸੰਤਾਨ ਦੇ ਲਈ ਨਹੀਂ, ਸਿਰਫ ਆਪਣੀ ਸੰਤਾਨ ਦੇ ਵਾਸਤੇ ਛੱਡ ਜਾਵੇ। ਇਸ ਉਦੇਸ਼ ਦੇ ਵਾਸਤੇ ਔਰਤ ਦੀ ਇਕਨਿਸ਼ਠਾ ਅਵੱਸ਼ਕ ਸੀ, ਮਰਦ ਦੀ ਨਹੀਂ। ਇਸ ਲਈ ਨਾਰੀ ਦੀ ਇਕਨਿਸ਼ਠਾ ਨਾਲ ਮਰਦ ਦੇ ਖੁਲੇ ਜਾਂ ਛੁਪੇ ਹੋਏ ਬਹੁਪਤਨੀਤਵ ਵਿੱਚ ਕੋਈ ਰੋਕ ਨਹੀਂ ਪੈਂਦੀ ਸੀ।

ਪ੍ਰੂਆਉਣ ਵਾਲਾ ਸਮਾਜਕ ਇਨਕਲਾਬ ਸਥਾਈ ਜੱਦੀ ਧਨ-ਸੰਪਤੀ ਦੇ ਅਧਿਕਤਰ ਹਿੱਸੇ ਨੂੰ -ਯਾਨੀ ਉਤਪਾਦਨ ਦੇ ਸਾਧਨਾਂ ਨੂੰ ਸਮਾਜਿਕ ਸੰਪਤੀ ਬਣਾ ਦੇਏਗਾ ਅਤੇ ਅਜਿਹਾ ਕਰਕੇ ਸੰਪਤੀ ਦੀ ਵਿਰਾਸਤ ਸੰਬੰਧੀ ਇਸ ਸਾਰੀ ਚਿੰਤਾ ਨੂੰ ਘੱਟ ਤੋਂ ਘੱਟ ਬਣਾ ਦੇਵੇਗਾ। ਪਰੰਤੂਇਕਨਿਸ਼ਠ ਵਿਆਹ ਕਿਉਂਕਿ ਆਰਥਕ ਕਾਰਣਾਂ ਤੋਂ ਉਤਪੰਨ ਹੋਇਆ ਸੀ, ਕੀ ਇਨ੍ਹਾਂ ਕਾਰਣਾਂ ਦੇ ਮਿਟ ਜਾਣ ਨਾਲ ਉਹ ਵੀ ਮਿਟ ਜਾਏਗਾ।

(ਪੰ:91)

---------0---------



*Original with;*
Dr. Gurdev Singh Sidhu
*Digitized by;*
Panjab Digital Library

Ah, my Beloved, fill the Cup that clears
To-day of past Regrets and future Fears —
To-morrow? — Why To-morrow I may be
Myself with Yesterday's Sevn Thousand Years.

— : o : —

Here with a Loaf of Bread beneath the Bough,
A Flask of Wine, a Book of verse — and Thou
Beside me singing in the Wilderness —
And Wilderness is Paradise enow.

— : o : — "Umar Khayyam

---

State :— The State presupposes a public power of coersion seperated from the aggregate body of its members. (Engels) PP.116

Origin of State :— . . . . Degeneration of the old feuds between tribes . regular mode of existing by systematic plundering on land and sea for the purpose of acquiring cattle, slaves and treasures. In short wealth is praised and respected as the highest treasure, and the old gentile institutions are abused in order to justify the forcible robbery of ~~both~~ wealth. Only one thing was missing: an institution that not only secured the newly acquired property of private individuals against the communistic traditions of the gens, that not only declared as sacred the formerly so despised private property and represented the protection of this sacred property as the highest purpose of human society, but that also stamped the gradually developing new forms of acquiring property, of constantly increasing wealth with the universal sanction of the society: An institution . . .



Original with;
Dr. Gurdev Singh Sidhu
Digitized by;
Panjab Digital Library

ਪੰਨਾ 11 (8)

"ਭਰ ਦੇਵੋ ਪਿਆਲਾ ਹੇ ਪਿਆਰੇ ਮੇਰੇ, ਜੋ ਦੂਰ ਕਰੇ,
ਅੱਜ ਬੀਤਦੇ ਦੁੱਖ ਅਤੇ ਅੱਗੇ ਦੇ ਭੈਅ ਨੂੰ -
ਕੱਲ੍ਹ ? -ਕਿਉਂ, ਕੱਲ੍ਹ ਹੋ ਸਕਦੈ ਮੈਂ ਹੋ ਜਾਵਾਂ
ਸੱਤ ਹਜ਼ਾਰ ਵਰ੍ਹਿਆਂ ਦੇ ਕੱਲ੍ਹ ਦਾ ਅਤੀਤ।

ਏਥੇ ਘਣੀਆਂ ਝਾੜੀਆਂ ਦੇ ਹੇਠਾਂ, ਕੋਲੇ ਰੋਟੀ,
ਮਦਿਰ ਦੀ ਸੁਰਾਹੀ, ਸ਼ਾਇਰੀ ਦੀ ਕਿਤਾਬ - ਅਤੇ ਤੂੰ
ਗਾ ਰਹੀ ਬਗਲ ਵਿੱਚ ਮੇਰੇ ਇਸ ਨਿਰਜਨ ਉਜਾੜ ਵਿੱਚ!
ਹੁਣ ਤਾਂ ਸਵਰਗ ਬਣਿਆ ਇਹ ਨਿਰਜਨ ਉਜਾੜ ਹੀ।

"ਓਮਰ ਖੱਯਾਮ"

ਰਾਜ: ਰਾਜ ਦੀ ਪੂਰਵਮਾਨਤਾ ਹੈ ਬਲ ਪ੍ਰਯੋਗ ਦੀ ਇੱਕ ਸਰਵਜਨਕ ਸੱਤਾ, ਜੋ ਆਪਣੇ ਮੈਂਬਰਾਂ ਦੇ ਸੰਪੂਰਣ ਸੰਗਠਨ ਤੋਂ ਅਲੱਗ-ਥਲੱਗ ਹੋ ਚੁੱਕੀ ਹੈ।

(ਏਂਗਲਜ਼) (ਪੰ: 116)

---------0--------

ਰਾਜ ਦੀ ਉਤਪਤੀ :

...ਪੁਰਾਣੇ ਜ਼ਮਾਨੇ ਵਿੱਚ ਕਬੀਲਿਆਂ ਦਰਮਿਆਨ ਹੋਣ ਵਾਲੇ ਯੁੱਧਾਂ ਰਾਹੀਂ ਭ੍ਰਿਸ਼ਟ ਹੁੰਦੇ ਹੋਏ ਨਵਾਂ ਰੂਪ ਧਾਰਣ ਰੋਟੀ ਰੋਜ਼ੀ ਦੇ ਸਾਧਨਾਂ ਦੇ ਰੂਪ ਵਿੱਚ ਪਸ਼ੂ, ਦਾਸ ਅਤੇ ਧਨ ਦੌਲਤ ਲੁੱਟਣ ਦੇ ਲਈ ਜ਼ਮੀਨ ਅਤੇ ਪਾਣੀ ਦੇ ਰਸਤਿਆਂ ਤੋਂ ਬਕਾਇਦਾ ਹਮਲੇ, ਸੰਖੇਪ ਵਿੱਚ, ਧਨ ਦੌਲਤ ਨੂੰ ਦੁਨੀਆਂ ਵਿੱਚ ਸਭ ਤੋਂ ਵੱਡੀ ਚੀਜ਼ ਸਮਝਿਆ ਜਾਣ ਲੱਗਿਆ, ਉਸਨੂੰ ਸਤਿਕਾਰ ਅਤੇ ਪ੍ਰਸ਼ੰਸਾ ਦੀ ਨਜ਼ਰ ਨਾਲ ਵੇਖਿਆ ਜਾਣ ਲੱਗਿਆ ਅਤੇ ਪੁਰਾਣੇ ਗੋਤਰ ਸਮਾਜ ਦੀਆਂ ਸੰਸਥਾਵਾਂ ਅਤੇ ਪ੍ਰਥਾਵਾਂ ਨੂੰ ਭ੍ਰਿਸ਼ਟ ਕੀਤਾ ਜਾਣ ਲੱਗਿਆ ਤਾਂ ਕਿ ਧਨ ਦੌਲਤ ਨੂੰ ਜ਼ਬਰਦਸਤੀ ਲੁੱਟਣਾ ਜਾਇਜ਼ ਠਹਿਰਾਇਆ ਜਾ ਸਕੇ। ਹੁਣ ਸਿਰਫ ਇੱਕ ਚੀਜ਼ ਦਰਕਾਰ ਸੀ, ਅਜਿਹੀ ਸੰਸਥਾ ਦੀ, ਜੋ ਨਾ ਕੇਵਲ ਅਲੱਗ ਅਲੱਗ ਵਿਅਕਤੀਆਂ ਨੂੰ ਨਵੀਂ ਹਾਸਿਲ ਕੀਤੀ ਹੋਈ ਸੰਪਤੀ ਨੂੰ ਗੋਤਰ - ਵਿਵਸਥਾ ਦੀਆਂ ਪੁਰਾਣੀਆਂ ਸਮੁਦਾਇਕ ਪਰੰਪਰਾਵਾਂ ਤੋਂ ਬਚਾ ਸਕੇ ਜੋ ਨਿੱਜੀ ਮਲਕੀਅਤ ਨੂੰ ਜਿਸਦੀ ਪਹਿਲਾਂ ਵੱਧ ਪ੍ਰਤਿਸ਼ਠਾ ਨਹੀਂ ਸੀ, ਨਾ ਸਿਰਫ ਪਵਿੱਤਰ ਕਰਾਰ ਦੇਵੇ ਅਤੇ ਇਸ ਪਵਿਤਰਤਾ ਨੂੰ ਮਾਨਵ ਸਮਾਜ ਦਾ ਅੰਤਿਮ ਉਦੇਸ਼ ਵੀ ਐਲਾਨ ਕਰ ਦੇਵੇ, ਬਲਕਿ ਜੋ ਸੰਪਤੀ ਪ੍ਰਾਪਤ ਕਰਨ,



Original with;
Dr. Gurdev Singh Sidhu
Digitized by;
Panjab Digital Library

Origin of the State :- | that lent the character of perpetuity not only to the newly rising division into classes but also to the right of the possessing classes to exploit and rule the non-possessing classes. And this institution was found. The State arose. pp 129—130.

Definition of Self Government }

"Good government can never be a substitute for self-government."
"Henry Campbell Bannerman"

"We are convinced that there is only one form of Government, whatever it may be called, namely where the ultimate control is in the hands of the people" "Earl of Balfour"

Religion }

" My own view of religion is that of Lucretius. I regard it as a disease born of fear, and as source of untold misery to the human race. I can not however deny that it has made some contributions to civilization. It helped in early days to fix the calendar and it caused the Egyptian priest to chronicle eclipses with such care that in time they became able to predict them. These two services I am prepared to acknowledge, but I do not know any other." Bertrand Russ ..



Original with;
Dr. Gurdev Singh Sidhu
Panjab Digital Library

ਅਤੇ ਇਸ ਲਈ ਧਨ ਦੌਲਤ ਨੂੰ ਨਿਰੰਤਰ ਵਧਾਉਂਦੇ ਰਹਿਣ ਦੇ ਨਵੀਨ ਅਤੇ ਵਿਕਸਤ ਹੁੰਦੇ ਹੋਏ ਢੰਗਾਂ ਉੱਪਰ ਸਰਵਜਨਿਕ ਮਾਨਤਾ ਦੀ ਮੋਹਰ ਵੀ ਲੱਗਾ ਦੇਵੇ, ਅਜਿਹੀ ਸੰਸਥਾ ਦੀ ਜੋ ਨਾ ਸਿਰਫ ਸਮਾਜ ਦੇ ਨਵਜਾਤ ਵਰਗ ਵਿਭਾਜਨ ਨੂੰ, ਬਲਕਿ ਧਨਵਾਨ ਵਰਗ ਰਾਹੀਂ ਨਿਰਧਨ ਵਰਗ ਦੇ ਸ਼ੋਸ਼ਣ ਕੀਤੇ ਜਾਣ ਦੇ ਅਧਿਕਾਰ ਨੂੰ ਅਤੇ ਨਿਰਧਨ ਵਰਗ ਉੱਪਰ ਧਨਵਾਨ ਵਰਗ ਦੇ ਸ਼ਾਸ਼ਨ ਨੂੰ ਵੀ ਸਥਾਈ ਬਣਾ ਦੇਵੇ।

ਅਤੇ ਇਹ ਸੰਸਥਾ ਵੀ ਆ ਪਹੁੰਚੀ। ਰਾਜ ਦਾ ਆਵਿਸ਼ਕਾਰ ਹੋਇਆ।

(ਪੰ: 129-130)

-------0------

ਇੱਕ ਅੱਛੀ ਸਰਕਾਰ ਦੀ ਪਰਿਭਾਸ਼ਾ : "ਅੱਛੀ ਸਰਕਾਰ ਸਵੈ ਸ਼ਾਸ਼ਨ ਦਾ ਵਿਕਲਪ ਕਦੇ ਨਹੀਂ ਹੋ ਸਕਦੀ"

"ਹੈਨਰੀ ਕੈਂਪਬੇਲ ਬੈਨਰਮੈਨ"

------------0------------

"ਸਾਨੂੰ ਯਕੀਨ ਹੈ ਕਿ ਸਰਕਾਰ ਦਾ ਸਿਰਫ ਇੱਕ ਹੀ ਰੂਪ ਹੈ, ਚਾਹੇ ਇਸ ਨੂੰ ਜਿਸ ਨਾਮ ਨਾਲ ਵੀ ਪੁਕਾਰਿਆ ਜਾਵੇ, ਜਿਸ ਵਿੱਚ ਅੰਤਿਮ ਨਿਯੰਤਰਣ ਜਨਤਾ ਦੇ ਹੱਥਾਂ ਵਿੱਚ ਹੁੰਦਾ ਹੈ।

"ਅਰਲ ਆਫ ਬਾਰਫੋਲ"

-------------0-----------

ਧਰਮ : ਧਰਮ ਦੇ ਪ੍ਰਤੀ ਮੇਰਾ ਆਪਣਾ ਦ੍ਰਿਸ਼ਟੀਕੋਣ ਉਹ ਹੀ ਹੈ ਜੋ ਲਿਉਕਰੇਤੀਅਸ ਦਾ ਹੈ। ਮੈਂ ਇਸ ਨੂੰ ਭੈਅ ਤੋਂ ਪੈਦਾ ਹੋਈ ਇੱਕ ਬਿਮਾਰੀ ਦੇ ਰੂਪ ਵਿੱਚ ਅਤੇ ਮਾਨਵ ਜਾਤੀ ਦੇ ਵਾਸਤੇ ਇੱਕ ਅਤਿਕਥਨਯੋਗ ਦੁੱਖ ਦੇ ਰੂਪ ਵਿੱਚ ਮੰਨਦਾ ਹਾਂ। ਲੇਕਿਨ, ਮੈਂ ਇਸ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਸ ਨੇ ਸੱਭਿਅਤਾ ਵਿੱਚ ਕੁੱਝ ਯੋਗਦਾਨ ਵੀ ਕੀਤਾ ਹੈ। ਇਸ ਨੇ ਆਰੰਭਿਕ ਕਾਲ ਵਿੱਚ ਪੰਚਾਂਗ-ਨਿਰਧਾਰਣ ਵਿੱਚ ਮਦਦ ਕੀਤੀ, ਅਤੇ ਇਸ ਦੇ ਚਲਦਿਆਂ ਮਿਸਰ ਦੇ ਪਰੋਹਿਤਾਂ ਨੇ ਗ੍ਰਹਿਣਾਂ ਦਾ ਲੇਖਾ ਜੋਖਾ ਐਨੀ ਸਾਵਧਾਨੀ ਦੇ ਨਾਲ ਰੱਖਿਆ ਕਿ ਬਾਦ ਵਿੱਚ ਉਹ ਇਨ੍ਹਾਂ ਸਬੰਧੀ ਭਵਿੱਖਬਾਣੀ ਕਰ ਸਕਣ ਵਿੱਚ ਸਮਰੱਥ ਬਣ ਗਏ। ਇਨ੍ਹਾਂ ਦੋ ਸੇਵਾਵਾਂ ਨੂੰ ਤਾਂ ਮੈਂ ਮੰਨਣ ਦੇ ਲਈ ਤਿਆਰ ਹਾਂ, ਪਰੰਤੂ ਹੋਰ ਕਿਸੇ ਦੇ ਬਾਰੇ ਮੈਂ ਨਹੀਂ ਜਾਣਦਾ।

-ਬਰਟਰੇਂਡ ਰੱਸਲ



Original with;
Dr. Gurdev Singh Sidhu
Digitized by;
Panjab Digital Library

Benevolent Despotism.

Montague Chelmsford called the British Government a 'benevolent despotism' and according to Ramsay Macdonald, the imperialist leader of the British Labour Party, in all attempts to govern a country by a 'benevolent despotism', the governed are crushed down. 'They become subjects who obey, not citizens who act. Their literature, their art, their spiritual expression go.

Govt. of India.

Rt. Hon'ble Edwin S. Montagu, Secretary of State for India, said in the House of Commons in 1917:—

"The Government of India is too wooden, too iron, too inelastic, too antediluvian, to be of any use for modern purposes. The Indian Govt. is indefensible."

British Rule in India.

Dr. Rutherford's words:—

"British Rule in India as it is carried on in India is the worst and most immoral system of government in the world — the exploitation of one nation by another."

Liberty & English people.

"The English people love liberty for themselves. They hate all acts of injustice, except those which they themselves commit. They are such liberty-loving people that they interfere in the Congo and cry 'Shame' to the Belgians. But they forget their heels are on the neck of India."

An Irish Author



Original with;
Dr. Gurdev Singh Sidhu
Digitized by;
Panjab Digital Library

ਪੰਨਾ 13(10)

ਪਰਉਪਕਾਰੀ ਨਿਰੰਕੁਸ਼ਲਤਾ : ਮਾਂਟੇਗੂ ਚੇਮਸਫੋਰਡ ਨੇ ਬਰਤਾਨਵੀ ਸਰਕਾਰ ਨੂੰ ਇੱਕ "ਪਰਉਪਕਾਰੀ ਨਿਰੰਕੁਸ਼ਤਾ" ਆਖਿਆ ਹੈ ਅਤੇ ਬਰਤਾਨਵੀ ਲੇਬਰ ਪਾਰਟੀ ਦੇ ਸਾਮਰਾਜਵਾਦੀ ਨੇਤਾ ਰੈਮਜੇ ਮੈਨਡੋਨਾਲਡ ਦੇ ਅਨੁਸਾਰ "ਇੱਕ 'ਪਰਉਪਕਾਰੀ ਨਿਰੰਕੁਸ਼ਤਾ' ਦੁਆਰਾ ਕਿਸੇ ਦੇਸ਼ ਉੱਪਰ ਸ਼ਾਸ਼ਨ ਕਰਨ ਦੇ ਸਾਰੇ ਯਤਨਾਂ ਵਿੱਚ ਜਨਤਾ ਨੂੰ ਕੁਚਲ ਦਿੱਤਾ ਜਾਂਦਾ ਹੈ। ਉਹ ਵਿਵਹਾਰਸ਼ੀਲ ਨਾਗਰਿਕ ਨਹੀਂ, ਆਗਿਆਕਾਰੀ ਪਰਜਾ ਬਣ ਜਾਂਦੇ ਹਨ। ਉਹਨਾਂ ਦਾ ਸਾਹਿਤ, ਉਹਨਾਂ ਦੀ ਕਲਾ, ਉਹਨਾਂ ਦੀ ਆਤਮਕ ਅਭਿਵਿਕਤੀ ਮਰ ਜਾਂਦੀ ਹੈ।"

---------0-----------

ਭਾਰਤ ਸਰਕਾਰ: ਭਾਰਤ ਦੇ ਪ੍ਰਭਾਰੀ ਵਿਦੇਸ਼ ਮੰਤਰੀ ਆਨਰੇਬਲ ਐਸ.ਮਾਂਟੇਗੂਨੇ ਹਾਊਸ ਆਫ ਕਾਮਨਜ਼ ਵਿੱਚ 1917 ਵਿੱਚ ਆਖਿਆ, "ਭਾਰਤ ਸਰਕਾਰ, ਆਧੁਨਿਕ ਉਦੇਸ਼ਾਂ ਦੇ ਲਈ ਕਿਸੇ ਵੀ ਕੰਮ ਲਾਇਕ ਹੋਣ ਦੇ ਨਜ਼ਰੀਏ ਤੋਂ ਬੇਹੱਦ ਜੜ੍ਹ ਬੇਹੱਦ ਨਿਰਮਮ, ਬੇਹੱਦ ਆਦਿਮ ਅਤੇ ਬੇਹੱਦ ਦਕਿਆਨੂਸੀ ਹੈ। ਭਾਰਤ ਸਰਕਾਰ ਅਸਮੱਥ ਹੈ।"

ਭਾਰਤ ਵਿੱਚ ਬ੍ਰਿਟਿਸ਼ ਸ਼ਾਸ਼ਨ: ਡਾ. ਰਥਫੋਰਡ ਦੇ ਸ਼ਬਦ :"ਭਾਰਤ ਵਿੱਚ ਬਰਤਾਨਵੀ ਸ਼ਾਸ਼ਨ ਜਿਵੇਂ ਚਲਾਇਆ ਜਾ ਰਿਹਾ ਹੈ ਉਹ ਦੁਨੀਆਂ ਵਿੱਚ ਸਰਕਾਰ ਦੀ ਸਭ ਤੋਂ ਗੰਵਾਰੂਅਤੇ ਸਭ ਤੋਂ ਅਨੈਤਿਕ ਪ੍ਰਣਾਲੀ ਹੈ- ਇੱਕ ਰਾਸ਼ਟਰ ਵਲੋਂ ਦੂਜੇ ਰਾਸ਼ਟਰ ਦਾ ਸ਼ੋਸ਼ਣ ਹੈ।"

-----------0-----------

ਆਜ਼ਾਦੀ ਅਤੇ ਅੰਗਰੇਜ਼ ਲੋਕ : "ਅੰਗਰੇਜ਼ ਲੋਕ ਆਜ਼ਾਦੀ ਨੂੰ ਖੁਦ ਆਪਣੀ ਖਾਤਿਰ ਹੀ ਪਿਆਰ ਕਰਦੇ ਹਨ। ਉਹ ਅਨਿਆਂ ਦੀਆਂ ਸਾਰੀਆਂ ਕਾਰਵਾਈਆਂ ਨੂੰ ਘ੍ਰਿਣਾ ਕਰਦੇ ਹਨ ਸਿਵਾਏ ਉਹਨਾਂ ਦੇ ਜੋ ਉਹ ਖੁਦ ਕਰਦੇ ਹਨ। ਉਹ ਅਜਿਹੇ ਆਜ਼ਾਦੀ ਪ੍ਰੇਮੀ ਲੋਕ ਹਨ ਕਿ ਕਾਂਗੋ ਵਿੱਚ ਦਖਲ ਅੰਦਾਜ਼ੀ ਕਰਦੇ ਹਨ ਅਤੇ ਬੈਲਜ਼ੀਅਨਾਂ ਵਿੱਚ 'ਸ਼ਰਮ ਸ਼ਰਮ' ਚੀਖਦੇ ਹਨ। ਲੇਕਿਨ ਉਹ ਭੁੱਲ ਜਾਂਦੇ ਹਨ ਕਿ ਉਹਨਾਂ ਦੀਆਂ ਅੱਡੀਆਂ ਭਰਤ ਦੀ ਸੰਘੀ ਉਪਰ ਹਨ।"

-ਇੱਕ ਆਇਰਸ਼ ਲੇਖਕ



Original with;
Dr. Gurdev Singh Sidhu
Digitized by;
Panjab Digital Library

Mob Retaliation

. . . Let us therefore examine how men came by the idea of punishing in this manner.

They learn it from the Governments they live under, and retaliate the punishment they have been accustomed to behold. The heads stuck upon spikes, which remained for years upon Temple Bar, differed nothing in the horror of the scene from those carried about upon spikes at Paris; yet this was done by the English Govt. It may perhaps be said that it signifies nothing to a man what is done to him after he is dead; but it signifies much to the living; it either tortures their feelings or hardens their hearts, and in either case it instructs them how to punish when power falls into their hands. . . .

Lay then the axe to the root, and teach Governments humanity. It is their sanguinary punishments which corrupt mankind. . . . The effect of those cruel spectacles exhibited to the populace is to destroy tenderness or excite revenge; and by the base and false idea of governing men by terror instead of reason, they become precedents.

[Rights of Man. PP. 32, T. Paine]



Original with;
Dr. Gurdev Singh Sidhu
Digitized by;
Panjab Digital Library

ਪੰਨਾ 14 (11)

ਭੀੜ ਦਾ ਬਦਲਾ

..."ਹੁਣ ਆਓ ਅਸੀਂ ਵੇਖੀਏ ਕਿ ਕਿਵੇਂ ਲੋਕ ਇਸ ਢੰਗ ਨਾਲ ਸਜ਼ਾ ਦੇਣ ਦੇ ਵਿਚਾਰ ਦੇ ਕਾਇਲ ਹੋਏ।

"ਉਹ ਇਸ ਨੂੰ ਉਹਨਾਂ ਸਰਕਾਰਾਂ ਤੋਂ ਸਿੱਖਦੇ ਹਨ ਜਿਹਨਾਂ ਦੇ ਅੰਤਰਗਤ ਉਹ ਜਿਉ ਰਹੇ ਹੁੰਦੇ ਹਨ ਅਤੇ ਬਦਲੇ ਵਿੱਚ ਉਹੀ ਸਜ਼ਾ ਦਿੰਦੇ ਹਨ ਜਿਸਨੂੰ ਭੋਗਣ ਦੇ ਉਹ ਆਦੀ ਹੋ ਚੁੱਕੇ ਹੁੰਦੇ ਹਨ। ਸੂਲੀ ਉਪਰ ਟੰਗੇ ਸਿਰ, ਜੋ ਵਰ੍ਹਿਆਂ ਤੱਕ ਟੈਂਪਲ ਬਾਰ ਦੇ ਉਪਰ ਲੱਗੇ ਰਹੇ, ਪੈਰਿਸ ਵਿੱਚ ਸੂਲੀ ਉੱਤੇ ਟੰਗੇ ਜਾਣ ਵਾਲੇ ਸਿਰਾਂ ਦੇ ਦ੍ਰਿਸ਼ ਦੀ ਆਤੰਕਤਾ ਤੋਂ ਭੋਰਾ ਵੀ ਭਿੰਨ ਨਹੀਂ ਸੀ, ਫਿਰ ਵੀ ਅੰਗਰੇਜ਼ ਸਰਕਾਰ ਨੇ ਇਹੋ ਹੀ ਕੀਤਾ। ਸ਼ਾਇਦ ਕਿਹਾ ਜਾ ਸਕਦਾ ਹੈ ਕਿ ਇਸ ਨਾਲ ਆਦਮੀ ਨੂੰ ਕੋਈ ਖਾਸ ਫਰਕ ਨਹੀਂ ਪੈਂਦਾ ਕਿ ਮਰਨ ਤੋਂ ਬਾਦ ਉਸਦੇ ਨਾਲ ਕੀ ਕੀਤਾ ਜਾਂਦਾ ਹੈ, ਲੇਕਿਨ ਜਿਊਂਦਿਆਂ ਨੂੰ ਇਸ ਨਾਲ ਕਾਫੀ ਫਰਕ ਪੈਂਦਾ ਹੈ, ਇਸ ਨਾਲ ਜਾਂ ਤਾਂ ਉਹਨਾਂ ਦੀਆਂ ਭਾਵਨਾਵਾਂ ਮੁਰਦਾ ਹੋ ਜਾਂਦੀਆਂ ਹਨ ਜਾਂ ਉਹਨਾਂ ਦੇ ਦਿਲ ਪੱਥਰ ਬਣ ਜਾਂਦੇ ਹਨ ਅਤੇ ਦੋਵੇਂ ਹੀ ਸੂਰਤਾਂ ਵਿੱਚ, ਇਹ ਉਹਨਾਂ ਨੂੰ ਸਬਕ ਸਿਖਾਉਂਦਾ ਹੈ ਕਿ ਜਦੋਂ ਸੱਤਾ ਉਹਨਾਂ ਦੇ ਹੱਥ ਵਿੱਚ ਆਵੇ ਤਾਂ ਉਹ ਕਿਵੇਂ ਸਜ਼ਾ ਦੇਣ।

"ਤਾਂ ਕੁਹਾੜੀ ਨਾਲ ਜੜ ਉੱਤੇ ਹੀ ਹਮਲਾ ਕਰੋ ਅਤੇ ਸਰਕਾਰਾਂ ਨੂੰ ਮਾਨਵਤਾ ਸਿਖਾ ਦੇਵੋ। ਇਹ ਉਹਨਾਂ ਦੀਆਂ ਖੂੰਖਾਰ ਸਜ਼ਾਵਾਂ ਹੀ ਹਨ ਜੋ ਮਾਨਵ ਜਾਤੀ ਨੂੰ ਭ੍ਰਿਸ਼ਟ ਕਰਦੀਆਂ ਹਨ-----। ਜਨ ਸਾਧਾਰਣ ਦੇ ਸਾਹਮਣੇ ਪ੍ਰਦਰਸ਼ਿਤ ਇਨ੍ਹਾਂ ਕਰੂਰ ਦ੍ਰਿਸ਼ਾਂ ਦਾ ਪ੍ਰਭਾਵ ਸੰਵੇਦਨਸ਼ੀਲਤਾ ਨੂੰ ਖਤਮ ਕਰਨ ਜਾਂ ਬਦਲੇ ਦੀ ਭਾਵਨਾ ਨੂੰ ਭੜਕਾਉਣ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਅਤੇ ਵਿਵੇਕ (ਤਰਕ) ਦੀ ਬਜਾਏ ਆਤੰਕ ਦੇ ਰਾਹੀਂ ਲੋਕਾਂ ਉਪਰ ਸ਼ਾਸ਼ਨ ਕਰਨ ਦੀ ਇਸ ਘ੍ਰਿਣਤ ਅਤੇ ਝੂਠੀ ਧਾਰਨਾ ਦੇ ਜ਼ਰੀਏ ਬੇ-ਮਿਸਾਲ ਬਣਦੇ ਹਨ।"

(ਰਾਈਟਸ ਆਫ ਮੈਨ, (ਪੰ. 32) ਟੀ.ਪੇਨ)



Original with;
Dr. Gurdev Singh Sidhu
Digitized by;
Panjab Digital Library

Monarch and Monarchy :—

15

..It was not against Louis XVI, but against despotic principles of Government, that the Nation revolted. The principles had not their origin in him, but in the original establishment, many centuries back, and they were become too deeply rooted to be removed, and the Augean stable of parasites and plunderers too abominably filthy to be cleansed, by anything short of a complete revolution. When it becomes necessary to do a thing, the whole heart and soul should go into the measure, or not attempt it.... The Monarch and the Monarchy were distinct and seperate things; and it was against the person or principles of the former, that the revolt commenced and the Revolution has been carried. PP.19.

Natural & Civil rights

Man did not enter enter into society to become worse than he was before, but to have the rights better secured. His natural rights are the foundation of all his civil rights.

Natural rights are those which appertain to man in right of his existance. (intellectual - mental etc.

Civil rights are those that appertain to man in right of his being a member of society.

PP. 44



Original with;
Dr. Gurdev Singh Sidhu
Panjab Digital Library

(ਪੰਨਾ 15 (12)

ਰਾਜਾ ਅਤੇ ਰਾਜਤੰਤਰ : ਰਾਸ਼ਟਰ ਨੇ ਲੂਈ ਚੌਦਹਵੇਂ ਦੇ ਵਿਰੁੱਧ ਨਹੀਂ ਬਲਕਿ ਸਰਕਾਰ ਦੇ ਤਾਨਾਸ਼ਾਹੀ ਸਿਧਾਤਾਂ ਦੇ ਵਿਰੁੱਧ ਵਿਦਰੋਹ ਕੀਤਾ। ਇਹ ਸਿਧਾਂਤ ਮੁੱਖ ਤੌਰ ਤੇ, ਉਸ ਤੋਂ ਨਹੀਂ ਬਲਕਿ ਕਈ ਸਦੀਆਂ ਪਹਿਲਾਂ ਸਥਾਪਤ ਆਰੰਭਕ ਵਿਵਸਥਾ ਸਮੇਂ ਪੈਦਾ ਹੋਏ ਸਨ ਅਤੇ ਐਨੀ ਡੂੰਘਾਈ ਤੱਕ ਜੜ੍ਹਾਂ ਜਮਾ ਚੁੱਕੇ ਸਨ ਕਿ ਖਤਮ ਨਹੀਂ ਕੀਤੇ ਜਾ ਸਕੇ ਸਨ, ਅਤੇ ਪਰਜੀਵੀਆਂ ਤੇ ਲੁਟੇਰਿਆਂ ਦਾ ਗੰਦਗੀ ਨਾਲ ਭਰਿਆ ਹੋਇਆ ਅਸਤਬਲ ਵੀ ਐਨੇ ਘ੍ਰਿਣਾਤਮਕ ਤੌਰ ਤੇ ਗੰਦਾ ਸੀ ਕਿ ਇੱਕ ਸੰਪੂਰਣ ਇਨਕਲਾਬ ਹੀ ਉਸਨੂੰ ਸਾਫ ਕਰ ਸਕਦਾ ਸੀ। ਜਦੋਂ ਕੋਈ ਕੰਮ ਕਰਨਾ ਜ਼ਰੂਰੀ ਹੋ ਜਾਂਦਾ ਹੈ, ਤਾਂ ਉਸ ਨੂੰ ਇੱਕ-ਚਿੱਤ ਹੋ ਕੇ ਕਰਨਾ ਚਾਹੀਦਾ ਹੈ, ਜਾਂ ਉਸ ਨੂੰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ....। ਰਾਜਾ ਅਤੇ ਰਾਜਤੰਤਰ ਦੋ ਅਲੱਗ ਅਲੱਗ ਭਿੰਨ ਚੀਜ਼ਾਂ ਸਨ, ਅਤੇ ਪੂਰਨ ਉੱਨਤ (ਯਾਨੀ ਰਾਜਾ -ਸੰ) ਜਾਂ ਉਸਦੇ ਸਿਧਾਤਾਂ ਦੇ ਹੀ ਵਿਰੋਧ ਵਿੱਚ ਇਹ ਵਿਦਰੋਹ ਹੋਇਆ ਅਤੇ ਇਨਕਲਾਬ ਕੀਤਾ ਗਿਆ।

-(ਪੰ.19)

----------0---------

ਪ੍ਰਾਕਿਰਤਕ ਅਤੇ ਨਾਗਰਿਕ ਅਧਿਕਾਰ :

ਮਨੁੱਖ ਨੇ ਸਮਾਜ ਵਿੱਚ ਪ੍ਰਵੇਸ਼ ਇਸ ਲਈ ਨਹੀਂ ਕੀਤਾ ਕਿ ਉਹ ਪਹਿਲਾਂ ਤੋਂ ਵੀ ਬੁਰਾ ਬਣ ਜਾਵੇ, ਬਲਕਿ ਇਸ ਲਈ ਕਿ ਉਸਦੇ ਅਧਿਕਾਰ ਪਹਿਲਾਂ ਨਾਲੋਂ ਬੇਹਤਰ ਢੰਗ ਨਾਲ ਸੁਰੱਖਿਅਤ ਹੋਣ। ਉਸਦੇ ਪ੍ਰਾਕ੍ਰਿਤਕ ਅਧਿਕਾਰ ਹੀ ਉਸਦੇ ਸਾਰੇ ਅਧਿਕਾਰਾਂ ਦਾ ਮੂਲ ਆਧਾਰ ਹੁੰਦੇ ਹਨ।

ਪ੍ਰਾਕ੍ਰਿਤਕ ਅਧਿਕਾਰ ਉਹ ਹਨ ਜੋ ਮਨੁੱਖ ਦੇ ਜਿਊਣ ਦੇ ਅਧਿਕਾਰ ਨਾਲ ਸਬੰਧਿਤ ਹਨ (ਬੌਧਿਕ -ਮਾਨਸਿਕ ਆਦਿ)

ਨਾਗਰਿਕ ਅਧਿਕਾਰ ਉਹ ਹਨ ਜੋ ਮਨੁੱਖ ਦੇ ਸਮਾਜ ਦਾ ਇੱਕ ਮੈਂਬਰ ਹੋਣ ਨਾਲ ਸਬੰਧਿਤ ਹਨ।

- (ਪੰਨਾ - 44)



Original with;
Dr. Gurdev Singh Sidhu
Digitized by;
Panjab Digital Library

16

King's Salary:-

It is inhuman to talk of a million sterling a year paid out of the public taxes of any country, for the support of an individual, whilst thousands who are forced to contribute thereto, are pining with want and struggling with misery. Govt. does not consist in a contrast between prisons and palaces, between poverty and pomp; it is not instituted to rob the needy of his mite and increase the wretchedness of the wretches.. P. 204

---

"Give me liberty or death"

"It is in vain, Sir, to extenuate the matter. Gentlemen may cry, peace, peace — but there is no peace. The war is actually begun. The next gale that sweeps from the North to our ears the clash of resounding arms. Our brethren are already in the field. Why stand we here idle? What is it that gentlemen wish? What would they have? Is life so dear or peace so sweet as to be purchased at the price of chains and slavery. Forbid it, almighty God! I know not what course others may take, as for me, give me liberty or death."

Patrick Henry.

---

Right of Labour — "Whoever produces anything by weary labour, does not need a revelation from heaven to teach him that he has a right to the thing produced."

Robert G. Ingersoll



Original with;
Dr. Gurdev Singh Sidhu
Digitized by;
Panjab Digital Library

ਪੰਨਾ 16 (13)

ਰਾਜੇ ਦੀ ਤਨਖਾਹ : ਇੱਕ ਵਿਅਕਤੀ ਦੇ ਪੇਟ ਭਰਨ ਦੇ ਵਾਸਤੇ ਕਿਸੇ ਦੇਸ਼ ਦੇ ਸਰਵਜਨਕ ਟੈਕਸਾਂ ਵਿਚੋਂ, ਦਸ ਲੱਖ ਸਟਰਲਿੰਗ ਦੇਣ, ਦੀ ਗੱਲ ਕਰਨਾ ਅਣਮਨੁੱਖੀ ਹੈ, ਜਦੋਂ ਕਿ ਹਜ਼ਾਰਾਂ ਲੋਕ ਜੋ ਇਸ ਵਿੱਚ ਯੋਗਦਾਨ ਕਰਨ ਲਈ ਮਜ਼ਬੂਰ ਕੀਤੇ ਜਾਂਦੇ ਹਨ, ਤੋਟਾਂ ਨਾਲ ਤੰਗ ਅਤੇ ਬਦਹਾਲੀ ਨਾਲ ਜੂਝ ਰਹੇ ਹਨ। ਸਰਕਾਰ ਜੇਲ੍ਹਾਂ ਅਤੇ ਰਾਜ ਮਹੱਲਾਂ ਦੇ ਵਿਚਕਾਰ, ਜਾਂ ਕੰਗਾਲੀ ਅਤੇ ਸ਼ਾਨ-ਸ਼ੌਕਤ ਦੇ ਵਿਚਕਾਰ ਕਿਸੇ ਸਮਝੌਤੇ ਦੇ ਰੂਪ ਵਿੱਚ ਨਹੀਂ ਹੁੰਦੀ, ਇਹ ਇਸ ਲਈ ਨਹੀਂ ਬਣਾਈ ਜਾਂਦੀ ਕਿ ਜ਼ਰੂਰਤਮੰਦ ਤੋਂ ਉਸਦੀ ਦਮੜੀ ਵੀ ਲੁੱਟ ਲਈ ਜਾਵੇ ਅਤੇ ਖਸਤਹਾਲਾਂ ਦੀ ਦੁਰਦਸ਼ਾ ਹੋਰ ਵਧਾ ਦਿੱਤੀ ਜਾਵੇ।

(ਪੰ.204)

-----------0-----------

"ਮੈਨੂੰ ਆਜ਼ਾਦੀ ਦੇਵੋ ਜਾਂ ਮੌਤ"

"...ਮਾਮਲੇ ਨੂੰ ਹਲਕਾ ਬਣਾਉਣਾ ਬੇਕਾਰ ਹੈ, ਸ਼੍ਰੀਮਾਨ ਜੀ। ਸ਼ਰੀਫ ਲੋਕ ਸ਼ਾਂਤੀ ਸ਼ਾਂਤੀ ਚੀਖ ਸਕਦੇ ਹਨ - ਲੇਕਿਨ ਕੋਈ ਸ਼ਾਂਤੀ ਨਹੀਂ ਹੈ। ਯੁੱਧ ਤਾਂ ਵਾਸਤਵ ਵਿਚ ਸ਼ੁਰੂ ਹੀ ਹੋ ਚੁੱਕਿਆ ਹੈ। ਹੁਣ ਅਗਲਾ ਝੱਖੜ ਜੋ ਉਤਰ ਵਲੋਂ ਉੱਠਕੇ --- ਸਾਡੇ ਕੰਨਾਂ ਤੱਕ ਪੁੱਜ ਰਿਹਾ ਹੈ, ਗੂੰਜਣ ਵਾਲੇ ਹਥਿਆਰਾਂ ਦੀਆਂ ਟਕਰਾਹਟਾਂ ਦਾ ਹੈ। ਸਾਡੇ ਦੋਸਤ-ਮਿੱਤਰ ਤਾਂ ਪਹਿਲਾਂ ਤੋਂ ਹੀ ਲੜਾਈ ਦੇ ਮੈਦਾਨ ਵਿੱਚ। ਅਸੀਂ ਏਥੇ ਬੇਕਾਰ ਕਿਉਂ ਖੜੇ ਹਾਂ? ਆਖਿਰ ਸ਼ਰੀਫ ਲੋਕ ਚਾਹੁੰਦੇ ਕੀ ਹਨ? ਉਹ ਕੀ ਕਰਨਗੇ? ਕੀ ਜ਼ਿੰਦਗੀ ਐਨੀ ਪਿਆਰੀ ਜਾਂ ਸ਼ਾਂਤੀ ਐਨੀ ਮਿੱਠੀ ਹੈ ਕਿ ਉਸ ਨੂੰ ਬੇੜੀਆਂ ਅਤੇ ਗੁਲਾਮੀ ਦੀ ਕੀਮਤ ਤੇ ਵੀ ਖਰੀਦ ਲਿਆ ਜਾਵੇ?

ਰੋਕੋ ਇਹਨੂੰ, ਹੇ ਸਰਬਸ਼ਕਤੀਮਾਨ ਈਸ਼ਵਰ। ਮੈਂ ਨਹੀਂ ਜਾਣਦਾ ਕਿ ਹੋਰ ਲੋਕੀਂ ਕਿਹੜਾ ਰਾਹ ਅਖਤਿਆਰ ਕਰਨਗੇ। ਲੇਕਿਨ ਜਿਥੋਂ ਤੱਕ ਮੇਰਾ ਸਵਾਲ ਹੈ, ਮੈਨੂੰ "ਆਜ਼ਾਦੀ" ਦੇਵੋ ਜਾਂ "ਮੌਤ"

– ਪੈਟ੍ਰਿਕ ਹੈਨਰੀ

ਮਜ਼ਦੂਰ ਦਾ ਅਧਿਕਾਰ :

"ਜੋ ਕੋਈ ਵੀ ਕਠਿਨ ਮਿਹਨਤ ਨਾਲ ਕੋਈ ਵੀ ਚੀਜ਼ ਪੈਦਾ ਕਰਦਾ ਹੈ ਉਸਨੂੰ ਇਹ ਦੱਸਣ ਦੇ ਵਾਸਤੇ ਕਿਸੇ ਖੁਦਾਈ ਪੈਗਾਮ ਦੀ ਜ਼ਰੂਰਤ ਨਹੀਂ ਕਿ ਪੈਦਾ ਕੀਤੀ ਗਈ ਚੀਜ਼ ਉਪਰ ਉਸੇ ਦਾ ਹੀ ਅਧਿਕਾਰ ਹੈ।

–ਰਾਬਰਟ ਜੀ ਇਂਗਰਸੋਲ



Original with;
Dr. Gurdev Singh Sidhu
Digitized by;
Panjab Digital Library

"We consider it horrible that people should have their heads cut off, but we have not been taught to see the horror of life-long death which is inflicted upon a whole population by poverty and tyranny." Mark Twain

Anarchists.

". . . . The Anarchists and the apostles of insurrection are also represented; and if some of the things seem to the reader the mere unchaining of furies, I would say, let him not blame the faithful anthologist, let him not blame even the writer — let him blame himself, who has acquiesced in the existence of conditions which have driven his fellowmen to extremes of madness and despair."

Upton Sinclair - Preface 19
Cry for Justice

The old Labourer.

". . . He (the old labourer out of employment) was struggling against age, against nature, against circumstances; the entire weight of society, law and order pressed upon him to force him to lose his self-respect and liberty. . . . He knocked at the doors of the farms and found good in man only — not in law and order, but in individual man alone."

Richard Jefferies. 80.



Original with:
Dr. Gurdev Singh Sidhu
Digitized by;
Panjab Digital Library

ਪੰਨਾ 17 (14)

"ਲੋਕਾਂ ਦੇ ਸਿਰ ਕਲਮ ਕਰ ਦਿੱਤੇ ਜਾਣ ਨੂੰ ਤਾਂ ਅਸੀਂ ਭਿਅੰਕਰ ਮੰਨਦੇ ਹਾਂ, ਪਰ ਸਾਨੂੰ ਜੀਵਨ ਉਪਰੰਤ ਬਰਕਾਰ ਰਹਿਣ ਵਾਲੀ ਮੌਤ ਦੀ ਉਸ ਭਿਅੰਕਰਤਾ ਨੂੰ ਵੇਖਣਾ ਨਹੀਂ ਸਿਖਾਇਆ ਗਿਆ ਜੋ ਗਰੀਬੀ ਅਤੇ ਅੱਤਿਆਚਾਰ ਦੇ ਰਾਹੀਂ ਵਿਆਪਕ ਆਬਾਦੀ ਤੇ ਥੋਪ ਦਿੱਤੀ ਗਈ ਹੈ।

–ਮਾਰਕ ਟੂਵੇਨ[1]

-------0-----

ਅਰਾਜਕਤਾਵਾਦੀ : "... ਸਾਹਿਤ ਦੀ ਚੋਣ ਵਿੱਚ ਅਰਾਜਕਤਾਵਾਦੀਆਂ ਅਤੇ ਵਿਦਰੋਹ ਭੜਕਾਉਣ ਵਾਲਿਆਂ ਨੂੰ ਵੀ ਸਥਾਨ ਮਿਲ ਜਾਂਦਾ ਹੈ ਅਤੇ ਜੇਕਰ ਉਸਦੀਆਂ ਕੁਝ ਚੀਜ਼ਾਂ ਪਾਠਕ ਨੂੰ ਮਹਿਜ਼ ਗੁੱਸੇ ਦਾ ਪ੍ਰਗਟਾਵਾ ਹੀ ਜਾਪਣ, ਤਾਂ ਵੀ ਮੈਂ ਆਖਣਾ ਚਾਹੂੰਗਾ ਕਿ ਇਸਦੇ ਵਾਸਤੇ ਸਹਿਤ ਦੇ ਸਮਰਪਤ ਚੋਣ ਕਰਤਾ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਇੱਥੋਂ ਤੱਕ ਕਿ ਰਚਨਾਕਾਰ ਨੂੰ ਵੀ ਦੋਸ਼ ਨਹੀਂ ਦੇਣਾ ਚਾਹੀਦਾ। ਉਸ ਨੂੰ (ਯਾਨੀ ਪਾਠਕ ਨੂੰ –ਸੰ.) ਖੁਦ ਆਪਣੇ ਆਪ ਨੂੰ ਹੀ ਦੋਸ਼ ਦੇਣਾ ਚਾਹੀਦਾ ਹੈ, ਕਿ ਉਸ ਨੇ ਪਰਸਥਿਤੀਆਂ ਦੀ ਮੌਜੂਦਗੀ ਵਿੱਚ ਮੋਨ ਧਾਰ ਲਿਆ ਹੈ, ਜਿਹਨਾਂ ਦੇ ਰਹਿੰਦਿਆਂ ਉਸਦੇ ਦੇਸ਼ ਸਮਾਜ ਦੇ ਲੋਕ ਪਾਗਲਪਣ ਅਤੇ ਨਿਰਾਸ਼ਾ ਦੀ ਹੱਦ ਤੱਕ ਜਾ ਪਹੁੰਚੇ ਹਨ।"

–ਅਪਟਨ ਸਿਨਕਲੇਅਰ[2], ਭੂਮਿਕਾ 19
ਕਰਾਈ ਫਾਰ ਜਸਟਿਸ

-------0-------

ਬੁੱਢਾ ਮਜ਼ਦੂਰ : ".... ਉਹ (ਬੇਰੁਜ਼ਗਾਰ ਬੁੱਢਾ ਮਜ਼ਦੂਰ) ਉਮਰ ਨਾਲ, ਪ੍ਰਾਕਿਰਤੀ ਨਾਲ ਪਰਸਿਥਤੀਆਂ ਨਾਲ ਜੂਝ ਰਿਹਾ ਸੀ, ਸਮਾਜ, ਕਾਨੂੰਨ ਅਤੇ ਵਿਵਸਥਾ ਦਾ ਸਾਰਾ ਬੋਝ ਉਸਦੇ ਲਈ ਭਾਰੀ ਪੈਂਦਾ ਸੀ। ਉਸਨੂੰ ਆਪਣਾ ਆਤਮ–ਸਨਮਾਨ ਅਤੇ ਆਜ਼ਾਦੀ ਗਵਾ ਦੇਣ ਤੇ ਮਜ਼ਬੂਰ ਕਰ ਰਿਹਾ ਸੀ...। ਉਸ ਨੇ ਫਾਰਮਾਂ ਦੇ ਦਰਵਾਜ਼ੇ ਖੜਕਾਏ ਅਤੇ ਉਹ ਸਿਰਫ ਮਨੁੱਖ ਵਿੱਚ ਹੀ ਅਛਾਈ ਪਾ ਸਕਿਆ–ਕਾਨੂੰਨ ਅਤੇ ਵਿਵਸਥਾ ਵਿੱਚ ਨਹੀਂ, ਬਲਕਿ ਸਿਰਫ ਮਨੁੱਖ ਵਿੱਚ ਹੀ।"

–ਰਿਚਰਡ ਜੇਫਰੀਜ਼ (80)



Original with;
Dr. Gurdev Singh Sidhu
Digitized by;
Panjab Digital Library

18

Poor Unknowns.

. . . And we, the men who braved this task, were out-casts of the world. A blind fate, a vast merciless mechanism, cut and shaped the fabric of our existence. We were men despised when we were most useful, rejected when we were not needed, and forgotten when our troubles weighed upon us heavily. We were the men sent out to fight the spirit of the wastes, rob it of all its primeval horrors, and batter down the barriers of its world-old defences. Where we were working a new town would spring up some day; it was already springing up, and then, if one of us walked there, "a man with no fixed address," he would be taken up and tried as a loiterer and vagrant."

{From Children of the Dead End
{ by Patrick MacGill.
{ C.J. 48.

---

Morality:

"Morality and religion are but words to him who fishes in gutters for the means of sustaining life, and crouches behind barrels in the street for shelter from the cutting blasts of a winter night."

Horace Greeley. 128

---

"It is desirable for a ruler that no man should suffer from cold and hunger under his rule. Man can not maintain his standard of morals when he has no ordinary means of living."

Kenko Hoshi Buddhist Monk
of Japan 14th Century
P. 135

---



Original with;
Dr. Gurdev Singh Sidhu
Digitized by;
Panjab Digital Library

ਪੰਨਾ 18 (15)

ਗਰੀਬ ਮਜ਼ਦੂਰ : "... ਅਤੇ ਅਸੀਂ ਲੋਕ ਜਿਹਨਾਂ ਨੇ ਇਸ ਕੰਮ ਨੂੰ ਨੇਪਰੇ ਚਾੜਨ ਦਾ ਬੀੜਾ ਉਠਾਇਆ, ਇਸ ਦੁਨੀਆਂ ਵਿੱਚ ਕੁਜਾਤ ਹੀ ਰਹੇ। ਇੱਕ ਅੰਨ੍ਹੀ ਕਿਸਮਤ, ਇੱਕ ਵਿਰਾਟ ਬੇਰਹਿਮ ਤੰਤ੍ਰ ਨੇ ਕੱਟ-ਵੱਢਕੇ ਸਾਡੇ ਅਸਤਿਤਵ ਦਾ ਢਾਂਚਾ ਨਿਰਧਾਰਤ ਕਰ ਦਿੱਤਾ। ਅਸੀਂ ਉਸ ਵਕਤ ਘ੍ਰਿਣਤ ਹੋਏ, ਜਦੋਂ ਅਸੀਂ ਸਭ ਤੋਂ ਵੱਧ ਉਪਯੋਗੀ ਸਾਂ। ਸਾਨੂੰ ਉਸ ਵਕਤ ਦੁਤਕਾਰ ਦਿੱਤਾ ਗਿਆ ਜਦੋਂ ਸਾਡੀ ਜ਼ਰੂਰਤ ਨਹੀਂ ਸੀ ਅਤੇ ਸਾਨੂੰ ਉਸ ਵਕਤ ਵਿਸਾਰ ਦਿੱਤਾ ਗਿਆ ਜਦੋਂ ਸਾਡੇ ਉਪਰ ਬਿਪਤਾਵਾਂ ਦਾ ਪਹਾੜ ਟੁਟਿਆ ਹੋਇਆ ਸੀ। ਸਾਨੂੰ ਰੋਹੀ ਬੀਆਬਾਨ ਬੰਜਰ ਸਾਫ ਕਰਨ ਦੇ ਵਾਸਤੇ, ਉਥੋਂ ਪਰਾਂਹ ਸਾਰੀਆਂ ਆਦਿਮ ਭਿਅੰਕਰਤਾਵਾਂ ਨੂੰ ਦੂਰ ਕਰਨ ਲਈ ਅਤੇ ਉਸਦੇ ਵਿਸ਼ਵ ਪੁਰਾਤਨ ਅਵਰੋਧਾਂ ਨੂੰ ਟੋਟੇ ਟੋਟੇ ਕਰ ਸੁੱਟਣ ਦੇ ਵਾਸਤੇ ਭੇਜ ਦਿੱਤਾ ਜਾਂਦਾ। ਅਸੀਂ ਜਿੱਥੇ ਵੀ ਕੰਮ ਕਰਦੇ, ਉਥੇ ਇੱਕ ਦਿਨ ਇੱਕ ਨਵਾਂ ਸ਼ਹਿਰ ਜਨਮ ਲੈ ਲੈਂਦਾ! ਅਤੇ ਜਦੋਂ ਉਹ ਜਨਮ ਲੈ ਹੀ ਲੈ ਹੀ ਰਿਹਾ ਹੁੰਦਾ ਤਾਂ ਜੇਕਰ ਸਾਡੇ ਵਿਚੋਂ ਕੋਈ ਉਥੇ ਚਲਿਆ ਜਾਂਦਾ ਤਾਂ ਉਸਨੂੰ 'ਬਿਨਾਂ ਨਿਸ਼ਚਤ ਪਤੇ ਦਾ ਆਦਮੀ' ਆਖਕੇ ਫੜ ਲਿਆ ਜਾਂਦਾ ਅਤੇ ਸਿਰਫਿਰਿਆ ਆਵਾਰਾ ਆਖਕੇ ਉਸ ਉਪਰ ਮੁਕੱਦਮਾ ਚਲਾਇਆ ਜਾਂਦਾ।

-(ਪੈਟ੍ਰਿਕ ਮੈਕਗਿਲ ਦੀ ਰਚਨਾ)

'ਚਿਲਡਰਨ ਆਫ ਦਾ ਡੈਡ ਐਂਡ' ਸੀ.ਜੇ. 48 ਵਿਚੋਂ

----------0---------

ਨੈਤਿਕਤਾ : 'ਨੈਤਿਕਤਾ ਅਤੇ ਧਰਮ ਉਸ ਵਿਅਕਤੀ ਦੇ ਵਾਸਤੇ ਮਹਿਜ ਸ਼ਬਦ ਮਾਤਰ ਹਨ ਜੋ ਰੋਟੀ ਰੋਜ਼ੀ ਦਾ ਜੁਗਾੜ ਕਰਨ ਦੇ ਲਈ ਗੰਦੇ ਨਾਲੇ ਵਿਚੋਂ ਮੱਛੀ ਮਾਰਦਾ ਹੈ, ਅਤੇ ਪਾਲੇ ਦੀ ਰਾਤ ਵਿੱਚ ਕੜਾਕੇ ਦੀ ਸੀਤ ਲਹਿਰ ਤੋਂ ਬਚਣ ਦੇ ਲਈ ਸੜਕਾਂ ਉੱਤੇ ਢੋਲਾਂ ਦੇ ਪਿੱਛੇ ਪਨਾਹ ਲੈਂਦਾ ਹੈ।"

-ਹੋਰੇਸ ਗ੍ਰੀਲੇ (128)

--------0------

ਭੁੱਖ : "ਰਾਜੇ ਦੇ ਵਾਸਤੇ ਢੁੱਕਵਾਂ ਇਹ ਹੈ ਕਿ ਉਸਦੇ ਸ਼ਾਸਨ ਵਿੱਚ ਕੋਈ ਵੀ ਆਦਮੀ ਠੰਢ ਅਤੇ ਭੁੱਖ ਤੋਂ ਪੀੜਤ ਨਾ ਰਹੇ। ਆਦਮੀ ਦੇ ਕੋਲੇ ਜਦੋਂ ਜਿਊਣ ਦੇ ਮਾਮੂਲੀ ਸਾਧਨ ਵੀ ਨਹੀਂ ਰਹਿੰਦੇ ਤਾਂ ਉਹ ਆਪਣੇ ਨੈਤਿਕ ਮਿਆਰ ਨੂੰ ਬਰਕਰਾਰ ਨਹੀਂ ਰੱਖ ਸਕਦਾ।'

-ਕੋਂਕੋ ਹੋਸ਼ੀ

(ਜਪਾਨ ਦਾ ਬੋਧੀ ਭਿਕਸ਼ੂ, 14ਵੀਂ ਸਦੀ, ਪੰ. 135)



Original with;
Dr. Gurdev Singh Sidhu
Digitized by;
Panjab Digital Library

[illegible].

# 19

Men! whose boast it is that ye
Come of fathers, brave and free,
If there breathe on earth a slave,
Are ye truly free and brave?
If you do not feel the chain
When it works a brother's pain,
Are ye not base slaves indeed,
Slaves unworthy to be freed?

Is true Freedom but to break
Fetters for our own dear sake,
And, with leathern hearts, forget
That we owe mankind a debt?
No! True Freedom is to share
All the chains our brothers wear,
And, with heart and hand, to be
Earnest to make others free!

They are slaves who fear to speak
For the fallen and the weak;
They are slaves who will not choose
Hatred, scoffing and abuse,
Rather than in silence shrink
From the truth they needs must think;
They are slaves who dare not be
In the right with two or three."

"James Russell Lowell"

9.89



Original with;
Dr. Gurdev Singh Sidhu
Digitized by;
Panjab Digital Library

ਪੰਨਾ 19 (16)

ਉਏ ਇਨਸਾਨੋ !ਆਖਦੇ ਹੋ ਮਾਣ ਨਾਲ
ਕਿ ਤੁਸੀਂ ਨਾਤੀ ਹੋ ਸੁਤੰਤਰ ਤੇ ਸੂਰਮੇ ਪਿੱਤਰਾਂ ਦੇ,
ਪਰ ਜੇ ਲੈਂਦਾ ਸਾਹ ਇੱਕ ਵੀ ਗੁਲਾਮ ਧਰਤੀ ਤੇ
ਤਾਂ ਕੀ ਸੱਚੀਂ ਮੁੱਚੀਂ ਤੁਸੀਂ ਹੋ ਸੁਤੰਤਰ ਤੇ ਸੂਰਮੇ?
ਜੇ ਤੁਹਾਨੂੰ ਅਹਿਸਾਸ ਨਹੀਂ ਜਦੋਂ
ਬੇੜੀ ਦਰਦ ਦਿੰਦੀ ਹੈ ਇੱਕ ਭਾਈ ਨੂੰ
ਤਾਂ ਕੀ ਸੱਚੀਂ ਮੁੱਚੀਂ ਤੁਸੀਂ ਨਹੀਂ ਗੁਲਾਮ
ਜੋ ਕਾਬਿਲ ਨਹੀਂ ਸੁਤੰਤਰ ਹੋਣ ਦੇ ?

ਕੀ ਹੈ ਉਹ ਸੱਚੀ ਮੁਕਤੀ, ਜੋ ਤੋੜੇ
ਜ਼ੰਜੀਰਾਂ ਬੱਸ ਆਪਣੀ ਖਾਤਿਰ,
ਅਤੇ ਭੁਲਾ ਦੇਵੇ ਸੰਕੀਰਣ ਹੋ ਕੇ
ਕਿ ਮਾਨਵਤਾ ਦਾ ਕਰਜ਼ ਹੈ ਅਸਾਂ ਪਰ ?
ਨਹੀਂ, ਸੱਚੀ ਮੁਕਤੀ ਤਾਂ ਹੀ ਜਦੋਂ ਅਸੀਂ ਵੰਡੀਏ
ਸਭ ਜ਼ੰਜੀਰਾਂ ਜੋ ਪਹਿਨੇ ਹਨ ਆਪਣੇ ਭਾਈ
ਅਤੇ ਭਾਵ ਅਤੇ ਕਰਮ ਨਾਲ ਜੁਟਕੇ
ਹੋਈਏ ਹੋਰਾਂ ਦੀ ਮੁਕਤੀ ਲਈ ਤਤਪਰ।

ਗੁਲਾਮ ਤਾਂ ਉਹ ਜੋ ਭੈਅ ਖਾਂਦੇ ਨੇ ਆਵਾਜ਼ ਬੁਲੰਦ ਕਰਨ ਵਿੱਚ
ਡਿੱਗੇ ਹੋਏ ਅਤੇ ਦੁਰਬਲ ਦੀ ਖਾਤਿਰ;
ਗੁਲਾਮ ਤਾਂ ਉਹ ਜੋ ਨਹੀਂ ਚੁਣਨਗੇ
ਘਿ੍ਣਾ, ਡਾਂਟ ਅਤੇ ਗਾਲ੍ਹਾਂ
ਅਤੇ ਦੁਬਕ ਕੇ ਮੂੰਹ ਮੋੜਨਗੇ,
ਸੱਚ ਕੋਲੋਂ, ਇਸਤੇ ਸੋਚ ਜ਼ਰੂਰੀ,
ਗੁਲਾਮ ਤਾਂ ਉਹ ਜੋ ਹਿੰਮਤ ਨਾ ਕਰਨ
ਦੋ ਜਾਂ ਤਿੰਨ ਵੀ ਹੋਣ ਜੇ ਸੱਚ ਦੇ ਹੱਕ ਵਿੱਚ।

–'ਜੇਮਜ਼ ਰਸੇਲ ਲਾਵਲੇ' (ਪੰ. 189)



Original with;
Dr. Gurdev Singh Sidhu
Digitized by;
Panjab Digital Library

Full many a gem of purest ray serene
The dark unfathomed caves of ocean bear;
Full many a flower is born to blush unseen,
And waste its sweetness on the desert air.

20

: o :

Invention:—

Hitherto it is questionable if all the mechanical inventions yet made have lightened the day's toil of any human being.

J. S. Mill P. 199

: o :

Alms:—

"There is no one on earth more disgusting and repulsive than he who gives alms. Even as there is no one so miserable as he who accepts them."

Maxim Gorky.
P. 204

: o :

Liberty:—

Those corpses of youngmen,
Those martyrs that hang from the gibbets—
those hearts pierced by the grey lead,
Cold and motionless as they seem, live elsewhere
with unslaughter'd vitality.
They live in other youngmen, O kings!
They live in brothers again ready to defy you!
They were purified by death — they were taught
and exalted.



Dr. Gurdev Singh Sidhu
Digitized by;
Panjab Digital Library

ਪੰਨਾ 20 (17)

ਭਰੇ ਪਏ ਹਨ ਸਫੈਦ ਅਤੇ ਨਿਰਮਲ ਆਭਾ ਦੇ ਰਤਨ ਘਨੇਰੇ
ਸਾਗਰ ਦੀ ਅਨੰਤ ਅਥਾਹ ਗਹਿਰਾਈ ਅੰਦਰ
ਖਿੜਦੇ ਹਨ ਬਥੇਰੇ ਫੁੱਲ ਅਣਦੇਖੇ ਸ਼ਰਮਾਉਂਦੇ ਮੁਰਝਾਉਂਦੇ ਹੋਏ,
ਅਤੇ ਲੁਟਾ ਦਿੰਦੇ ਆਪਣੀ ਸੁਗੰਧ ਬੇਆਬਾਦ ਬੀਆਬਾਨ ਅੰਦਰ।

----------0---------

ਆਵਿਸ਼ਕਾਰ : ਅਜੇ ਤੱਕ ਇਹ ਸਵਾਲ ਬਰਕਰਾਰ ਹੈ ਕਿ ਕੀ ਕਦੋਂ ਤੱਕ ਕੀਤੇ ਗਏ ਸਾਰੇ ਦੇ ਸਾਰੇ ਆਵਿਸ਼ਕਾਰ ਕਿਸੇ ਵੀ ਆਦਮੀ ਦੀ ਨਿੱਤ ਪ੍ਰਤੀ ਦਿਨ ਦੀ ਸਖਤ ਮੁਸ਼ਕੱਤ ਭਰੀ ਜ਼ਿੰਦਗੀ ਨੂੰ ਸੌਖਾ ਕਰ ਸਕੇ ਹਨ।

–ਜੇ.ਐਸ.ਮਿੱਲ, 199

ਭੀਖ: "ਧਰਤੀ ਉੱਪਰ ਉਸ ਆਦਮੀ ਤੋਂ ਵੱਧ ਘ੍ਰਿਣਾਯੋਗ ਅਤੇ ਨਫ਼ਰਤ ਕਰਨ ਯੋਗ ਹੋਰ ਕੋਈ ਨਹੀਂ ਹੈ ਜੋ ਭੀਖ ਦਿੰਦਾ ਹੈ ਅਤੇ ਵੈਸੇ ਹੀ ਉਸ ਆਦਮੀ ਨਾਲੋਂ ਅਧਿਕ ਤਰਕਸ ਯੋਗ ਹੋਰ ਕੋਈ ਨਹੀਂ ਹੈ ਜੋ ਉਸਨੂੰ ਸਵੀਕਾਰ ਕਰਦਾ ਹੈ।

–ਮੈਸਿਮ ਗੋਰਕੀ, ਪੰਨਾ 204

--------0---------

ਸੁਤੰਤਰਤਾ :

ਔਰ ਮੁਰਦਾ ਸਰੀਰ ਨੌਜਵਾਨਾਂ ਦੇ,
ਉਹ ਸ਼ਹੀਦ ਜੋ ਝੂਲ ਗਏ ਫਾਂਸੀ ਦੇ ਫੰਦੇ ਤੋਂ
ਉਹ ਦਿਲ ਜੋ ਛਲਣੀ ਹੋ ਗਏ ਭੂਰੇ ਸੀਸੇ ਤੋਂ,
ਠੰਢੇ ਅਤੇ ਬੇਹਰਕਤ ਜੋ ਲਗਦੇ ਨੇ ਜੀਵਤ ਨੇ ਕਿਧਰੇ ਹੋਰ,
ਬੇਰੋਕ ਤੇਜ਼ ਦੇ ਨਾਲ।
ਉਹ ਜਿਊਂਦੇ ਨੇ ਹੋਰ ਨੌਜਵਾਨਾਂ ਵਿੱਚ, ਓਏ ਰਜਵਾੜਿਓ।
ਉਹ ਜਿਊਂਦੇ ਨੇ ਹੋਰ ਬੰਧੂਜਨਾਂ ਵਿੱਚ, ਫਿਰ ਤੋਂ ਤੁਹਾਨੂੰ ਵੰਗਾਰਨ ਲਈ ਤਿਆਰ।
ਉਹ ਪਵਿੱਤਰ ਹੋ ਗਏ ਮੋਹ ਨਾਲ–
ਸਿੱਖਿਅਤ ਅਤੇ ਅਥਾਹ ਬੁਲੰਦੀਆਂ ਤੱਕ ਉੱਚੇ।



Original with;
Dr. Gurdev Singh Sidhu
Digitized by;
Panjab Digital Library

21 Not a grave of the murder'd for freedom,
but grows seed for freedom, in its turn to bear se[ed]
Which the winds carry afar and re-sow, and the
rains and the snows nourish.
Not a disembodied spirit can the weapons of tyra[nts]
let loose,
But it stalks invisibly over the earth, whispering
counselling, cautioning.

P. 268 "Walt Whitman"

---

[Fr]ee Thought

"If there is anything that cannot bear
free thought let it crack."

Wendell Phillips 271

---

State:

"Away with the state! I will take part
in that revolution. Undermine the whole
conception of a state, declare free choice
and spiritual kinship to be the only all
important conditions of any union, and
You will have the commencement of a
liberty that is worth something."

Henrich Ibsen. 273

---

Oppression:

"Surely oppression maketh a wise
man mad."

P. "278"



[O]riginal with;
[D]r. Gurdev Singh Sidhu
[D]igitized by;

ਪੰਨਾ 21 (18)

ਦਫਨ ਨਹੀਂ ਹੁੰਦੇ ਆਜ਼ਾਦੀ ਤੇ ਮਰਨ ਵਾਲੇ
ਪੈਦਾ ਕਰਦੇ ਨੇ ਮੁਕਤੀ ਬੀਜ, ਫਿਰ ਹੋਰ ਬੀਜ ਪੈਦਾ ਕਰਨ ਨੂੰ
ਜਿਸਨੂੰ ਲੈ ਜਾਂਦੀ ਦੂਰ ਹਵਾ ਅਤੇ ਫਿਰ ਬੀਜਦੀ ਹੈ ਅਤੇ ਜਿਸਨੂੰ
ਪਾਲਣ ਪੋਸ਼ਣ ਕਰਦੇ ਹਨ ਵਰਖਾ ਜਲ ਅਤੇ ਠੰਢਕ।
ਦੇਹ ਮੁਕਤ ਜੋ ਹੋਈ ਆਤਮਾ ਉਸਨੂੰ ਨਾ ਕਰ ਸਕਦੇ ਭਿੰਨ-ਭਿੰਨ
ਅਸਤਰ ਸ਼ਸਤਰ ਅੱਤਿਆਚਾਰੀ ਦੇ
ਬਲਕਿ ਹੋ ਕੇ ਅਜਿੱਤ ਵਿਚਰਦੀ ਧਰਤੀ ਤੇ, ਗੁਣਗੁਣਾਉਂਦੀ,
ਬਾਤਾਂ ਪਾਉਂਦੀ, ਚੌਕਸ ਕਰਦੀ।

(ਵਾਲਟ ਹਿੱਟਮੈਨ, ਪੰਨਾ 268)

--------0------

ਮੁਕਤ ਚਿੰਤਨ: "ਜੇ ਕੋਈ ਅਜਿਹੀ ਚੀਜ਼ ਹੋਵੇ ਜੋ ਸੁਤੰਤਰ ਚਿੰਤਨ ਨੂੰ ਬਰਦਾਸ਼ਤ ਨਾ ਕਰ ਸਕੇ, ਤਾਂ ਉਹ ਜਾਏ ਢੱਠੇ ਖੂਹ ਵਿੱਚ।"
-ਵਿੰਡੇਲ ਫਿਲਿਪ, ਪੰ. 271

ਰਾਜ: "ਰਾਜ ਦਫ਼ਾ ਹੋ ਜਾਏ! ਮੈਂ ਅਜਿਹੇ ਇਨਕਲਾਬ ਵਿੱਚ ਭਾਗ ਲਵਾਂਗਾ। ਰਾਜ ਦੀ ਸਮੁੱਚੀ ਅਵਧਾਰਣਾ ਦਾ ਬੀਜ ਨਾਸ਼ ਕਰ ਦੇਵੋ, ਮੁਕਤ ਚੋਣ ਅਤੇ ਆਤਮਕ ਭਰੱਪਣ ਨੂੰ ਹੀ ਕਿਸੇ ਏਕਤਾ ਦੀਆਂ ਇਕ ਮਾਤਰ ਸਭ ਤੋਂ ਵੱਧ ਮਹੱਤਵਪੂਰਨ ਸ਼ਰਤਾਂ ਹੋਣ ਦੀ ਘੋਸ਼ਣਾ ਕਰੋ, ਅਤੇ ਤਾਂ ਹੀ ਤੁਸੀਂ ਇੱਕ ਅਜਿਹੀ ਆਜ਼ਾਦੀ ਦੀ ਸ਼ੁਰੂਆਤ ਕਰੋਗੇ ਜਿਸਦੀ ਕੋਈ ਸਾਰਥਕਤਾ ਹੋਵੇਗੀ।"

-ਹੈਨਰਿਕ ਇਬਸਨੇ, ਪੰ. 273

---------0--------

ਉਤਪੀੜਨ: "ਉਤਪੀੜਨ ਨਿਸ਼ਚੇ ਹੀ ਇੱਕ ਸਮਝਦਾਰ ਆਦਮੀ ਨੂੰ ਪਾਗਲ ਬਣਾ ਦਿੰਦਾ ਹੈ।"

-(ਪੰ.278)



Original with;
Dr. Gurdev Singh Sidhu
Digitized by;
Panjab Digital Library

Martyr! —

The man who flings his whole life into attempt, at the cost of his own life, to protest against the wrongs of his fellow-men, is a saint compared to the active and passive upholders of cruelty and injustice, even if his protest destroys other lives besides his own. Let him who is without sin in society cast the first stone at such an one. P. 281

: o .

Lower Class

While there is a lower class, I am in it.
While there is a criminal element, I am of it.
While there is a soul in jail, I am not free.

Eugene V. Debs.
144

One against all — [Charles Fourier 1772-1837]

The present social order is a ridiculous mechanism, in which portions of the whole are in conflict and acting against the whole. We see each class in society desire, from interest, the misfortune of the other classes, placing in every way individual interest in opposition to public good. The lawyer wishes litigation and suits, particularly among the rich; the physician desires sickness. (The latter would be ruined if everybody died without disease, as the lawyer would the farmer if all quarrels were settled by arbitration.) The soldier wants a war, which will carry off half of his comrades and secure him promotion; the undertaker wants burials; monopolists and forestallers want famine, to double or treble the price of grain; the architect, the carpenter, the mason, want conflagration, that will burn down a hundred houses to give activity to their branches of business. P. 202



Original with;
Dr. Gurdev Singh Sidhu
Digitized by;
Panjab Digital Library

ਪੰਨਾ 22 (19)

ਸ਼ਹੀਦ : ਜੋ ਆਦਮੀ ਆਪਣੇ ਸਾਥੀ ਇਨਸਾਨਾਂ ਵਲੋਂ ਕੀਤੇ ਜਾਣ ਵਾਲੇ ਅੱਤਿਆਚਾਰ ਦਾ ਵਿਰੋਧ ਕਰਨ ਦੇ ਯਤਨ ਵਿੱਚ, ਆਪਣੀ ਜਾਨ ਤੇ ਖੇਡਦੇ ਹੋਇਆਂ ਆਪਣਾ ਸਾਰਾ ਜੀਵਨ ਨਿਛਾਵਰ ਕਰ ਦਿੰਦਾ ਹੈ, ਉਹ ਜ਼ਬਰ ਅਤੇ ਅਨਿਆਂ ਦੇ ਸਰਗਰਮ ਅਤੇ ਗੈਰਸਰਗਰਮ ਸਮਰਥਕਾਂ ਦੀ ਤੁਲਨਾ ਵਿੱਚ ਇੱਕ ਸੰਤ ਹੈ, ਭਲੇ ਹੀ ਉਸਦੇ ਵਿਰੋਧ ਨਾਲ ਉਸਦੀ ਆਪਣੀ ਜ਼ਿੰਦਗੀ ਦੇ ਨਾਲ-ਨਾਲ ਹੋਰ ਜ਼ਿੰਦਗੀਆਂ ਵੀ ਕਿਉਂ ਨਾ ਨਸ਼ਟ ਹੋ ਜਾਂਦੀਆਂ ਹੋਣ। ਅਜਿਹੇ ਵਿਅਕਤੀ ਉਪਰ ਪਹਿਲਾਂ ਪੱਥਰ ਉਹੀ ਮਾਰਨ ਦਾ ਹੱਕਦਾਰ ਹੋ ਸਕਦਾ ਹੈ ਜਿਸਨੇ ਕਦੇ ਕੋਈ ਪਾਪ ਨਾ ਕੀਤਾ ਹੋਵੇ।

(ਪੰ. 287)

-------0------

ਹੇਠਲਾ ਵਰਗ : ਜਦੋਂ ਤੱਕ ਕੋਈ ਹੇਠਲਾ ਵਰਗ ਹੈ, ਮੈਂ ਉਸੇ ਵਿੱਚ ਹੀ ਹਾਂ।
ਜਦੋਂ ਤੱਕ ਕੋਈ ਅਪਰਾਧੀ ਅਨਸਰ ਹੈ, ਮੈਂ ਉਸੇ ਵਿੱਚ ਹੀ ਹਾਂ।
ਜਦੋਂ ਤੱਕ ਕੋਈ ਜੇਲ੍ਹ ਵਿੱਚ ਕੈਦ ਹੈ, ਮੈਂ ਆਜ਼ਾਦ ਨਹੀਂ ਹਾਂ।

-ਯੂਜੀਨ ਬੀ .ਡੇਬਸ (144)

-------0-------

ਸਭ ਦੇ ਵਿਰੁੱਧ ਇੱਕ (ਚਾਰਲਸ ਫੂਰੀਏ : 1772-1837)

ਮੌਜੂਦਾ ਸਮਾਜਕ ਵਿਵਸਥਾ ਇੱਕ ਹਾਸੋਹੀਣਾ ਤੰਤਰ ਹੈ, ਜਿਸ ਵਿੱਚ ਸੰਪੂਰਣ ਦੇ ਅੰਸ਼ ਇਸ ਸੰਪੂਰਣ ਦੇ ਵਿਰੁਧ ਇੱਕ ਟਕਰਾਉ ਵਿੱਚ ਸਰਗਰਮ ਹਨ। ਅਸੀਂ ਵੇਖਦੇ ਹਾਂ ਕਿ ਸਮਾਜ ਦਾ ਹਰ ਇੱਕ ਵਰਗ, ਸਰਵਜਨਕ ਹਿੱਤ ਦੀ ਥਾਂ ਤੇ ਹਰ ਤਰ੍ਹਾਂ ਨਾਲ, ਆਪਣੇ ਨਿੱਜੀ ਹਿੱਤ ਅੱਗੇ ਰੱਖਦਿਆਂ ਹੋਇਆਂ, ਦੂਜੇ ਵਰਗਾਂ ਦੀ ਬਦਕਿਸਮਤੀ ਦੀ ਕੀਮਤ ਉਪਰ ਆਪਣੇ ਹਿੱਤ ਦੀ ਕਾਮਨਾ ਕਰਦਾ ਹੈ। ਵਕੀਲ, ਖਾਸ ਤੌਰ ਤੇ ਧਨੀਆਂ ਦੇ ਵਿੱਚ ਮੁਕੱਦਮੇਬਾਜ਼ੀ ਅਤੇ ਮੁਕੱਦਮਿਆਂ ਦੀ ਕਾਮਨਾ ਕਰਦਾ ਹੈ, ਡਾਕਟਰ ਬਿਮਾਰੀ ਦੀ ਕਾਮਨਾ ਕਰਦਾ ਹੈ। ਜੇ ਹਰ ਕੋਈ ਬਿਨਾਂ ਬਿਮਾਰੀ ਦੇ ਮਰਨ ਲੱਗੇ ਤਾਂ ਇਹ (ਡਾਕਟਰ) ਵੈਸੇ ਹੀ ਬਰਬਾਦ ਹੋ ਜਾਣਗੇ, ਜਿਵੇਂ ਸਾਰੇ ਝਗੜੇ ਆਪਸੀ ਗੱਲਬਾਤ ਰਾਹੀਂ ਹੱਲ ਹੋਣ ਲੱਗਣ ਤਾਂ ਵਕੀਲ ਨਾਕਾਰਾ ਹੋ ਜਾਣਗੇ। ਸੈਨਿਕ ਲੜਾਈ ਚਾਹੁੰਦਾ ਹੈ, ਤਾਂ ਕਿ ਉਸਦੇ ਅੱਧੇ ਸਾਥੀ ਮਾਰੇ ਜਾਣ ਅਤੇ ਉਸਦੀ ਤਰੱਕੀ ਯਕੀਨੀ ਬਣ ਜਾਵੇ, ਅੰਤਮ ਰਸਮਾਂ ਕਰਾਉਣ ਵਾਲਾ ਕਫਨ ਦੀ ਕਾਮਨਾ ਕਰਦਾ ਹੈ : ਇਜਾਰੇਦਾਰ ਅਤੇ ਜਮਾਂਖੋਰ, ਅਨਾਜ ਦੀਆਂ ਕੀਮਤਾਂ ਦੁੱਗਣੀਆਂ ਜਾਂ ਤਿੱਗਣੀਆਂ ਕਰਨ ਦੇ ਲਈ ਅਕਾਲ ਚਾਹੁੰਦੇ ਹਨ, ਵਾਸਤੂਕਾਰ, ਕਾਰੀਗਰ, ਰਾਜ ਮਿਸਤਰੀ ਅੱਗਜਨੀ ਚਾਹੁੰਦੇ ਹਨ ਤਾਂ ਕਿ ਸੈਂਕੜੇ ਘਰ ਜਲਕੇ ਭਸਮ ਹੋ ਜਾਣ ਅਤੇ ਉਹਨਾਂ ਦੀਆਂ ਆਪਣੀਆਂ ਸ਼ਾਖਾਵਾਂ ਦਾ ਧੰਦਾ ਚੱਲਦਾ ਰਹੇ।

-(ਪੰ.202)



Original with;
Dr. Gurdev Singh Sidhu
Digitized by;
Panjab Digital Library

23

New gospel

Society can overlook murder, adultery or swindling; it never forgives the preaching of a new gospel." 1327 Frederic Harrison.

Tree of liberty

The tree of liberty must be refreshed from time to time with the blood of patriots and tyrants. It is its natural manure.

Thomas Jefferson. 332

Chicago Martyrs.—

Say, then, that the man erred grievously; if his error had been ten times as great, it ought to have been wiped from human recollection by his sacrifice . . . .

Granted freely that their idea of the best mean of making a protest was utterly wrong and impossible, granted that they went not the best way to work. But who was it that drove them into attack against the social order as they found it? They and thousands of other men that stood with them were not bad men, nor depraved, nor bloodthirsty, nor hard hearted, nor criminal, nor selfish, nor crazy. Then what was it that caused a complaint so bitter and deepseated . . . .

No one ever contemplated the simple fact that men do not band themselves together to make a protest without the belief that they have something to protest about, and that in any organized state of society a widespread protest is something for grave inquiry.

Charles Edward Russell. 333.



Original with;
Dr. Gurdev Singh Sidhu
Digitized by;
Panjab Digital Library

ਪੰਨਾ 23 (20)

ਨਵਾਂ ਸਿੱਧਾਂਤ : ਸਮਾਜ-ਹੱਤਿਆ, ਵਿਭਚਾਰ ਜਾਂ ਠੱਗੀ ਨੂੰ ਨਜ਼ਰ ਅੰਦਾਜ਼ ਕਰ ਸਕਦਾ ਹੈ, ਪਰ ਉਹ ਇੱਕ ਨਵੇਂ ਸਿਧਾਂਤ ਦੇ ਪ੍ਰਚਾਰ ਨੂੰ ਕਦੇ ਮਾਫ ਨਹੀਂ ਕਰਦਾ।

-ਫਰੈਡਰਿਕ ਹੈਰਿਸਨੇ (ਪੰ.327)

-------0------

ਆਜ਼ਾਦੀ ਦਾ ਬਿਰਵਾ : ਆਜ਼ਾਦੀ ਦੇ ਬੂਟੇ ਦਾ ਸਮੇਂ ਸਮੇਂ ਤੇ ਦੇਸ਼ ਭਗਤਾਂ ਅਤੇ ਅੱਤਿਆਚਾਰੀਆਂ ਦੇ ਖ਼ੂਨ ਨਾਲ ਸਿੰਜਿਆ ਜਾਣਾ ਆਵੱਸ਼ਕ ਹੈ। ਇਹ ਹੀ ਇਸਦੀ ਕੁਦਰਤੀ ਖਾਦ ਹੈ।

-ਥਾਮਸ ਜੇਫਰਸਨ 2 (ਪੰ. 332)

-----0------

ਸ਼ਿਕਾਗੋ ਦੇ ਸ਼ਹੀਦ : ਹੁਣ ਕੋਈ ਭਲੇ ਹੀ ਇਹ ਆਖੇ ਕਿ ਉਸਨੇ ਭਾਰੀ ਗਲਤੀ ਕੀਤੀ ਪਰੰਤੂ ਜੇ ਉਹਨਾਂ ਦੀ ਗਲਤੀ ਦਸ ਗੁਣਾ ਵੀ ਅਧਿਕ ਵੱਡੀ ਹੁੰਦੀ ਤਾਂ ਵੀ ਇਸਨੂੰ ਉਸਦੀ ਕੁਰਬਾਨੀ ਮਾਨਵ ਯਾਦਸ਼ਕਤੀ ਪਰਦੇ ਤੋਂ ਪੂੰਝ ਹੀ ਸੁੱਟਦੀ .....

ਚਲੋ ਅਸੀਂ ਇਹ ਪੂਰੀ ਤਰ੍ਹਾਂ ਮੰਨ ਲੈਂਦੇ ਹਾਂ ਕਿ ਉਹਨਾਂ ਨੇ ਆਪਣੀ ਨਜ਼ਰ ਵਿੱਚ ਵਿਰੋਧ ਦਾ ਜੋ ਸਭ ਤੋਂ ਵਧੀਆ ਤਰੀਕਾ ਅਪਣਾਇਆ, ਉਸਦੀ ਧਾਰਨਾ ਪੂਰੀ ਤਰ੍ਹਾਂ ਗਲਤ ਅਤੇ ਅਸੰਭਵ ਸੀ ਮੰਨ ਲਿਆ ਕਿ ਉਹਨਾਂ ਨੇ ਕਾਰਵਾਈ ਦਾ ਸਭ ਤੋਂ ਅੱਛਾ ਰਸਤਾ ਨਹੀਂ ਅਪਣਾਇਆ। ਲੇਕਿਨ ਉਹ ਕਿਹੜੀ ਚੀਜ਼ ਸੀ ਜਿਸਨੇ ਉਹਨਾਂ ਨੂੰ ਮੌਜੂਦਾ ਸਮਾਜਕ ਵਿਵਸਥਾ ਦੇ ਖਿਲਾਫ ਧਾਵਾ ਬੋਲਣ ਦੇ ਲਈ ਉਕਸਾਇਆ? ਉਹ ਅਤੇ ਹਜ਼ਾਰਾਂ ਲੋਕੀਂ ਜੋ ਉਹਨਾਂ ਦੇ ਨਾਲ ਉੱਠ ਖੜ੍ਹੇ ਹੋਏ, ਬੁਰੇ ਆਦਮੀ ਤਾਂ ਨਹੀਂ ਸਨ, ਭ੍ਰਿਸ਼ਟ ਨਹੀਂ ਸਨ, ਖ਼ੂਨ ਦੇ ਪਿਆਸੇ ਨਹੀਂ ਸਨ, ਸੰਕੀਰਣ ਨਹੀਂ ਸਨ, ਅਪਰਾਧੀ ਨਹੀਂ ਸਨ ਅਤੇ ਨਾ ਹੀ ਸਵਾਰਥੀ ਜਾਂ ਪਾਗਲ ਸਨ। ਤਾਂ ਫੇਰ ਉਹ ਕਿਹੜੀ ਚੀਜ਼ ਸੀ ਜਿਸਨੇ ਐਨੇ ਤਿੱਖੇ ਅਤੇ ਗੰਭੀਰ ਪ੍ਰਤੀਵਾਦ ਨੂੰ ਉਕਸਾਵਾ ਦਿੱਤਾ....?

ਕਿਸੇ ਨੇ ਵੀ ਇਸ ਸਰਲ ਸਿੱਧੀ ਗੱਲ ਵੱਲੀਂ ਗੌਰ ਨਹੀਂ ਕੀਤਾ ਕਿ ਮਨੁੱਖ ਆਪਣੇ ਆਪਨੂੰ ਕਿਸੇ ਵਿਰੋਧ ਦੇ ਵਾਸਤੇ ਬਿਨਾਂ ਇਸ ਵਿਸ਼ਵਾਸ ਦੇ ਇੱਕਜੁਟ ਨਹੀਂ ਕਰਦੇ ਕਿ ਕੋਈ ਨਾ ਕੋਈ ਅਜਿਹੀ ਚੀਜ਼ ਹੈ ਜਿਸਦਾ ਉਹਨਾਂ ਨੇ ਵਿਰੋਧ ਕਰਨਾ ਹੈ ਅਤੇ ਕਿ ਕਿਸੇ ਵੀ ਸੰਗਠਿਤ ਸਮਾਜ ਵਿੱਚ ਵਿਆਪਕ ਵਿਰੋਧ ਇੱਕ ਅਜਿਹੀ ਚੀਜ਼ ਹੈ ਜੋ ਡੂੰਘੀ ਛਾਣਬੀਣ ਦਾ ਦਰਕਾਰ ਰੱਖਦੀ ਹੈ।

-ਚਾਰਲਸ ਐਡਵਰਡ ਰਸੇਲ(333)



Original with;
Dr. Gurdev Singh Sidhu
Digitized by;
Panjab Digital Library

# 24

Will of Ferrer

"I also wish my friends to speak little or not at all about me, because idols are created when men are praised, and this is very bad for the future of the human race. Acts alone, no matter by whom committed, ought to be studied, praised or blamed. Let them be praised in order that they may be imitated when they seem to contribute to the common weal; let them be censured when they are regarded as injurious to the general well being, so that they may not be repeated.

I desire that on no occasion, whether near or remote, nor for any reason whatsoever, shall demonstrations of a political or religious character be made before my remains, as I consider the time devoted to the dead would be better employed in improving the condition of the living, most of whom stand in great need of this."

{Will of Francisco Ferrer.
Spanish educator 1859-1909
Executed after the Barcelona
riots by a plot of his clerical
enemies.

Charity:—

"Come follow me", said Jesus Christ to the rich young man. . . To stay in his own set and invest his fortune in work of charity would have been comparatively easy. Philanthropy has been fashionable in every age. Charity takes the insurrectionary edge off of poverty. Therefore the philanthropic rich man is a benefactor to his fellow magnates, and is made to feel their gratitude, to him all doors of fashion swing. He denied the legitimacy of alms-giving as a plaster for the deep-lying sore in social tissue. . . Philanthropy as a substitute for justice — he would have none of it. . . .



Original with;
Dr. Gurdev Singh Sidhu
Digitized by;
Panjab Digital Library

ਪੰਨਾ 24 (21)

ਇਨਕਲਾਬੀ ਦੀ ਵਸੀਅਤ

"ਮੈਂ ਆਪਣੇ ਦੋਸਤਾਂ ਨੂੰ ਇਹ ਵੀ ਆਖਣਾ ਚਾਹੁੰਗਾ ਕਿ ਉਹ ਮੇਰੇ ਸਬੰਧ ਵਿੱਚ ਘੱਟ ਤੋਂ ਘੱਟ ਚਰਚਾ ਕਰਨਗੇ ਜਾਂ ਬਿਲਕੁਲ ਹੀ ਚਰਚਾ ਨਹੀਂ ਕਰਨਗੇ, ਕਿਉਂਕਿ ਜਦੋਂ ਆਦਮੀ ਦੀ ਤਾਰੀਫ ਹੋਣ ਲਗਦੀ ਹੈ ਤਾਂ ਉਸਨੂੰ ਇਨਸਾਨ ਦੀ ਬਜਾਏ ਦੇਵਤਾ ਜਿਹਾ ਬਣਾ ਦਿੱਤਾ ਜਾਂਦਾ ਹੈ ਅਤੇ ਇਹ ਮਾਨਵਜਾਤੀ ਦੇ ਭਵਿੱਖ ਦੇ ਵਾਸਤੇ ਬਹੁਤ ਬੁਰੀ ਗੱਲ ਹੈ---। ਸਿਰਫ ਕਰਮਾਂ ਉਪਰ ਹੀ ਗੌਰ ਕਰਨਾ ਚਾਹੀਦਾ ਹੈ, ਉਹਨਾਂ ਦੀ ਹੀ ਤਾਰੀਫ ਜਾਂ ਨਿੰਦਾ ਹੋਣੀ ਚਾਹੀਦੀ ਹੈ, ਚਾਹੇ ਉਹ ਕਿਸੇ ਵੱਲੋਂ ਵੀ ਕੀਤੇ ਗਏ ਹੋਣ, ਜੇਕਰ ਲੋਕਾਂ ਨੂੰ ਇਹਨਾਂ ਤੋਂ ਸਰਵਜਨਕ ਹਿੱਤ ਦੇ ਵਾਸਤੇ ਪ੍ਰੇਰਣਾ ਮਿਲਦੀ ਵਿਖਾਈ ਦੇਵੇ ਤਾਂ ਉਹ ਇਨ੍ਹਾਂ ਦੀ ਤਾਰੀਫ ਕਰ ਸਕਦੇ ਹਨ, ਲੇਕਿਨ ਜੇ ਇਹ ਆਮ ਹਿੱਤ ਦੇ ਲਈ ਹਾਨੀਕਾਰਕ ਲੱਗਣ ਤਾਂ ਉਹ ਇਨ੍ਹਾਂ ਦੀ ਨਿੰਦਾ ਵੀ ਕਰ ਸਕਦੇ ਹਨ ਤਾਂ ਕਿ ਫੇਰ ਇਹਨਾਂ ਦੀ ਸੁਰਜੀਤੀ ਨਾ ਹੋ ਸਕੇ।

"ਮੈਂ ਚਾਹੁੰਗਾ ਕਿ ਕਿਸੇ ਵੀ ਅਵਸਰ ਤੇ, ਮੇਰੀ ਕਬਰ ਦੇ ਨੇੜੇ ਜਾਂ ਦੂਰ, ਕਿਸੇ ਵੀ ਕਿਸਮ ਦੇ ਰਾਜਨੀਤਕ ਜਾਂ ਧਾਰਮਕ ਪ੍ਰਦਰਸ਼ਨ ਨਾ ਕੀਤੇ ਜਾਣ, ਕਿਉਂਕਿ ਮੈਂ ਸਮਝਦਾ ਹਾਂ ਕਿ ਮਰੇ ਹੋਏ ਦੇ ਵਾਸਤੇ ਖਰਚ ਕੀਤੇ ਜਾਣ ਵਾਲੇ ਸਮੇਂ ਦਾ ਬਿਹਤਰ ਇਸਤੇਮਾਲ ਉਹਨਾਂ ਲੋਕਾਂ ਦੀਆਂ ਜੀਵਨ ਹਾਲਤਾਂ ਨੂੰ ਸੁਧਾਰਨ ਵਿੱਚ ਕੀਤਾ ਜਾ ਸਕਦਾ ਹੈ, ਜਿਹਨਾਂ ਵਿਚੋਂ ਬਥੇਰਿਆਂ ਨੂੰ ਇਸਦੀ ਭਾਰੀ ਲੋੜ ਹੈ।"

–ਫਰਾਂਸਿਸਕੋ ਫੇਰੇਰ ਦੀ ਵਸੀਅਤ

(ਸਪੇਨ ਸਿਖਿਆ ਸ਼ਾਸ਼ਤਰੀ (1859–1909) ਜਿਸਨੂੰ ਧਰਮ ਪੁਰੋਹਿਤਾਂ ਵਲੋਂ ਬਾਰਸੀਲੋਨਾ ਦੰਗਿਆਂ ਦੇ ਬਾਦ ਵੈਰ ਭਾਵ ਤਹਿਤ ਇੱਕ ਸਾਜਿਸ਼ ਅਧੀਨ ਫਾਂਸੀ ਦੇ ਦਿੱਤੀ ਗਈ।)

ਦਾਨ : "ਮੇਰੇ ਮਗਰ ਆਉ।" ਈਸਾ ਮਸੀਹ ਨੇ ਧਨੀ ਨੌਜਵਾਨ ਨੂੰ ਆਖਿਆ। ਲੇਕਿਨ ਆਪਣੇ ਕਾਰੋਬਾਰ ਵਿੱਚ ਲੱਗੇ ਰਹਿਣਾ ਅਤੇ ਆਪਣੀ ਕੁੱਲ ਦੌਲਤ ਨੂੰ ਦਾਨ-ਪੁੰਨ ਵਿੱਚ ਲਾਉਣਾ ਮੁਕਾਬਲਤਨ ਸੌਖਾ ਸੀ। ਪਰਉਪਕਾਰ ਹਰ ਇੱਕ ਯੁੱਗ ਦਾ ਚਲਣ ਰਿਹਾ ਹੈ, ਦਾਨ ਗਰੀਬੀ ਦੇ ਵਿਦਰੋਹੀ ਤੇਵਰ ਨੂੰ ਨਸ਼ਟ ਕਰ ਦਿੰਦਾ ਹੈ। ਇਸ ਕਰਕੇ ਪਰਉਪਕਾਰੀ ਧਨਵਾਨ ਆਦਮੀ ਆਪਣੇ ਹੀ ਨਾਲ ਦੌਲਤਮੰਦਾਂ ਦਾ ਹੀ ਹਿਤੈਸ਼ੀ ਹੁੰਦਾ ਹੈ ਅਤੇ ਉਹਨਾਂ ਦੀ ਅਹਿਸਾਨਮੰਦੀ ਮਹਿਸੂਸ ਕਰਦਾ ਹੈ, ਉਸਦੇ ਲਈ ਸੱਭਯ ਸਮਾਜ ਦੇ ਸਾਰੇ ਦਰਵਾਜ਼ੇ ਖੁੱਲੇ ਹੁੰਦੇ ਹਨ। ਇਸ ਵਾਸਤੇ ਉਹਨਾਂ ਨੇ (ਯਾਨੀ ਈਸਾ ਮਸੀਹ ਨੇ – ਸੰ.) ਭੀਖ ਦਾਨ ਨੂੰ ਸਮਾਜਕ ਕਾਇਆ ਦੇ ਡੂੰਘੇ ਜ਼ਖ਼ਮਾਂ ਦੀ ਮੱਲ੍ਹਮ ਪੱਟੀ ਦੇ ਰੂਪ ਵਿੱਚ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਪਰਉਪਕਾਰੀ ਨੂੰ ਨਿਆਂ ਦੇ ਇੱਕ ਵਿਕਲਪ ਵਜੋਂ ਉਹਨਾਂ ਨੇ ਕਦੇ ਵੀ ਤਰਜੀਹ ਨਹੀਂ ਦਿੱਤੀ।



Original with;
Dr. Gurdev Singh Sidhu
Digitized by;
Panjab Digital Library

charity is twice cursed — it hardens him that gives and softens him that takes. It does more harm to the poor than exploitation, because it makes them willing to be exploited. It breeds slavishness which is moral suicide. The only thing good works permit a swollen fortune to do was to give itself to revolutionary propaganda, in order that swollen fortunes might be forever after impossible. . . 25

Bonck White — Clergyman
P. 353 — Born 1874 A.D.

---

for Freedom

The power of armies is a visible thing
Formal, and circumscribed in time and space;
But who the limits of that power shall trace
Which a brave people into light can bring
Or hide, at will, — for freedom combating
By just revenge inflamed? No foot may chase,
No eye can follow, to a fatal place
That power that spirit whether on the wing
Like the strong wind, or sleeping like the wind
Within its awful caves —— from year to year
Spring this indigenous produce far and near;
No craft this subtle element can bind,
Rising like water from the soil, to find
In every nook a lip that it may cheer.

{W. Wordsworth.}



Original with;
Dr. Gurdev Singh Sidhu
Digitized by;
Panjab Digital Library

(ਪੰਨਾ 25 (22))

ਦਾਨ ਦੋਹਰਾ ਅਭਿਸ਼ਾਪ (ਸਰਾਪ) ਹੈ – ਇਹ ਦਾਤਾ ਨੂੰ ਸੰਕੀਰਣ ਤੰਗਦਿਲੀ ਅਤੇ ਪ੍ਰਾਪਤ ਕਰਤਾ ਨੂੰ ਨਰਮ ਦਿਲ ਬਣਾਉਂਦਾ ਹੈ। ਇਹ ਗਰੀਬਾਂ ਦਾ ਸੋਸ਼ਣ ਤੋਂ ਕਿਤੇ ਵੱਧ ਨੁਕਸਾਨ ਕਰਦਾ ਹੈ, ਕਿਉਂਕਿ ਇਹ ਉਹਨਾਂ ਨੂੰ ਲੁੱਟੇ ਜਾਣ ਦੇ ਇਛੁੱਕ ਬਣਾਉਂਦਾ ਹੈ। ਇਹ ਦਾਸ ਭਾਵਨਾ ਨੂੰ ਜਨਮ ਦਿੰਦਾ ਹੈ, ਜੋ ਨੈਤਿਕ ਆਤਮ ਹੱਤਿਆ ਹੀ ਹੈ। ਈਸਾ ਮਸੀਹ ਨੇ ਅਥਾਹ ਦੌਲਤ ਦੇ ਵਾਸਤੇ ਸਿਰਫ ਇੱਕ ਹੀ ਇਜਾਜਤ ਦਿੱਤੀ ਸੀ ਅਤੇ ਉਹ ਇਹ ਸੀ ਕਿ ਉਸਨੂੰ ਇਨਕਲਾਬੀ ਪ੍ਰਚਾਰ ਦੇ ਵਾਸਤੇ ਸਮਰਪਿਤ ਕਰ ਦਿੱਤਾ ਜਾਵੇ, ਤਾਂ ਕਿ ਬਾਦ ਵਿੱਚ ਅਥਾਹ ਦੌਲਤ ਦਾ ਜਮ੍ਹਾਂ ਹੋਣਾ ਹੀ ਹਮੇਸ਼ਾ ਦੇ ਲਈ ਅਸੰਭਵ ਹੋ ਜਾਵੇ........।

–ਬੱਕ ਵਹਾਈਟ, ਪਾਦਰੀ ਜਨਮ 1870 ਯੂ.ਐਸ.ਏ. ਪੰ. (353)

--------0---------

ਮੁਕਤੀ – ਯੁੱਧ

ਫੌਜਾਂ ਦੀ ਤਾਕਤ ਇੱਕ ਵਿਖਾਈ ਦੇਣ ਵਾਲੀ ਚੀਜ਼ ਹੈ
ਸਪੱਸ਼ਟ, ਦੇਸ਼ ਕਾਲ ਵਿੱਚ ਕੈਦ
ਲੇਕਿਨ ਕੌਣ ਖੋਜ ਸਕਦਾ ਹੈ ਉਸ ਸ਼ਕਤੀ ਦੀਆਂ ਸੀਮਵਾਂ ਨੂੰ
ਜਿਹਨਾਂ ਨੂੰ ਇੱਕ ਬਹਾਦਰ ਜਨਤਾ ਹੀ ਪ੍ਰਗਟ ਕਰ ਸਕਦੀ ਹੈ
ਜਾਂ ਚਾਹੇ ਤਾਂ, ਛਿਪਾ ਸਕਦੀ ਹੈ – ਮੁਕਤੀ ਯੁੱਧ ਵਿੱਚ
ਭੜਕ ਉੱਠੇ ਨਿਆਂ ਸੰਗਤ ਪ੍ਰਤੀਰੋਧ ਦਾ – ਕੋਈ ਪੈਰ ਪਿੱਛਾ ਨਹੀਂ ਕਰ ਸਕਦਾ
ਕੋਈ ਅੱਖ ਨਹੀਂ ਵੇਖ ਸਕੀ ਉਸ ਜਾਨਲੇਵਾ ਜਗਾਹ ਨੂੰ
ਇੱਕ ਤਾਕਤ ਚਾਹੇ ਤਾਂ ਉਡਾਣ ਭਰੇ ਖੰਭ ਲਗਾਕੇ
ਪ੍ਰਚੰਡ ਵਾਯੂ ਦੀ ਭਾਂਤਿ, ਜਾਂ ਸੌਂਵੇਂ ਮੰਦ ਵਾਯੁਦੀ ਭਾਂਤਿ
ਆਪਣੀ ਡਰੌਣੀਆਂ ਗੁਫਾਵਾਂ ਵਿੱਚ ਸਾਲ –ਦਰ– ਸਾਲ
ਫੈਲਾਉਂਦੀ ਮਿੱਟੀ ਤੋਂ ਜਨਮੇ ਇਸ ਵਿਚਾਰ ਨੂੰ ਨੇੜੇ ਤੋਂ ਦੂਰ
ਨਹੀਂ ਨੂੜ ਸਕਦੀ ਕੋਈ ਵੀ ਕਲਾ ਇਸ ਸੂਖਮ ਤਾਕਤ ਨੂੰ
ਜੋ ਫੁੱਟਦੀ ਧਰਤੀ ਚੋਂ ਜਲਧਾਰਾ ਦੀ ਭਾਂਤਿ
ਅਤੇ ਪਾ ਲੈਂਦੀ ਹਰ ਕੋਨੇ ਵਿੱਚ ਇੱਕ ਹੋਂਠ
ਜੋ ਇਸਦੀ ਕਦਰ ਕਰੇ

–ਡਬਲਯੂਵਰਡਸਵਰਥ



Original with;
Dr. Gurdev Singh Sidhu
Digitized by;
Panjab Digital Library

26 The Charge of the Light Brigade

Half a league, half a league,
Half a league onward,
All in the valley of Death
Rode the Six hundred.
'Forward the Light Brigade!
Charge for the guns!' he said;
Into the valley of Death
Rode the six hundred.

'Forward the Light Brigade!'
Was there a man dismayed?
Not, though the soldiers knew
Some one had blundered:

Their's not to make reply,
Their's not to reason why,
Their's but to do and die:
Into the valley of Death
Rode the six hundred.
Cannon to the right of them,
Cannon to the left of them,
Cannon in front of them,
Volleyed and thundered;
Stormed at with shot and shell,
Boldly they rode and well,
Into the jaws of Death,
Into the mouth of Hell
Rode the Six Hundred.
Flashed all their sabres bare,
Flashed as they turned in air
Sabring the gunners there,
Charging an army, while
All the world wondered:



Original with;
Dr. Gurdev Singh Sidhu
Digitized by;
Panjab Digital Library

ਪੰਨਾ 26 (23)

ਲਾਈਟ ਬ੍ਰਿਗੇਡ ਦਾ ਧਾਵਾ

ਅੱਧੀ ਲੀਗ ਅੱਧੀ ਲੀਗ
ਅੱਧੀ ਲੀਗ ਹੋਰ,
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ।
ਵਧੇ ਚਲੋ ਲਾਈਟ ਬ੍ਰਿਗੇਡ
ਭਰ ਲੋ ਬੰਦੂਕਾਂ। ਉਹ ਗਰਜਿਆ
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ।
ਵਧੇ ਚਲੋ ਲਾਈਟ ਬ੍ਰਿਗੇਡ
ਕੀ ਕੋਈ ਘਬਰਾਇਆ ਸੀ ?
ਨਹੀਂ ਕਿਉਂਕਿ ਪਤਾ ਸੀ ਸੈਨਿਕਾਂ ਨੂੰ
ਕਿਸੇ ਨੇ ਕਰ ਦਿੱਤੀ ਸੀ ਭਾਰੀ ਭੁੱਲ,
ਉਹਨਾਂ ਦਾ ਕੰਮ ਨਹੀਂ ਸੀ ਉਤਰ ਦੇਣਾ,
ਉਹਨਾਂ ਦਾ ਕੰਮ ਨਹੀਂ ਸੀ ਸਵਾਲ ਪੁੱਛਣਾ,
ਉਹਨਾਂ ਨੇ ਤਾਂ ਸੀ ਬੱਸ ਲੜਨਾ ਅਤੇ ਮਰ ਜਾਣਾ
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ
ਤੋਪਾਂ ਉਹਨਾਂ ਦੇ ਸੱਜੇ ਬਾਜ਼ੂ
ਤੋਪਾਂ ਉਹਨਾਂ ਦੇ ਖੱਬੇ ਬਾਜ਼ੂ
ਤੋਪਾਂ ਉਹਨਾਂ ਦੇ ਐਨ ਸਾਹਮਣੇ
ਦਗਦੀਆਂ ਅਤੇ ਗਰਜਦੀਆਂ
ਗੋਲਾਬਾਰੀ ਦੇ ਝੱਖੜ ਅੰਦਰ
ਵੱਧ ਚਲੇ ਨਿਡਰ ਉਹ ਸਿਧੇ
ਮੌਤ ਦੇ ਜਬਾੜ੍ਹਿਆਂ ਵਿੱਚ
ਨਰਕ ਦੇ ਮੂੰਹ ਦੇ ਅੰਦਰ
ਕੂਚ ਕਰ ਚੱਲੇ ਛੇ ਸੌ ਵੀਰ।
ਚਮਕਾਉਂਦੇ ਸਭ ਨੰਗੀਆਂ ਤਲਵਾਰਾਂ
ਹਵਾ ਵਿੱਚ ਜਦੋਂ ਉਹਨਾਂ ਨੂੰ ਲਹਿਰਾਉਂਦੇ
ਵੱਢਦੇ ਜਾਂਦੇ ਤੋਪਚੀਆਂ ਨੂੰ
ਧਾਵਾ ਕਰਦੇ ਸੈਨਾ ਉਪਰ ਜਦ ਕਿ
ਸਾਰੀਆਂ ਦੁਨੀਆਂ ਚਕਰਾਉਂਦੀ



Original with;
Dr. Gurdev Singh Sidhu
Digitized by;
Panjab Digital Library

24

Plunged in the battery-smoke
Right through the line they broke;
Cossack and Russian
Reeled from the sabre stroke
Shattered and sundered.
Cannon to the right of them,
Cannon to the left of them,
Cannon behind them
Volleyed and thundered;
Stormed at with shot and shell,
While horse and hero fell,
They that had fought so well
Came through the jaws of Death,
Back from the mouth of Hell,
All that was left of them,
Left of six hundred.
When can their glory fade?
O the wild charge they made!
All the world wondered.
Honour the charge made!
Honour the Light Brigade!
Noble six hundred.

Lord Tennyson

دل دے تو اس مزاج کا پروردگار دے
جو غم کی گھڑی کو بھی خوشی سے گزار دے +

چھیڑ نہ اے فرشتہ تو ذکرِ غمِ جاناناں
کیوں یاد دلاتے ہو بھولا ہوا افسانہ +

سجا کر میت امید ناکامی کے پھولوں سے
کسی ہمدرد نے رکھ دی مرے ٹوٹے ہوئے دل میں +



Original with;
Dr. Gurdev Singh Sidhu
Digitized by;
Panjab Digital Library

ਪੰਨਾ 27 (24)

ਭਿੜ ਪਏ ਤੋਪ ਦੇ ਧੂੰਏਂ ਵਿੱਚ
ਵਧ ਚਲੇ ਤੋੜਕੇ ਮੋਰਚਾ
ਕੱਜ਼ਾਕ ਅਤੇ ਰੂਸੀ ਸਿਪਾਹੀ
ਖਾ ਕੇ ਤਲਵਾਰਾਂ ਦੇ ਫੱਟ
ਭਿੰਨ-ਭਿੰਨ ਹੋ ਜਾਂਦੇ।
ਤੋਪਾਂ ਉਹਨਾਂ ਦੇ ਸੱਜੇ ਬਾਜੂ
ਤੋਪਾਂ ਉਹਨਾਂ ਦੇ ਖੱਬੇ ਬਾਜੂ
ਤੋਪਾਂ ਉਹਨਾਂ ਦੀ ਪਿੱਠ ਦੇ ਪਿੱਛੇ
ਦਗਦੀਆਂ ਅਤੇ ਗਰਜਦੀਆਂ,
ਗੋਲਾਬਾਰੀ ਦੇ ਝੱਖੜ ਵਿੱਚ
ਭਾਵੇਂ ਡਿੱਗੇ ਘੋੜੇ ਅਤੇ ਨਾਇਕ
ਫੇਰ ਐਨਾ ਵਧੀਆ ਜੂਝੇ
ਕਿ ਹੋ ਕੇ ਮੌਤ ਦੇ ਜਬਾੜਿਆਂ ਤੱਕ
ਪਰਤੇ ਉਹ ਨਰਕ ਦੇ ਮੂੰਹੋਂ
ਜੋ ਵੀ ਸਨ ਬਚੇ ਰਹਿ ਗਏ
ਛੇ ਸੌ ਵਿਚੋਂ ਬਚੇ ਰਹਿ ਗਏ !
ਕਦੋਂ ਹੋ ਸਕਦੈ ਘਸਮੈਲਾ ਉਹਨਾਂ ਦਾ ਜੱਸ?
ਹਾਏ ! ਉਹ ਉਹਨਾਂ ਦੀ ਬੁਲੰਦ ਚੜ੍ਹਾਈ।
ਸਾਰੀ ਦੁਨੀਆਂ ਚਕਰਾਉਂਦੀ।
ਆਦਰ, ਉਹ ਹਮਲੇ ਨੂੰ
ਆਦਰ, ਲਾਈਟ ਬ੍ਰਿਗੇਡ ਨੂੰ
ਸ਼੍ਰੇਸ਼ਟ ਛੇ ਸੌ ਵੀਰਾਂ ਨੂੰ

—ਲਾਰਡ ਟੈਨੀਸਨ

ਨੋਟ : ਪੰਨਾ 27 (24) ਦੇ ਅੰਤ ਵਿੱਚ ਇਹ ਤਿੰਨ ਸ਼ੇਅਰ ਉਰਦੂ ਵਿੱਚ ਲਿਖੇ ਹੋਏ ਹਨ। ਇਹ ਕਿਸ ਸ਼ਾਇਰ ਦੇ ਹਨ, ਇਹ ਸਪੱਸ਼ਟ ਨਹੀਂ ਹੈ। ਹੇਠਾਂ ਇਹ ਸ਼ੇਅਰ ਦੇਵਨਾਗਰੀ ਵਿੱਚ ਪ੍ਰਸਤੁਤ ਹਨ :

ਦਿਲ ਦੇ ਤੂ ਇਸ ਮਿਜ਼ਾਜ ਕਾ ਪਰਵਰ ਦਿਗਾਰ ਦੇ
ਜੋ ਗ਼ਮ ਦੀ ਘੜੀ ਕੋ ਭੀ ਖੁਸ਼ੀ ਸੇ ਗੁਜ਼ਾਰ ਦੇ

--------0---------

ਸਜ਼ਾ ਕਰ ਮੱਯਤ-ਏ-ਉਮੀਦ ਨਾਕਾਮੀ ਨੇ ਫੂਲੋਂ ਸੇ
ਕਿਸੀ ਹਮਦਰਦ ਨੇ ਰਖਦੀ ਮੇਰੇ ਟੂਟੇ ਹੁਏ ਦਿਲ ਮੇਂ।

---------0---------

ਛੇੜ ਨਾ ਐ ਫਰਿਸ਼ਤੇ ! ਤੂ ਜ਼ਿਕਰੇ ਗ਼ਮੇ-ਜਾਨਾਂ।
ਕਿਉਂ ਯਾਦ ਦਿਲਾਤੇ ਹੋ ਭੂਲਾ ਹੂਆ ਅਫਸਾਨਾ।



Original with;
Dr. Gurdev Singh Sidhu
Digitized by;
Panjab Digital Library

Birth-right

We're the sons of sires that baffled
Crowned and mitred tyranny;
They defied the field and scaffold
For their birth-rights — so will we!

[J. Campbell]

Glory of the cause

Ah! not for idle hatred, not
for honour, fame, nor self applause,
But for the glory of the cause,
You did, what will not be forgot.

[Arthur Clough]

Immortality of Soul:—

For you know if you can once get a man ~~believe~~ believing in immortality there is nothing more left for you to desire; you can take everything in the world he owns — you can skin him alive if you please — and he will bear it with perfect good humor.

[Upton Sinclair C.G. 403]

God & tyrants

A tyrant must put on the appearance of uncommon devotion to religion. Subjects are less apprehensive of illegal treatment from a ruler whom they consider god-fearing and pious. On the other hand, they do less easily move against him, believing that he has the gods on his side.



Original with;
Dr. Gurdev Singh Sidhu
Digitized by;
Panjab Digital Library

ਪੰਨਾ 28 (25)

ਜਨਮ ਸਿੱਧ ਅਧਿਕਾਰ :

ਅਸੀਂ ਸਪੂਤ ਹਾਂ ਉਹਨਾਂ ਪਿੱਤਰਾਂ ਦੇ ਜਿਹਨਾਂ ਨੱਕੀਂ ਚਣੇ ਚਬਾਏ ਸਨ
ਤਖਤਾਂ-ਤਾਜਾਂ ਅਤੇ ਜ਼ੋਰਾਵਰ ਦੇ ਅੱਤਿਆਚਾਰ ਨੂੰ,
ਉਹਨਾਂ ਵੰਗਾਰਿਆ ਸੀ ਮੈਦਾਨੇ-ਜੰਗ 'ਚੋਂ ਅਤੇ ਫਾਂਸੀ ਦੇ ਤਖਤੇ ਤੋਂ
ਆਪਣੇ ਜਨਮ-ਸਿੱਧ ਅਧਿਕਾਰ ਦੇ ਲਈ ਅਸੀਂ ਵੀ ਇਹੋ ਹੀ ਕਰਾਂਗੇ

(ਜੇ.ਕੈਂਪਬੈਲ)

---------0------

ਉਦੇਸ਼ ਦੀ ਮਹਿਮਾ :

ਅਰੇ ! ਬੇਕਾਰ ਦੀ ਨਫਰਤ ਦੇ ਵਾਸਤੇ ਨਹੀਂ,
ਨਾ ਸਨਮਾਨ ਦੇ ਲਈ, ਨਾ ਹੀ ਆਪਣੀ ਬੱਲੇ-ਬੱਲੇ ਵਾਸਤੇ,
ਬਲਕਿ ਉਦੇਸ਼ ਦੀ ਮਹਿਮਾ ਦੇ ਵਾਸਤੇ,
ਕੀਤਾ ਜੋ ਤੁਸੀਂ, ਭੁਲਾਇਆ ਨਹੀਂ ਜਾਊਗਾ।

(ਆਰਥਲ ਕਲਾਗ)

-----0------

ਆਤਮਾ ਦੀ ਅਮਰਤਾ :

ਜੇ ਤੁਹਾਨੂੰ ਕੋਈ ਅਜਿਹਾ ਆਦਮੀ ਮਿਲ ਜਾਵੇ ਜੋ ਅਮਰਤਾ ਵਿੱਚ ਵਿਸ਼ਵਾਸ ਰੱਖਦਾ ਹੋਵੇ, ਤਾਂ ਬੱਸ ਸਮਝ ਲਵੋ ਕਿ ਹੁਣ ਤੁਹਾਡੀ ਕੋਈ ਵੀ ਤਮੰਨਾ ਬਾਕੀ ਨਹੀਂ ਰਹਿ ਜਾਏਗੀ, ਤੁਸੀਂ ਉਸਦੀਆਂ ਸਾਰੀਆਂ ਚੀਜ਼ਾਂ ਲੈ ਸਕਦੇ ਹੋ - ਜੇ ਤੁਸੀਂ ਚਾਹੋ ਤਾਂ ਜਿਊਂਦੇ ਜੀ ਉਸਦੀ ਖੱਲ੍ਹ ਲਾਹ ਸਕਦੇ ਹੋ - ਅਤੇ ਉਹ ਇਸ ਨੂੰ ਇਕਦਮ ਖੁਸ਼ੀ ਖੁਸ਼ੀ ਲਾਹੁਣ ਦੇਵੇਗਾ।

(ਅਪਟਨ ਸਿਨਕਲੇਅਰ 403) ਸੀ.ਜੀ.

ਖੁਦਾਈ ਅੱਤਿਆਚਾਰੀ

ਇਕ ਜਾਲਮ ਸ਼ਾਸਕ ਦੇ ਵਾਸਤੇ ਜ਼ਰੂਰੀ ਹੈ ਕਿ ਉਹ ਜ਼ਾਹਿਰਾ ਤੌਰ ਤੇ ਧਰਮ ਵਿੱਚ ਅਸਾਧਾਰਣ ਆਸਥਾ ਵਿਖਾਵੇ। ਲੋਕੀਂ ਇੱਕ ਅਜਿਹੇ ਸ਼ਾਸਕ ਦੇ ਦੁਰਵਿਹਾਰ ਦੇ ਪ੍ਰਤੀ ਘੱਟ ਸੁਚੇਤ ਹੁੰਦੇ ਹਨ, ਜਿਸਨੂੰ ਉਹ ਰੱਬ ਤੋਂ ਡਰਨ ਵਾਲਾ ਅਤੇ ਪਵਿੱਤਰ ਮੰਨਦੇ ਹਨ ਦੂਜੇ ਉਹ ਸੌਖਿਆਂ ਉਸਦੇ ਵਿਰੋਧ ਵਿੱਚ ਨਹੀਂ ਉੱਠਦੇ, ਕਿਉਂਕਿ ਉਹਨਾਂ ਨੂੰ ਵਿਸ਼ਵਾਸ ਰਹਿੰਦਾ ਹੈ ਕਿ ਦੇਵਤੇ ਵੀ ਸ਼ਾਸਕ (ਰਾਜੇ) ਦੇ ਨਾਲ ਹਨ।



Original with;
Dr. Gurdev Singh Sidhu
Digitized by;
Panjab Digital Library

29

Soldiers & Thought —

If my soldiers were to begin to reflect, not one of them would remain in the ranks.

[Frederick the Great] 532

The Noblest fallen

The noblest have fallen. They were buried
obscurely in a deserted place.
No tears fell over them.
Strange hands carried them to the grave
No cross, no enclosure, and no tombstone tell
their glorious names.
Grass grows over them, a feeble blade
bending low keeps the secret.
The sole witness were the surging waves,
which furiously beat against the shore
But even they the mighty waves, could
not carry farewell greetings to the
distant home.

[V. N. Figner]

Prison

'There were no stars, no earth, no time,
No check, no change, no good, no crime,
But silence, and a stirless breath,
Which neither was of life nor death:

[The Prisoner of Chillon]



Original with;
Dr. Gurdev Singh Sidhu
Digitized by:
Panjab Digital Library

ਪੰਨਾ 29 (26)

ਸੈਨਿਕ ਅਤੇ ਚਿੰਤਨ

"ਜੇ ਮੇਰੇ ਸੈਨਿਕ ਸੋਚਣਾ ਸ਼ੁਰੂ ਕਰ ਦੇਣ, ਤਾਂ ਫੇਰ ਉਹਨਾਂ ਵਿਚੋਂ ਕੋਈ ਵੀ ਫੌਜ ਨਹੀਂ ਰਹੂਗਾ।"

(ਫਰੈਡਰਿਕ ਮਹਾਨ) 562

---------0-------------

ਮਰੇ ਸੋ ਸ੍ਰੇਸ਼ਟ ਸੂਰੇ:

ਮਾਰੇ ਗਏ ਨੇ ਸਰਵ ਸ੍ਰੇਸ਼ਟ ਸੂਰੇ, ਦੱਬ ਦਿੱਤੇ ਗਏ ਨੇ ਉਹ
ਚੁੱਪ-ਚਪੀਤੇ, ਇੱਕ ਰੋਹੀ ਬੀਆਬਾਨ ਦੇ ਅੰਦਰ,
ਹੰਝੂ ਕੋਈ ਨਹੀਂ ਵਗੇ ਉਹਨਾਂ ਦੀ ਖਾਤਿਰ
ਬੇਗਾਨੇ ਹੱਥਾਂ ਨੇ ਉਹਨਾਂ ਨੂੰ ਪੁਚਾ ਦਿੱਤਾ ਕਬਰਾਂ ਦੇ ਅੰਦਰ,
ਕੋਈ ਸਲੀਬ ਨਹੀਂ, ਨਹੀਂ ਕੋਈ ਚੌਂਕ, ਕੋਈ ਸਮਾਧੀ ਲੇਖ ਨਹੀਂ,
ਜੋ ਦੱਸ ਸਕੇ ਉਹਨਾਂ ਦੇ ਗੌਰਵਸ਼ਾਲੀ ਨਾਮ।
ਘਾਹ ਉੱਗ ਰਹੀ ਹੈ ਉਹਨਾਂ ਉੱਤੇ, ਇੱਕ ਮਰੀਅਲ ਜਿਹੀ ਪੱਤੀ
ਝੁਕੀ ਹੋਈ, ਜਾਣਦੀ ਹੈ ਇਸ ਰਹੱਸ ਨੂੰ,
ਬੱਸ ਇੱਕ ਮਾਤਰ ਗਵਾਹ ਸਨ ਸ਼ੂਕਦੀਆਂ ਲਹਿਰਾਂ
ਜੋ ਪ੍ਰਚੰਡ ਵਾਰ ਕਰਦੀਆਂ ਨੇ ਤੱਟ ਉੱਤੇ,
ਲੇਕਿਨ ਉਹ ਪ੍ਰਚੰਡ ਲਹਿਰਾਂ ਵੀ ਨਹੀਂ ਪੁਚਾ ਸਕਦੀਆਂ
ਅਲਵਿਦਾ ਦੇ ਸੰਦੇਸ਼
ਉਹਨਾਂ ਦੇ ਦੂਰ ਦੁਰੇਡੇ ਘਰਾਂ ਤੱਕ।

(ਵੀ.ਐਨ.ਫਿਗਨਰ)

-----0-------

ਕੈਦਖਾਨਾ:

"ਤਾਰ ਨਹੀਂ, ਦੇਸ਼ ਨਹੀਂ, ਕਾਲ ਨਹੀਂ
ਠਹਰਾਵ ਨਹੀਂ, ਬਦਲਾਵ ਨਹੀਂ, ਨੇਕੀ ਨਹੀਂ, ਬਦੀ ਨਹੀਂ
ਬਲਕਿ ਚੁੱਪ ਚਾਂਦ ਅਤੇ ਇੱਕ ਬੇਜਾਨ ਸਾਹ
ਜੋ ਨਾ ਜੀਵਨ ਦੀ, ਨਾ ਮੌਤ ਦੀ

(ਦਾ ਪ੍ਰਿਜਨਰ ਆਫ ਚਿਲੋਨ)



Original with;
Dr. Gurdev Singh Sidhu
Digitized by;
Panjab Digital Library

## After conviction:—

27 During the moments which immediately follow upon his sentence, the mind of the condemned is in many respects resembles that of a man on the point of death. Quiet, and as if inspired, he no longer clings to what he is about to leave, but firmly looks in front of him, fully conscious of the fact that what is coming is inevitable.

[V. N. Figner]

## The Prisoner:—

'It is suffocating under the low, dirty roof;
My strength grows weaker year by year.
They oppress me, this stony floor
This iron chained table,
This bed stead, this chair, chained
To the walls, like boards of the grave.
In this eternal, dumb, deep silence
One can only consider oneself a corpse.
"N. A. Morozov."

Naked walls, prison thoughts,
How dark and sad you are!
How heavy to lie a prisoner inactive,
And dream of years of freedom.

[Morozov]

مجھے ذبح کرنے کی خوشی اور مجھے مرنے کا شوق۔ میری بھی مرضی وہی جو میرے صیاد کی ہے۔



Original with;
Dr. Gurdev Singh Sidhu
Digitized by;
Panjab Digital Library

ਪੰਨਾ 30 (27)

**ਦੋਸ਼-ਸਿੱਧ ਹੋ ਜਾਣ ਦੇ ਬਾਦ :**

ਆਪਣੀ ਸਜ਼ਾ ਸੁਣ ਲੈਣ ਦੇ ਫੌਰਨ ਬਾਅਦ ਦੇ ਪਲਾਂ ਵਿੱਚ ਸਜ਼ਾ ਦੇ ਲਈ ਦੋਸ਼ੀ ਵਿਅਕਤੀ ਦਾ ਦਿਮਾਗ ਕਈ ਮਾਅਣਿਆਂ ਵਿੱਚ ਉਸ ਆਦਮੀ ਵਰਗਾ ਹੋ ਜਾਂਦਾ ਹੈ ਜੋ ਮੌਤ ਦੇ ਕੰਢੇ ਤੇ ਝੂਲ ਰਿਹਾ ਹੁੰਦਾ ਹੈ। ਚੁੱਪ-ਚਾਪ, ਅਤੇ ਸਮਝੋ ਅੰਤਰ ਪ੍ਰੇਰਿਤ ਹੋ ਕੇ ਹੁਣ ਉਹ ਉਹਨਾਂ ਸਭ ਚੀਜ਼ਾਂ ਤੋਂ ਨਿਰਮੋਹੀ ਹੋ ਜਾਂਦਾ ਹੈ ਜਿਹਨਾਂ ਨੂੰ ਉਸਨੇ ਛੱਡ ਕੇ ਜਾਣਾ ਹੈ ਅਤੇ ਉਹ ਦ੍ਰਿੜ-ਚਿੱਤ ਨਾਲ, ਆਪਣੇ ਸਾਹਮਣੇ ਵੇਖਦਿਆਂ ਹੋਇਆਂ, ਉਸ ਸਚਾਈ ਦੇ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਜਾਂਦਾ ਹੈ, ਜੋ ਲਾਜ਼ਮੀ ਹੀ ਵਾਪਰਨ ਵਾਲੀ ਹੁੰਦੀ ਹੈ।

(ਵੀ.ਐਨ.ਫਿਗਨਰ)

--------0--------

**ਕੈਦੀ :**

"ਘੁਟਣ ਹੁੰਦੀ ਹੈ ਇਸ ਨੀਵੀਂ, ਗੰਦੀ ਛੱਤ ਦੇ ਹੇਠਾਂ,
ਨੁੱਚੜਦੀ ਜਾ ਰਹੀ ਹੈ ਮੇਰੀ ਤਾਕਤ ਸਾਲ ਦਰ ਸਾਲ,
ਉਤਪੀੜਤ ਕਰਦੇ ਨੇ ਮੈਨੂੰ – ਇਹ ਪਥਰੀਲਾ ਫਰਸ਼,
ਇਹ ਲੋਹੇ ਦੀਆਂ ਜੰਜ਼ੀਰਾਂ ਨਾਲ ਬੰਨ੍ਹੀ ਮੇਜ਼
ਇਹ ਮੰਜੀ, ਇਹ ਕੁਰਸੀ ਜਕੜੀ ਹੋਈ ਜੰਜ਼ੀਰਾਂ ਵਿੱਚ
ਕੰਧ ਦੇ ਨਾਲ ਤਾਬੂਤ ਦੇ ਪਟੜਿਆਂ ਦੀ ਭਾਂਤਿ,
ਇਸ ਚਿਰ ਸਥਾਈ ਲਾਚਾਰ ਮੁਰਦਾ ਖਾਮੋਸ਼ੀ ਅੰਦਰ
ਖੁਦ ਨੂੰ ਬਸ ਇੱਕ ਲਾਸ਼ ਹੀ ਸਮਝਿਆ ਜਾ ਸਕਦਾ ਹੈ।"

"ਐਨ.ਏ.ਮੋਰੋਜ਼ੋਵ"

--------0-------

ਨੰਗੀਆਂ ਦੀਵਾਰਾਂ, ਜੇਲ੍ਹ ਦੇ ਖਿਆਲਾਤ
ਕਿੰਨੇ ਅੰਧਿਆਰੇ ਅਤੇ ਉਦਾਸ ਹੋ ਤੁਸੀਂ
ਕਿੰਨਾ ਮੁਸ਼ਕਲ ਹੈ ਕਿ ਕੈਦੀ ਬਣ ਬੇਹਰਕਤ ਰਹਿਣਾ,
ਅਤੇ ਵੇਖਣੇ ਸੁਫਨੇ ਆਜ਼ਾਦੀ ਦੇ ਦਿਨਾਂ ਦੇ।

(ਮੋਰੋਜ਼ੋਵ)



Original with;
Dr. Gurdev Singh Sidhu
Digitized by;
Panjab Digital Library

31

'Everything here is so silent; lifeless, pale,
The years pass fruit-less, leaving no trace.
The weeks and days drag on heavily
Bringing only dull boredom in their suite.'

[Morozov]

Our thoughts grow dull from long confinement;
There is a feeling of heaviness in our bones;
The minutes seem eternal from lo tearing pain,
In this cell, four steps wide.

'Entirely for our fellow men we must live,
Our entire selves for them we must give,
And for their sakes struggle against ill fate!

[Morozov]

Came to set me free ..

At last men came to set me free;
I ask'd not why, and reck'd not where,
It was at length the same to me,
Fetter'd or fetterless to be.
I learn'd to love despair.
And thus when they appear'd at last,
And all my bonds aside were cast,
These heavy walls to me had grown
A hermitage — and all my own.

[The Prisoner of Chillon]



Original with;
Dr. Gurdev Singh Sidhu
Digitized by;
Panjab Digital Library

ਪੰਨਾ 31 (28)

ਹਰੀ ਚੀਜ਼ ਏਥੇ ਹੈ ਕਿੰਨੀ ਖਾਮੋਸ਼, ਬੇਜ਼ਾਨ, ਫਿੱਕੀ
ਸਾਲ ਗੁਜ਼ਰ ਜਾਂਦੇ ਨੇ ਉਂਝ ਹੀ, ਕੁਝ ਪਤਾ ਨਹੀਂ ਲੱਗਦਾ,
ਹਫਤੇ ਅਤੇ ਦਿਨ ਲੰਘਦੇ ਨੇ ਬਹੁਤ ਮੁਸ਼ਕਲ ਦੇ ਨਾਲ,
ਦਿੰਦਾ ਹੈ ਸਿਰਫ ਬੋਰੀਅਤ ਇਹਨਾਂ ਦਾ ਇਹ ਸਿਲਸਿਲਾ

(ਮੋਰੋਜ਼ੋਵ)

---------0--------

ਲੰਬੀ ਕੈਦ ਨਾਲ ਸਾਡੇ ਖਿਆਲ ਬਣ ਜਾਂਦੇ ਨੇ ਮਨਹੂਸ,
ਭਾਰੀਪਣ ਮਹਿਸੂਸ ਹੁੰਦਾ ਹੈ ਸਾਡੀਆਂ ਹੱਡੀਆਂ ਵਿੱਚ,
ਤਸੀਹਿਆਂ ਦੀ ਟੀਸ ਨਾਲ, ਲਮਹੇ ਲੱਗਦੇ ਨੇ ਅੰਤਹੀਣ,
ਚਾਰ ਡਗ ਚੌੜੀ ਇਸ ਕੋਠੜੀ ਵਿੱਚ।

----------0---------

ਅਸੀਂ ਜਿਊਣਾ ਹੈ ਪੂਰੀ ਤਰ੍ਹਾਂ ਆਪਣੇ ਹਮਸਫਰ ਭਾਈਆਂ ਦੀ ਖਾਤਿਰ,
ਸਾਨੂੰ ਦੇਣਾ ਹੋਊਗਾ ਆਪਣਾ ਸਭ ਹੀ ਕੁਝ ਉਹਨਾਂ ਦੀ ਖਾਤਿਰ,
ਅਤੇ ਉਹਨਾਂ ਦੀ ਹੀ ਖਾਤਿਰ ਲੜਨਾ ਹੋਊਗਾ ਬਦਨਸੀਬੀ ਦੇ ਖਿਲਾਫ!

(ਮੋਰੋਜ਼ਵ)

-------0------

ਆਏ ਮੈਨੂੰ ਆਜ਼ਾਦ ਕਰਨ:

ਆਖਿਰ ਲੋਕ ਆਏ ਮੈਨੂੰ ਆਜ਼ਾਦ ਕਰਨ
ਮੈਂ ਨਹੀਂ ਪੁੱਛਿਆ ਕਿਉਂ ਅਤੇ ਨਾ ਸੋਚਿਆ ਕਿੱਥੇ
ਮੇਰੇ ਲਈ ਤਾਂ ਕੁੱਲ ਮਿਲਾਕੇ ਇਕ ਹੀ ਸੀ
ਬੰਨ੍ਹੇ ਰਹਿਣਾ ਜਾਂ ਬੰਧਨ ਮੁਕਤ ਹੋਣਾ,
ਮੈਂ ਨਿਰਾਸ਼ਾ ਨਾਲ ਪਿਆਰ ਕਰਨਾ ਸਿੱਖ ਲਿਆ ਸੀ,
ਅਤੇ ਇਸ ਤਰ੍ਹਾਂ ਆਖ਼ਿਰ ਜਦੋਂ ਉਹ ਪ੍ਰਗਟ ਹੋਏ
ਅਤੇ ਲਾਹ ਸੁੱਟੇ ਮੇਰੇ ਸਾਰੇ ਬੰਧਨ,
ਇਹ ਭਾਰੀ ਦੀਵਾਰਾਂ ਬਣ ਚੁੱਕੀਆਂ ਸਨ ਮੇਰੇ ਵਾਸਤੇ,
ਇੱਕ ਸੰਨਿਆਸ ਆਸ਼ਰਮ ਪੂਰੀ ਤਰ੍ਹਾਂ ਆਪਣਾ

(ਦਾ ਪ੍ਰਿਜਨਰ ਆਫ਼ ਚਿਲੋਨ)



Original with;
Dr. Gurdev Singh Sidhu
Digitized by;
Panjab Digital Library

'And from on high we have been honoured with
a mission!
We passed a severe school, but acquired higher
Knowledge.
Thanks to exile, prison, and a bitter lot,
We know and value the world of truth and freedom!
[Prisoner of Schlusselburg]

: o :

Death & suffering of a child:

'A child was born. He committed consciously neither bad nor good actions. He fell ill, suffered much and long, until he died in terrible agony. Why? Wherefore? It is the eternal riddle for the philosopher.'

: o :

Frame of mind of a revolutionary!

"He who has ever been under the influence of the life of Jesus, who has borne, in the name of an ideal, humiliation, suffering and death, he who has once considered Him as an ideal and his life as the prototype of a disinterested love,— will understand the frame of mind of the revolutionary who has been sentenced and thrown into a living tomb for his work on behalf of popular freedom." [Vera N. Figner]

: o :

Rights: Don't ask for rights. Take them. And don't let any one give them to you. A right that is handed to you for nothing has something the matter with it. It's more than likely it is only a wrong turned inside out.



Original with;
Dr. Gurdev Singh Sidhu
Digitized by;
Panjab Digital Library

ਪੰਨਾ 32 (29)

"ਅਤੇ ਅਸੀਂ ਸਨਮਾਨਤ ਕੀਤੇ ਗਏ ਹਾਂ ਇੱਕ ਮਿਸ਼ਨ ਦੇ ਕੇ !
ਅਸੀਂ ਇੱਕ ਕਠਨ ਸਕੂਲ ਪਾਸ ਕੀਤਾ ਹੈ, ਲੇਕਿਨ ਹਾਸਲ ਕਰ ਲਿਆ
ਉੱਚਾ ਗਿਆਨ।
ਜੇਲ੍ਹ ਅਤੇ ਮੁਸ਼ਕਲ ਦਿਨਾਂ ਦੀ ਬਦੌਲਤ
ਅਸੀਂ ਜਾਣ ਗਏ ਹਾਂ ਅਤੇ ਮੁੱਲ ਸਮਝਦੇ ਹਾਂ ਸਚਾਈ ਅਤੇ ਆਜ਼ਾਦੀ ਦੀ ਦੁਨੀਆਂ ਦਾ"

(ਪ੍ਰਿਜਨਰ ਆਫ ਸ਼ਲੂਸੇਲਬਰਗ)

---------0---------

ਇੱਕ ਬੱਚੇ ਦੀ ਮੌਤ ਅਤੇ ਪੀੜਾ

'ਇੱਕ ਬੱਚਾ ਪੈਦਾ ਹੋਇਆ। ਉਸਨੇ ਸੁਚੇਤ ਤੌਰ ਤੇ ਨਾ ਤਾਂ ਕੋਈ ਬੁਰਾ ਕੰਮ ਕੀਤਾ, ਨਾ ਅੱਛਾ ਕੰਮ ਕੀਤਾ। ਉਹ ਬਿਮਾਰ ਹੋ ਗਿਆ, ਉਹ ਲੰਬੇ ਅਰਸੇ ਤੱਕ ਕਾਫੀ ਕਸ਼ਟ ਭੋਗਦਾ ਰਿਹਾ, ਉਦੋਂ ਤੱਕ ਜਦੋਂ ਤੱਕ ਕਿ ਉਹ ਅਸਹਿ ਦੁੱਖ ਨਾਲ ਮਰ ਨਹੀਂ ਗਿਆ। ਕਿਉਂ ? ਕੀ ਵਜਾਹ ਸੀ? ਦਾਰਸ਼ਨਿਕ ਦੇ ਵਾਸਤੇ ਇਹ ਇੱਕ ਸਦੀਵੀ ਬੁਝਾਰਤ ਹੈ।'

--------0--------

ਇੱਕ ਇਨਕਲਾਬੀ ਦੇ ਦਿਮਾਗ ਦੀ ਬਨਾਵਟ :

"ਜੋ ਵਿਅਕਤੀ ਕਦੇ ਵੀ ਈਸਾ ਮਸੀਹ ਦੇ ਜੀਵਨ ਤੋਂ ਪ੍ਰਭਾਵ ਰਿਹਾ ਹੈ, ਜਿਹਨਾਂ ਨੇ ਇੱਕ ਆਦਰਸ਼ ਦੇ ਨਾਂ ਤੇ ਪੀੜਾ, ਅਪਮਾਨ ਅਤੇ ਮੌਤ ਨੂੰ ਪ੍ਰਣਾਇਆ ਹੈ, ਜਿਸ ਨੇ ਉਹਨਾਂ ਨੂੰ ਕਦੇ ਇੱਕ ਆਦਰਸ਼ ਅਤੇ ਉਹਨਾਂ ਦੇ ਜੀਵਨ ਨੂੰ ਅਮਰ ਪ੍ਰੇਮ ਦੀ ਮੂਰਤੀ ਮੰਨਿਆ ਹੈ। ਉਹੀ ਉਸ ਇਨਕਲਾਬੀ ਦੇ ਦਿਮਾਗ ਦੀ ਬਨਾਵਟ ਸਮਝ ਸਕਦਾ ਹੈ ਜਿਸਨੂੰ ਸਜ਼ਾ ਦਿੱਤੀ ਗਈ ਹੈ, ਅਤੇ ਜਨਤਾ ਦੀ ਆਜ਼ਾਦੀ ਦੇ ਵਾਸਤੇ ਕੰਮ ਕਰਨ ਦੇ ਜੁਰਮ ਵਿੱਚ ਜਿਉਂਦੇ ਹੀ ਕਬਰ ਵਿੱਚ ਗੱਡ ਦਿੱਤਾ ਗਿਆ ਹੈ।"

(ਵੇਰਾ .ਐਨ .ਫਿਗਨਰ)

---------0-------

ਅਧਿਕਾਰ :

ਅਧਿਕਾਰ ਮੰਗਣ ਨਾਲ ਨਹੀਂ, ਅੱਗੇ ਵਧਕੇ ਲੈ ਲਵੋ। ਅਤੇ ਉਹਨਾਂ ਕਿਸੇ ਨੂੰ ਵੀ ਤੁਹਾਨੂੰ ਦੇਣ ਨਾ ਦੇਵੋ। ਜੇ ਮੁਫਤ ਵਿਚ ਤੁਹਾਨੂੰ ਕੋਈ ਅਧਿਕਾਰ ਦਿੱਤਾ ਜਾਂਦਾ ਹੈ ਤਾਂ ਸਮਝੋ ਕਿ ਉਸ ਵਿੱਚ ਕੋਈ ਨਾ ਕੋਈ ਰਾਜ਼ ਜ਼ਰੂਰ ਹੈ। ਜ਼ਿਆਦਾ ਸੰਭਾਵਨਾ ਇਹ ਹੀ ਹੈ ਕਿ ਕਿਸੇ ਗਲਤ ਗੱਲ ਨੂੰ ਉਲਟਾ ਦਿੱਤਾ ਗਿਆ ਹੈ।



Original with;
Dr. Gurdev Singh Sidhu
Digitized by;
Panjab Digital Library

## No enemis ? 33

You have no enemies, you say?
Alas! my friend, the boast is poor;
He who has mingled in the fray
Of duty, that the brave endure,

Must have made foes! If you have none,
Small is the work that you have done.
You've hit no traitor on the hip,
You've dashed no cup from perjured lips,
You've never turned wrong to right,
You've been a coward in the fight.

[Charles Mackay. 747]

---

## Child labour

No fledgling feeds the father bird,
No chicken feeds the hen;
No kitten mouses for the cat —
This glory is for man.

We are the wisest, strongest Race —
Loud may our praise be sung!
The only animal alive
That lives upon its young!

[Charlotte Perkins Gilman.] 66



Original with;
Dr. Gurdev Singh Sidhu
Digitized by;
Panjab Digital Library

ਪੰਨਾ 33 (30)

**ਕੋਈ ਦੁਸ਼ਮਣ ਨਹੀਂ ?**

ਤੁਸੀਂ ਆਖਦੇ ਹੋ, ਤੁਹਾਡਾ ਕੋਈ ਦੁਸ਼ਮਣ ਨਹੀਂ?
ਅਫਸੋਸ। ਮੇਰੇ ਦੋਸਤ, ਇਸ ਸ਼ੇਖੀ ਵਿੱਚ ਦਮ ਨਹੀਂ?
ਜੋ ਸ਼ਾਮਿਲ ਹੁੰਦਾ ਹੈ ਫਰਜ਼ ਦੀ ਲੜਾਈ ਵਿੱਚ
ਜਿਸਨੂੰ ਬਹਾਦਰ ਲੜਿਆ ਹੀ ਕਰਦੇ ਨੇ,
ਉਸਦੇ ਦੁਸ਼ਮਣ ਹੋਇਆ ਹੀ ਕਰਦੇ ਨੇ। ਜੇ ਨਹੀਂ ਹਨ ਤੁਹਾਡੇ
ਤਾਂ ਉਹ ਕਾਰਜ ਤਾਂ ਤੁੱਛ ਹੈ, ਜੋ ਤੁਸੀਂ ਕੀਤਾ ਹੈ।
ਤੁਸੀਂ ਕਿਸੇ ਗਦਾਰ ਦੇ ਚੂਕਣੇ ਤੇ ਵਾਰ ਨਹੀਂ ਕੀਤਾ ਹੈ
ਤੁਸੀਂ ਝੂਠੀਆਂ ਕਸਮਾਂ ਖਾਣ ਵਾਲੇ ਦੇ ਹੋਠਾਂ ਤੋਂ ਜਾਮ ਨਹੀਂ ਖੋਹਿਆ ਹੈ,
ਤੁਸੀਂ ਕਦੇ ਕਿਸੇ ਗਲਤੀ ਨੂੰ ਦਰੁਸਤ ਨਹੀਂ ਕੀਤਾ ਹੈ,
ਤੁਸੀਂ ਤਾਂ ਕਾਇਰ ਹੀ ਬਣੇ ਰਹੇ ਲੜਾਈ ਵਿੱਚ।

(ਚਾਰਲਸ ਮੌਕੇ, 747)

**ਬਾਲ ਮਜ਼ਦੂਰੀ :**

ਚਿੜੀ ਦਾ ਬੋਟ ਚਿੜੀ ਨੂੰ ਚੋਗਾ ਨਹੀਂ ਚੁਗਾਉਂਦਾ,
ਚੂਚਾ ਮੁਰਗੀ ਨੂੰ ਚੋਗਾ ਨਹੀਂ ਖਵਾਉਂਦਾ
ਬਿੱਲੀ ਦਾ ਬਲੂੰਗੜਾ ਬਿੱਲੀ ਖਾਤਿਰ ਚੂਹੇ ਨਹੀਂ ਮਾਰਦਾ
ਇਹ ਵਡੱਪਣ ਤਾਂ ਸਿਰਫ ਮਨੁੱਖ ਨੂੰ ਹੀ ਨਸੀਬ ਹੈ
ਅਸੀਂ ਸਭ ਤੋਂ ਬੁੱਧੀਮਾਨ, ਸਭ ਤੋਂ ਬਲਵਾਨ ਨਸਲ ਹਾਂ
ਅਸੀਂ ਕਾਬਿਲੇ ਤਾਰੀਫ ਹਾਂ।
ਇੱਕ ਮਾਤਰ ਜਿੰਦਾ ਪ੍ਰਾਣੀ
ਜੋ ਜਿਊਂਦਾ ਹੈ ਆਪਣੇ ਬੱਚਿਆਂ ਦੀ ਮਿਹਨਤ ਉਪਰ।

(ਸ਼ਾਰਲੋਟ ਪਾਰਕਿਨਜ ਗਿਲਮੇਨ)



Original with;
Dr. Gurdev Singh Sidhu
Digitized by;
Panjab Digital Library

31

## No Classes! No Compromise!!
[George D. Herron]

Under the Socialist movement there is coming a time, and the time may be even now at hand, when improved conditions or adjusted wages will no longer be thought to be an answer to the cry of labour; yes when these will be but an insult to the common intelligence. It is not for better wages, improved capitalist conditions or a share of capitalist proffits that the Socialist movement is in the world; it is here for the abolition of wages and profits, and for the end of capitalism and the private capitalist. Reformed political institution, boards of arbitration between capital and labour, philanthropies and privileges that are but the capitalist gifts — none of these can much longer answer the question that is making the temples; thrones and Parliaments of the nations tremble. There can be no peace between the man who is down and the man who builds on his back. There can be no reconciliation between classes; there can only be an end of classes. It is idle to talk of good will until there is first justice, and idle to talk of justice until the man who makes the world possesses the work of his own hands. The cry of the world's workers can be answered with nothing save the whole product of their work.

[George D. Herron]



Original with;
Dr. Gurdev Singh Sidhu
Panjab Digital Library

ਪੰਨਾ 34 (31)

## ਕੋਈ ਵਰਗ ਨਹੀਂ !ਕੋਈ ਸਮਝੌਤਾ ਨਹੀਂ !!!

(ਜਾਰਜ ਡੀ.ਹੇਰਸਨ)

ਸਮਾਜਵਾਦੀ ਅੰਦੋਲਨ ਦੇ ਦੌਰਾਨ ਇੱਕ ਅਜਿਹਾ ਵਕਤ ਆ ਰਿਹਾ ਹੈ ਅਤੇ ਸੰਭਵ ਹੈ, ਉਹ ਵਕਤ ਆ ਚੁੱਕਿਆ ਹੈ, ਜਦੋਂ ਸੁਧਰੇ ਹੋਏ ਹਾਲਾਤ ਜਾਂ ਸਮਾਂ ਵੱਧ ਉਜ਼ਰਤਾਂ ਮਜ਼ਦੂਰਾਂ ਦੀਆਂ ਮੰਗਾਂ ਦਾ ਜਵਾਬ ਨਹੀਂ ਰਹਿ ਜਾਣਗੀਆਂ ਅਤੇ ਉਦੋਂ ਇਹ ਚੀਜ਼ਾਂ ਸਾਧਾਰਣ ਬੁੱਧੀ ਦੇ ਵਾਸਤੇ ਇੱਕ ਅਪਮਾਨ ਦੇ ਇਲਾਵਾ ਹੋਰ ਕੁਝ ਵੀ ਸਾਬਿਤ ਨਹੀਂ ਹੋਣਗੀਆਂ। ਅੱਜ ਦੁਨੀਆਂ ਭਰ ਵਿੱਚ ਜਿਹੜਾ ਸਮਾਜਵਾਦੀ ਅੰਦੋਲਨ ਚੱਲ ਰਿਹਾ ਹੈ ਉਹ ਬੇਹਤਰ ਉਜ਼ਰਤਾਂ, ਸੁਧਰੀਆਂ ਹੋਈਆਂ ਪੂੰਜੀਵਾਦੀ ਸਹੂਲਤਾਂ ਜਾਂ ਪੂੰਜੀਵਾਦੀ ਮੁਨਾਫੇ ਵਿਚੋਂ ਹਿੱਸਾ ਵੰਡਾਉਣ ਦੇ ਲਈ ਨਹੀਂ ਚਲ ਰਿਹਾ ਹੈ, ਇਹ ਚਲ ਰਿਹਾ ਹੈ ਉਜਰਤਾਂ ਦੇ ਮੁਨਾਫੇ ਦੇ ਖਾਤਮੇ ਵਾਸਤੇ ਅਤੇ ਪੂੰਜੀਵਾਦੀ ਤੇ ਨਿੱਜੀ ਪੂੰਜੀਪਤੀਆਂ ਦੀ ਸੰਪਤੀ ਦੇ ਵਾਸਤੇ। ਸੁਧਰੀਆਂ ਹੋਈਆਂ ਰਾਜਨੀਤਕ ਸੰਸਥਾਵਾਂ, ਪੂੰਜੀ ਅਤੇ ਮਜ਼ਦੂਰੀ ਦੇ ਵਿੱਚ ਸਮਝੌਤਾ ਕਰਾਉਣ ਵਾਲੀਆਂ ਪ੍ਰੀਸ਼ਦਾਂ ਪਰਉਪਕਾਰ ਅਤੇ ਵਿਸ਼ੇਸ਼ ਅਧਿਕਾਰ ਜੋ ਪੂੰਜੀਪਤੀਆਂ ਦੀ ਭੀਖ ਦੇ ਸਿਵਾਏ ਹੋਰ ਕੁਝ ਨਹੀਂ ਹਨ -ਇਹਨਾਂ ਵਿਚੋਂ ਕੋਈ ਵੀ ਚੀਜ਼ ਉਸ ਸਵਾਲ ਦਾ ਜਵਾਬ ਨਹੀਂ ਦੇ ਸਕਦੀ ਜੋ ਮੰਦਰਾਂ , ਸੱਤਾ ਦੇ ਸਿੰਘਾਸਣਾਂ ਅਤੇ ਸੰਸਦਾਂ ਨੂੰ ਕਾਂਬਾ ਚਾੜ ਰਿਹਾ ਹੈ। ਜੋ ਲੋਕ ਦੱਬੇ ਕੁਚਲੇ ਹਨ ਅਤੇ ਜੋ ਲੋਕ ਉਹਨਾਂ ਦੇ ਮੋਢਿਆਂ ਤੇ ਚੜ੍ਹਕੇ ਅੱਗੇ ਵਧੇ ਹੋਏ ਹਨ, ਹੁਣ ਇਨ੍ਹਾਂ ਦੋਵਾਂ ਦੇ ਵਿੱਚ ਕੋਈ ਅਮਨ ਚੈਨ ਨਹੀਂ ਰਹਿ ਸਕਦਾ। ਹੁਣ ਵਰਗਾਂ ਦੇ ਵਿੱਚ ਕੋਈ ਮੇਲ ਮਿਲਾਪ ਨਹੀਂ ਹੋ ਸਕਦਾ, ਹੁਣ ਤਾਂ ਵਰਗਾਂ ਦਾ ਅੰਤ ਹੀ ਹੋ ਸਕਦਾ ਹੈ। ਜਦੋਂ ਤੱਕ ਪਹਿਲਾਂ ਇਨਸਾਫ ਨਾ ਹੋਵੇ, ਉਦੋਂ ਤੱਕ ਸਦਭਾਵਨਾ ਦੀ ਗੱਲ ਕਰਨਾ ਬੇਹੂਦਾ ਸ਼ੋਰ-ਗੁੱਲ ਹੈ, ਅਤੇ ਜਦੋਂ ਤੱਕ ਇਸ ਦੁਨੀਆਂ ਦਾ ਨਿਰਮਾਣ ਕਰਨ ਵਾਲਿਆਂ ਦਾ ਆਪਣੀ ਮਿਹਨਤ ਉੱਤੇ ਅਧਿਕਾਰ ਨਾ ਹੋਵੇ, ਉਦੋਂ ਤੱਕ ਇਨਸਾਫ ਦੀ ਗੱਲ ਕਰਨਾ ਫਜ਼ੂਲ ਹੈ। ਦੁਨੀਆਂ ਦੇ ਮਜ਼ਦੂਰਾਂ ਦੀ ਮੰਗ ਦਾ ਜਵਾਬ ਉਹਨਾਂ ਦੀ ਮਿਹਨਤ ਦੀ ਸਮੁੱਚੀ ਕਮਾਈ ਦੇ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ।

(ਜਾਰਜ ਡੀ . ਹੇਰਸਨ)



Original with;
Dr. Gurdev Singh Sidhu
Digitized by;
Panjab Digital Library

Economic Estimates about
Theodore Hertzka (1886)

Austria — every family = 5 rooms 40 ft Sq: House
to last for 50 years.

workers workable age 16—50.
So we have 5,000,000.
Labour of 615,000 workers is sufficient to produce food for 22,000,000 people = 12.3% of

Including labor cost of transport, luxuries need only 315,000 [=6.3%] workers' labour.

that amounts to this that 20% of the available labour is enough for supporting the whole of the continent. The rest 80% is exploited and wasted due to Capitalist order of Society.



Original with;
Dr. Gurdev Singh Sidhu
Digitized by;
Panjab Digital Library

ਪੰਨਾ 35 (32)

ਪੂੰਜੀਵਾਦ ਦੀ ਬਰਬਾਦੀਆਂ

ਆਸਟਰੇਲੀਆ ਸਬੰਧੀ ਆਰਥਿਕ ਅਨੁਮਾਨ ਥਿਓਡੋਰ ਹਰਟਜ਼ਦਾ (1886) ਦੁਆਰਾ: ਹਰ ਇੱਕ ਟੱਬਰ : 40 ਵਰਗ ਫੁੱਟ ਵਿੱਚ 5 ਕਮਰਿਆਂ ਵਾਲਾ ਮਕਾਨ 50 ਸਾਲਾਂ ਤੱਕ ਚੱਲਣ ਯੋਗ।

ਮਜ਼ਦੂਰਾਂ ਦੀ ਕੰਮ ਕਰਨ ਦੀ ਉਮਰ =16–50 (ਵਰ੍ਹੇ-ਸੰ)

ਇਸ ਤਰ੍ਹਾਂ ਸਾਡੇ ਕੋਲ ਹਨ 5,000,000 (ਮਜ਼ਦੂਰ-ਸੰ)

615,000 ਮਜ਼ਦੂਰਾਂ ਦੀ ਮਿਹਨਤ=ਮਿਹਨਤ ਦਾ 12.3 ਪ੍ਰਤੀਸ਼ਤ 22,000,000 ਲੋਕਾਂ ਦਾ ਭੋਜਨ ਪੈਦਾ ਕਰਨ ਦੇ ਲਈ ਕਾਫੀ ਹੈ।

ਆਵਾਜਾਈ – ਪਰਿਵਹਨ ਦੀ ਮਿਹਨਤ ਲਾਗਤ ਸਮੇਤ, ਵਿਸ਼ੇਸ਼ਤਾਵਾਂ ਹੇਠ ਸਿਰਫ 315,000 =6.33 ਪ੍ਰਤੀਸ਼ਤ ਮਜ਼ਦੂਰਾਂ ਦੀ ਮਿਹਨਤ ਦੀ ਲੋੜ ਪੈਂਦੀ ਹੈ।

ਇਸਦਾ ਮਤਲਬ ਇਹ ਹੋਇਆ ਕਿ ਉਪਲੱਬਧ ਮਿਹਨਤ ਦਾ 20 ਪ੍ਰਤੀਸ਼ਤ ਹੀ ਸਮੁੱਚੇ ਮਹਾਂਦੀਪ ਦੇ ਪਾਲਣ-ਪੋਸ਼ਣ ਦੇ ਲਈ ਕਾਫੀ ਹੈ। ਬਾਕੀ 80 ਪ੍ਰਤੀਸ਼ਤ ਸਮਾਜ ਦੀ ਪੂੰਜੀਵਾਦੀ ਵਿਵਸਥਾ ਦੇ ਕਾਰਨ ਸੋਸ਼ਿਤ ਅਤੇ ਬਰਬਾਦ ਹੋ ਜਾਂਦਾ ਹੈ।



Original with;
Dr. Gurdev Singh Sidhu
Digitized by;
Panjab Digital Library

36

## Czarist Regime & the Bolshevist Regime:—

Frazier Hunt tells that in the first fourteen months of their rule, the Bolsheviks executed 4,500 men, mostly for stealing and speculation.

After the 1905 Revolution, Stolypin, minister of Czar, caused the execution of 32,773 men with-in twelve months

[P. 390
Brain check]



*Original with;*
Dr. Gurdev Singh Sidhu
*Digitized by;*
Panjab Digital Library

ਪੰਨਾ 36 (33)

ਜ਼ਾਰਸ਼ਾਹੀ ਸਾਸ਼ਨ ਅਤੇ ਬੋਲਸ਼ਵਿਕ ਸ਼ਾਸ਼ਨ

ਬ੍ਰੈਜੀਅਰ ਹੰਟ ਆਖਦਾ ਹੈ ਕਿ ਬੋਲਸ਼ਿਵਕਾਂ ਨੇ ਆਪਣੇ ਸ਼ਾਸ਼ਨ ਦੇ ਪਹਿਲੇ ਚੌਦਾਂ ਮਹੀਨਿਆਂ ਵਿੱਚ 4500 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਿਹਨਾਂ ਵਿਚੋਂ ਵੱਧ ਜਣਿਆਂ ਦਾ ਜੁਰਮ ਚੋਰੀ ਅਤੇ ਸੱਟੇਬਾਜੀ ਸੀ।

1905 ਦੇ ਇਨਕਲਾਬ ਦੇ ਬਾਦ, ਜ਼ਾਰ ਦੇ ਮੰਤਰੀ ਸਤੋਂਲੀਪਨ ਨੇ ਬਾਰ੍ਹਾਂ ਮਹੀਨਿਆਂ ਦੇ ਅੰਦਰ 32773 ਲੋਕਾਂ ਨੂੰ ਮੌਤਦੀ ਸਜ਼ਾ ਦਿੱਤੀ ਸੀ।

(ਪੰ. 390 ਬਰਾਸ ਚੈਕ)

--------0--------



Original with;
Dr. Gurdev Singh Sidhu
Digitized by;
Panjab Digital Library

...mency of the social institutions.

"It is one of the illusions of each generation that the social institutions in which it lives are, in some peculiar "sense," "natural," unchangeable and permanent. Yet for countless thousands of years social institutions have been successively arising, developing, decaying and becoming gradually superseded by others better adapted to contemporary needs......

... The question, then, is not whether our present civilization will be transformed, but how it will be transformed.

It may by considerate adaptation, be made to pass gradually and peacefully into a new form. Or, if there is angry resistance instead of adaptation, it may crash, leaving mankind painfully to build up a new civilization from the lower level of a stage of social chaos and disorder in which not only the abuses but also the material, intellectual and moral gains of the previous order will have been lost."

P1. Decay of Cap. Civilization



Original with;
Dr. Gurdev Singh Sidhu
Digitized by;
Panjab Digital Library

ਪੰਨਾ 37 (34)

ਸਮਾਜਿਕ ਸੰਸਥਾਵਾਂ ਦਾ ਸਥਾਈਪਣ

"ਹਰ ਇੱਕ ਪੀੜ੍ਹੀ ਦੇ ਭਰਮਾਂ ਵਿਚੋਂ ਇੱਕ ਭਰਮ ਇਹ ਹੈ ਕਿ ਉਹ ਜਿਹਨਾਂ ਸਮਾਜਿਕ ਸੰਸਥਾਵਾਂ ਦੇ ਤਹਿਤ ਜਿਉਂ ਰਹੀ ਹੈ, ਉਹ ਕੁਝ ਖਾਸ ਮਾਅਨਿਆਂ ਵਿੱਚ "ਪ੍ਰਾਕ੍ਰਿਤਕ" ਅਬਦਲ ਅਤੇ ਸਥਾਈ ਹਨ। ਫਿਰ ਵੀ ਅਣਗਿਣਤ ਹਜ਼ਾਰਾਂ ਵਰ੍ਹਿਆਂ ਅੰਦਰ, ਸਮਾਜਿਕ ਸੰਸਥਾਵਾਂ ਨਿਰੰਤਰ ਪੈਦਾ ਹੁੰਦੀਆਂ ਰਹੀਆਂ ਹਨ, ਵਿਕਾਸ ਕਰਦੀਆਂ ਰਹੀਆਂ ਹਨ, ਪਤਨਸ਼ੀਲ ਹੁੰਦੀਆਂ ਰਹੀਆਂ ਹਨ ਅਤੇ ਸਮੇਂ ਦੇ ਅਨੁਰੂਪ ਅਵੱਸ਼ਕਤਾਵਾਂ ਦੇ ਅਨੁਕੂਲ ਦੂਜੀਆਂ ਹੋਰ ਬੇਹਤਰ ਸੰਸਥਾਵਾਂ ਰਾਹੀ ਵਿਸਥਾਪਤ ਕੀਤੀਆਂ ਜਾਂਦੀਆਂ ਰਹੀਆਂ ਹਨ। ....। ਹੁਣ ਸਵਾਲ ਇਹ ਨਹੀਂ ਹੈ ਕਿ ਸਾਡੀ ਮੌਜੂਦਾ ਸੱਭਿਅਤਾ ਬਦਲੂਗੀ ਜਾਂ ਨਹੀਂ, ਬਲਕਿ ਇਹ ਹੈ ਕਿ ਉਹ ਕਿਸ ਤਰਾਂ ਬਦਲੂਗੀ?

ਇਹ ਚੰਗੀ ਤਰ੍ਹਾਂ ਸੋਚੇ ਵਿਚਾਰੇ ਅਨੁਕੂਲਨ ਦੇ ਰਾਹੀਂ, ਸਿਲਸਿਲੇਵਾਰ ਅਤੇ ਚੁੱਪ ਚਾਪ ਇੱਕ ਨਵਾਂ ਰੂਪ ਲੈ ਸਕਦੀ ਹੈ। ਜਾਂ, ਜੇਕਰ ਅਨੁਕੂਲਣ ਦੀ ਥਾਂ ਤੇ ਕੋਈ ਉਗਰ ਪ੍ਰਤੀਰੋਧ ਉੱਠ ਖੜਾ ਹੁੰਦਾ ਹੈ ਤਾਂ ਇਹ ਧਮਾਕੇ ਦੇ ਨਾਲ ਤਬਾਹ ਹੋ ਸਕਦੀ ਹੈ, ਅਤੇ ਮਾਨਵ ਜਾਤੀ ਨੂੰ ਸਮਾਜਿਕ ਅਰਾਜਕਤਾ ਅਤੇ ਅਵਿਵਸਥਾ ਦੀ ਅਵਸਥਾ ਦੇ ਹੇਠਲੇ ਪੱਧਰ ਤੋਂ ਇੱਕ ਨਵੀਂ ਸੱਭਿਅਤਾ ਦੇ ਨਿਰਮਾਣ ਦੀ ਕਸ਼ਟਦਾਇਕ ਜ਼ਿੰਮੇਵਾਰੀ ਸੌਂਪ ਸਕਦੀ ਹੈ, ਜਿਸ ਵਿੱਚ ਪਿਛਲੀ ਵਿਵਸਥਾ ਦੀਆਂ ਸਿਰਫ ਬੁਰਾਈਆਂ ਹੀ ਨਹੀਂ, ਬਲਕਿ ਉਸਦੀਆਂ ਭੌਤਿਕ, ਬੌਧਿਕ ਅਤੇ ਨੈਤਿਕ ਉਪਲਬਧੀਆਂ ਵੀ ਨਹੀਂ ਰਹਿਣਗੀਆਂ।"

–ਪੀ.ਆਈ.ਡਿਕੇ. ਆਫ ਕੈਂਪ ਸਿਵਿਲਾਈਜੇਸ਼ਨ



Original with;
Dr. Gurdev Singh Sidhu
Digitized by;
Panjab Digital Library

Capitalism & Commercialism

Rabindra Nath's address to an assembly of Japanese Students:—

" You had your own industry in Japan; how scrupulously honest and true it was, you can see by its products — by their grace and strength, their conscientiousness in details, where they can hardly be observed. But the tidal wave of falsehood has swept over your land, from that part of the world where business is business, and honesty is followed merely as the best policy. Have you never felt shame when you see the trade advertisements, not only plastering the whole town with lies and exaggerations, but invading the green fields, where the peasants do their honest labour, and the hilltops, which greet the first pure light of the morning? ... This commercialism with its barbarity of ugly decorations is a terrible menace to all humanity, because it is setting up the ideal of power over the perfection. It is making the cult of self-seeking exult in its naked shamelessness. ... Its movements are violent, its noise is discordantly loud. It is carrying its own damnation because it is trampling into distortion



Original with;
Dr. Gurdev Singh Sidhu
Digitized by;
Panjab Digital Library

ਪੰਨਾ 38 (35)

**ਪੂੰਜੀਵਾਦ ਅਤੇ ਵਣਜਵਾਦ :**

ਜਾਪਾਨੀ ਵਿਦਿਆਰਥੀਆਂ ਦੀ ਇੱਕ ਇਕੱਤਰਤਾ ਵਿੱਚ ਰਾਵਿੰਦਰ ਨਾਥ ਦਾ ਭਾਸ਼ਣ :

"ਜਾਪਾਨ ਅੰਦਰ ਤੁਹਾਡਾ ਉਦਯੋਗ ਸੀ, ਉਹ ਕਿੰਨੇ ਜ਼ੁੰਮੇਵਾਰਾਨਾ ਭਾਵ ਨਾਲ ਇਮਾਨਦਾਰ ਅਤੇ ਸੱਚਾ ਸੀ, ਜਿਸਨੂੰ ਤੁਸੀਂ ਇਸਦੇ ਉਤਪਾਦਾਂ ਤੋਂ -ਉਹਨਾਂ ਦੇ ਮਿਆਰ ਅਤੇ ਤਾਦਾਦ ਤੋਂ ਛੋਟੀਆਂ ਛੋਟੀਆਂ ਚੀਜ਼ਾਂ ਪ੍ਰਤੀ ਉਹਨਾਂ ਦੇ ਗੌਰ ਕਰਨ ਤੋਂ ਜਾਣ ਸਕਦੇ ਹੋ, ਜਿਹਨਾਂ ਉਪਰ ਸ਼ਾਇਦ ਹੀ ਕੋਈ ਟੀਕਾ ਟਿਪਣੀ ਕੀਤੀ ਜਾ ਸਕੇ। ਪਰੰਤੂ ਤੁਹਾਡੀ ਧਰਤੀ ਤੇ ਝੂਠ ਦੀ ਇੱਕ ਲਹਿਰ ਦੁਨੀਆਂ ਦੇ ਉਸ ਭਾਗ ਤੋਂ ਵਹਿਕੇ ਆ ਚੁੱਕੀ ਹੈ ਜਿਥੇ ਵਿਉਪਾਰ ਸਿਰਫ ਵਿਉਪਾਰ ਹੈ ਅਤੇ ਇਮਾਨਦਾਰੀ ਨੂੰ ਸਿਰਫ ਸਭ ਤੋਂ ਅੱਛੀ ਨੀਤੀ ਮੰਨਿਆ ਜਾਂਦਾ ਹੈ। ਕੀ ਤੁਹਾਨੂੰ ਕਦੇ ਸ਼ਰਮ ਨਹੀਂ ਮਹਿਸੂਸ ਹੁੰਦੀ, ਜਦੋਂ ਤੁਸੀਂ ਉਹਨਾਂ ਵਪਾਰਕ ਵਿਗਿਆਪਨਾਂ ਨੂੰ ਵੇਖਦੇ ਹੋ, ਜੋ ਸਿਰਫ ਸਮੁੱਚੇ ਸ਼ਹਿਰੀ ਖੇਤਰ ਨੂੰ ਹੀ ਝੂਠ ਅਤੇ ਅੱਤਕਥਨੀਆਂ ਨਾਲ ਨਹੀਂ ਪਾੜ ਰਹੇ ਹਨ, ਬਲਕਿ ਉਹਨਾਂ ਹਰੇ ਭਰੇ ਪੇਂਡੂ ਖੇਤਰਾਂ ਉਪਰ ਵੀ ਧਾਵਾ ਬੋਲਦੇ ਜਾ ਰਹੇ ਹਨ, ਜਿੱਥੇ ਕਿਸਾਨ ਇਮਾਨਦਾਰੀ ਨਾਲ ਮਿਹਨਤ ਕਰਦੇ ਹਨ ਅਤੇ ਉਹਨਾਂ ਪਹਾੜੀ ਚੋਟੀਆਂ ਨੂੰ ਵੀ ਆਪਣਾ ਨਿਸ਼ਾਨਾ ਬਣਾਈ ਜਾ ਰਹੇ ਹਨ, ਜੋ ਸੁਬਾਹ ਦੀ ਪਹਿਲੀ ਨਿਰਮਲ ਕਿਰਣ ਦਾ ਸਵਾਗਤ ਕਰਦੀਆਂ ਹਨ ? ਆਪਣੀਆਂ ਭੱਦੀਆਂ ਸਜ਼ਾਵਾਂ ਦੀ ਬਰਬਰਤਾ ਦੇ ਨਾਲ ਉਹ ਵਣਜਵਾਦ ਸਮੁੱਚੀ ਮਾਨਵਤਾ ਵਾਸਤੇ ਇੱਕ ਭਿਆਨਕ ਮਹਾਂ-ਆਫਤ ਹੈ ਕਿਉਂਕਿ ਇਹ ਪ੍ਰਵੀਨਤਾ ਦੇ ਉਪਰ ਤਾਕਤ ਦੇ ਆਦਰਸ਼ ਦਾ ਅਰੋਪਣ ਕਰ ਰਿਹਾ ਹੈ। ਇਹ ਆਪਣੀ ਨੰਗੀ ਬੇਸ਼ਰਮੀ ਦੇ ਨਾਲ ਆਪਣੇ 'ਚ ਹੀ ਮਗਨ ਰਹਿਣ ਦੀ ਆਦਤ ਨੂੰ ਗੌਰਵਮਈ ਬਣਾ ਰਿਹਾ ਹੈ। ਇਸਦੀਆਂ ਹਰਕਤਾਂ ਹਿੰਸਕ ਹਨ ਅਤੇ ਇਸਦਾ ਸ਼ੋਰ-ਸ਼ਰਾਬਾ ਬੇਸੁਰਾ ਕਿਰਕਿਰਾ ਹੈ। ਇਹ ਆਪਣੇ ਹੀ ਸਰਬਨਾਸ਼ ਵੱਲੀਂ ਵਧ ਰਿਹਾ ਹੈ ਕਿਉਂਕਿ ਇਹ ਉਹੀ ਮਾਨਵਤਾ ਨੂੰ ਦਰੜ ਕੇ ਕਰੂਪ ਬਣਾ ਰਿਹਾ ਹੈ... ਜਿਸ ਉਪਰ ਉਹ ਖੁਦ ਖੜ੍ਹਾ ਹੈ।



Original with;
Dr. Gurdev Singh Sidhu
Digitized by;
Panjab Digital Library

39

The humanity upon which it stands. It is strenuously turning out the money at the cost of happiness ... The vital ambition of the present civilization of Europe is to have the exclusive possession of the devil.

Capitalist Society

"The foremost truth of political economy is that everyone desires to obtain individual wealth with as little sacrifice as possible." Nassau Senior.



Original with;
Dr. Gurdev Singh Sidhu
Digitized by;
Panjab Digital Library

(ਪੰਨਾ 39 (36)

ਇਹ ਆਨੰਦ ਦੇ ਮੁੱਲ ਉੱਤੇ ਧਨ ਪੈਦਾ ਕਰਨ ਦੀ ਇੱਕ ਸਖਤ ਮੁਸ਼ੱਕਤ ਵਿੱਚ ਜੁਟਿਆ ਹੋਇਆ ਹੈ। ਯੂਰਪ ਦੀ ਮੌਜੂਦਾ ਸੱਭਿਅਤਾ ਦੀ ਮੁੱਖ ਇੱਛਾ ਇਹ ਹੀ ਹੈ ਕਿ ਸ਼ੈਤਾਨ ਉਪਰ ਉਸਦਾ ਹੀ ਇੱਕ ਮਾਤਰ ਅਧਿਕਾਰ ਹੋਵੇ।

-------0---------

**ਪੂੰਜੀਵਾਦੀ ਸਮਾਜ**

"ਰਾਜਨੀਤਕ ਅਰਥ ਸ਼ਾਸਤਰ ਦੀ ਸਭ ਤੋਂ ਵੱਡੀ ਸਚਾਈ ਇਹ ਹੈ ਕਿ ਹਰ ਕੋਈ ਯਥਾ ਸੰਭਵ ਘੱਟ ਤੋਂ ਘੱਟ ਤਿਆਗ ਕਰਕੇ ਵਿਅਕਤੀਗਤ ਦੌਲਤ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ।"

–ਨਾਸੈਨ ਸੀਨੀਅਰ



Original with;
Dr. Gurdev Singh Sidhu
Digitized by;
Panjab Digital Library

Karl Marx on Religion :—

Man makes religion; religion does not make man. Religion indeed, is the self-consciousness and the self-feeling of man who either has not yet found himself or else (have found himself) has lost himself once more. But man is not an abstract being, squatting down somewhere outside the world. Man is the world of men, the State, society. This State, this society produces religion, for a perverted world consciousness, because they are a perverted world. Religion is the generalized theory of this world, its encyclopaedic compend, its logic in a popular form ... The fight against religion is, therefore a direct campaign against the world whose spiritual aroma is religion



Original with;
Dr. Gurdev Singh Sidhu
Digitized by;
Panjab Digital Library

ਪੰਨਾ 40 (37)

## ਧਰਮ ਦੇ ਬਾਰੇ ਕਾਰਲ ਮਾਰਕਸ ਦਾ ਦ੍ਰਿਸ਼ਟੀਕੋਣ

ਮਨੁੱਖ ਧਰਮ ਨੂੰ ਬਣਾਉਂਦਾ ਹੈ, ਧਰਮ ਮਨੁੱਖ ਨੂੰ ਨਹੀਂ ਬਣਾਉਂਦਾ। ਧਰਮ ਵਾਸਤਵ ਵਿੱਚ ਮਨੁੱਖ ਦੀ ਹੀ ਸਵੈ-ਚੇਤਨਾ ਅਤੇ ਸਵੈ-ਭਾਵਨਾ ਹੈ, ਜਿਸ ਨੇ ਜਾਂ ਤਾਂ ਅਜੇ ਤੱਕ ਆਪਣੇ ਆਪ ਨੂੰ ਸਮਝਿਆ ਹੀ ਨਹੀਂ ਹੈ, ਜਾਂ (ਜੇ ਆਪਣੇ ਆਪ ਨੂੰਸਮਝ ਵੀ ਲਿਆ ਹੈ ਤਾਂ) ਆਪਣੇ ਆਪ ਨੂੰ ਫਿਰ ਤੋਂ ਗੰਵਾ ਲਿਆ ਹੈ, ਲੇਕਿਨ ਆਦਮੀ ਕੋਈ ਅਜਿਹੀ ਅਮੂਰਤ ਸੱਤਾ ਨਹੀਂ ਹੈ ਜੋ ਦੁਨੀਆਂ ਤੋਂ ਬਾਹਰ ਕਿਧਰੇ ਪਾਲਥੀ ਮਾਰੀ ਬੈਠੀ ਹੋਵੇ। ਮਨੁੱਖ ਦੀ ਦੁਨੀਆਂ ਮਨੁੱਖਾਂ, ਰਾਜ ਸਮਾਜ ਦੀ ਦੁਨੀਆਂ ਹੈ। ਇਹ ਰਾਜ, ਇਹ ਸਮਾਜ ਧਰਮ ਪੈਦਾ ਕਰਦਾ ਹੈ। ਇੱਕ ਉਲਟ ਸੰਸਾਰ ਚੇਤਨਾ ਪੈਦਾ ਕਰਦਾ ਹੈ, ਕਿਉਂਕਿ ਇਹ ਖੁਦ ਇੱਕ ਉਲਟੀ ਦੁਨੀਆਂ ਹੈ। ਧਰਮ ਏਸੇ ਦੁਨੀਆਂ ਦਾ ਇੱਕ ਸਾਧਾਰਣੀਕ੍ਰਿਤ ਸਿਧਾਂਤ ਹੈ, ਇਸਦਾ ਵਿਸ਼ਵਕੋਸ਼ੀ ਸਾਰ ਸੰਗ੍ਰਹਿ ਹੈ, ਇੱਕ ਲੋਕਪ੍ਰਿਯ ਰੂਪ ਵਿੱਚ ਦੁਨੀਆਂ ਦੇ ਵਿਰੁੱਧ ਇੱਕ ਪ੍ਰਤੱਖ ਲੜਾਈ ਹੈ ਜਿਸਦੀ ਆਤਮਿਕ ਸੁੰਗਧ ਧਰਮ ਹੈ। ਇਸਦਾ ਤਰਕ ਹੈ...। ਇਸ ਲਈ ਧਰਮ ਦੇ ਵਿਰੁੱਧ ਸੰਘਰਸ਼ ਉਸ ਦੁਨੀਆਂ ਦੇ ਵਿਰੁੱਧ ਇੱਕ ਪ੍ਰਤੱਖ ਸ਼ੁਰੂਆਤ ਹੈ ਜਿਸਦੀ ਆਤਮਿਕ ਸੁਗੰਧੀ ਧਰਮ ਹੈ।



Original with;
Dr. Gurdev Singh Sidhu
Digitized by;
Panjab Digital Library

Continued from last page :— **41**

Religion is the sigh of oppressed creature, the feelings of a heartless world, just as it is the spirit of unspiritual conditions. It is the opium of the people.

The people can not be really happy until it has been deprived of illusory happiness by the abolition of religion. The demand that the people should shake itself free of illusion as to its own condition is the demand that it should abandon a condition which needs illusion.

The weapon of criticism can not replace the criticism of weapons. Physical force must be overthrown by physical force; but theory too, becomes a physical force as soon as it takes possession of the masses.



Original with;
Dr. Gurdev Singh Sidhu
Digitized by;
Panjab Digital Library

ਪੰਨਾ 41 (38)

ਧਰਮ ਦੁਖੀ ਪ੍ਰਾਣੀ ਦੀ ਆਹ ਹੈ, ਇੱਕ ਪੱਥਰ ਦਿਲ ਦੁਨੀਆਂ ਦਾ ਦਿਲ ਹੈ, ਠੀਕ ਵੈਸੇ ਹੀ ਜਿਵੇਂ ਕਿ ਇਹ ਆਤਮਹੀਣ ਪਰਸਥਿਤੀਆਂ ਦੀ ਆਤਮਾ ਹੈ। ਇਹ ਲੋਕਾਂ ਦੇ ਵਾਸਤੇ ਅਫੀਮ ਹੈ।

ਲੋਕੀਂ ਵਾਸਤਵ ਵਿੱਚ ਉਦੋਂ ਤੱਕ ਸੁਖੀ ਨਹੀਂ ਹੋ ਸਕਦੇ ਜਦੋਂ ਤੱਕ ਕਿ ਉਹ ਧਰਮ ਦਾ ਫਸਤਾ ਵੱਢ ਕੇ ਇਸਦੇ ਮਿੱਥਿਆ ਸੁੱਖ ਤੋਂ ਛੁਟਕਾਰਾ ਨਹੀਂ ਪਾ ਲੈਂਦੇ। ਇਹ ਉਮੀਦ ਹੈ ਕਿ ਲੋਕ ਇਸ ਮ੍ਰਿਗਤ੍ਰਿਸ਼ਨਾ ਤੋਂ ਆਪਣੇ ਆਪ ਨੂੰ ਖੁਦ ਆਪਣੀ ਹੀ ਹਾਲਤ ਦੇ ਖਾਤਿਰ ਮੁਕਤ ਕਰਨ, ਇਹ ਉਮੀਦ ਹੈ ਕਿ ਉਹ ਉਸ ਹਾਲਤ ਦਾ ਤਿਆਗ ਕਰਨ ਜਿਸਨੂੰ ਇਸ ਮ੍ਰਿਗ ਤ੍ਰਿਸ਼ਨਾ ਦੀ ਜ਼ਰੂਰਤ ਹੁੰਦੀ ਹੈ।

ਆਲੋਚਨਾ ਦਾ ਹਥਿਆਰ, ਹਥਿਆਰਾਂ ਦੀ ਆਲੋਚਨਾ ਦੀ ਥਾਂ ਨਹੀਂ ਲੈ ਸਕਦਾ। ਭੌਤਿਕ ਸ਼ਕਤੀਆਂ ਨੂੰ ਨਿਸ਼ਚਤ ਰੂਪ ਵਿੱਚ ਭੌਤਿਕ ਸ਼ਕਤੀਆਂ ਵਲੋਂ ਹੀ ਉਖਾੜਿਆ ਜਾਣਾ ਚਾਹੀਦਾ ਹੈ, ਲੇਕਿਨ ਸਿਧਾਂਤ ਵੀ ਜਦੋਂ ਜਨ ਸਮੁਦਾਇਆਂ ਵਿੱਚ ਰਚ-ਮਿਚ ਜਾਂਦਾ ਹੈ ਤਾਂ ਇੱਕ ਭੌਤਿਕ ਸ਼ਕਤੀ ਬਣ ਜਾਂਦਾ ਹੈ।



Original with;
Dr. Gurdev Singh Sidhu
Digitized by;
Panjab Digital Library

## A Revolution not Utopian

A radical revolution, the general emancipation of mankind, is not a utopian dream for Germany; what is utopian is the idea of a partial, an exclusively political revolution, which would leave the pillars of the house standing.

Great are great because
we are on knees
Let us Rise!



Original with;
Dr. Gurdev Singh Sidhu
Digitized by;
Panjab Digital Library

ਪੰਨਾ 42 (39)

ਇਨਕਲਾਬ ਯੂਟੋਪੀਆਈ ਨਹੀਂ

ਇੱਕ ਮੂਲਪਰਵਰਤਨਵਾਦੀ ਇਨਕਲਾਬ, ਯਾਨੀ ਮਾਨਵਜਾਤੀ ਦੀ ਆਮ ਮੁਕਤੀ, ਜਰਮਨੀ ਦੇ ਵਾਸਤੇ ਸੁਪਨਾ ਨਹੀਂ ਹੈ, ਯੂਟੋਪੀਆਈ ਤਾਂ ਇੱਕ ਅੰਸ਼ਿਕ, ਇੱਕ ਵਿਸ਼ੁੱਧ ਰਾਜਨੀਤਕ ਇਨਕਲਾਬ ਦੀ ਧਾਰਣਾ ਹੁੰਦੀ ਹੈ, ਜੋ(ਪੂੰਜੀਵਾਦੀ ਵਿਵਸਥਾ ਪ-ਸ.) ਇਮਾਰਤ ਦੇ ਥਮਲਿਆਂ ਨੂੰ ਖੜਿਆਂ ਛੱਡ ਦੇਵੇਗੀ।

--------0---------

"ਮਹਾਨ ਇਸ ਕਰਕੇ ਮਹਾਨ ਹੈ ਕਿਉਂਕਿ
ਅਸੀਂ ਗੋਡਿਆਂ ਪਰਨੇ ਹਾਂ
ਆਓ ਉਠਕੇ ਖੜੇ ਹੋਈਏ।"



Original with;
Dr. Gurdev Singh Sidhu
Digitized by;
Panjab Digital Library

Herbert Spencer on State:—

"Whether it be true or not that man was born in iniquity and conceived in sin, it is certainly true that Government was born of aggression and by aggression."

Man & mankind: [illegible]

"I am a man, and all that affects mankind concerns me."

:Roman Dramatist

England's condition reviewed.

"Good people, things will never go well in England, so long as goods be not in common and so long as there be villains and gentlemen. By what right are they, whom we call lords, greater folk than we? On what grounds have they deserved it? Why do they hold us in serfage? If we all come of the same father and mother, Adam and Eve, how can they say or prove that they are greater or better than we? If it be not that they make us gain for them by our toil what they spend in their pride. They are clothed in velvet and are warm in their furs and ermines, while we are covered with rags. They have wine and spices and fair bread: and we oatcake, and straw, and water to drink. They have leisure and fine houses; we have pain and labour, the rain and wind in the fields, and yet it is of our toil that these men hold their state."

[illegible] a wandering friar. of Wat Taylor's Rebel



Original with;
Dr. Gurdev Singh Sidhu
Digitized by;
Panjab Digital Library

ਪੰਨਾ 43 (40)

ਰਾਜ ਦੇ ਸੰਬੰਧ ਵਿੱਚ ਹਰਬਰਟ ਸਪੈਂਸਰ ਦਾ ਦ੍ਰਿਸ਼ਟੀਕੋਣ

"ਭਲੇ ਹੀ ਇਹ ਸੱਚ ਹੋਵੇ ਜਾਂ ਨਾ ਹੋਵੇ ਕਿ ਮਨੁੱਖ ਨਿਹਕਲੰਕ ਪੈਦਾ ਹੋਇਆ ਅਤੇ ਪਾਂਪ ਵਿੱਚ ਲਿਪਤ ਹੋ ਗਿਆ, ਪਰੰਤੂ ਇਹ ਪੱਕੇ ਤੌਰ ਤੇ ਸੱਚ ਹੈ ਕਿ ਸਰਕਾਰ ਦਾ ਜਨਮ ਹਮਲਾਵਰਾਂ ਤੋਂ ਹਮਲਿਆਂ ਦੇ ਰਾਹੀਂ ਹੋਇਆ।"

ਮਨੁੱਖ ਅਤੇ ਮਨੁੱਖ ਜਾਤੀ :

ਮੈਂ ਇੱਕ ਮਨੁੱਖ ਹਾਂ
ਅਤੇ ਉਹਨਾਂ ਸਾਰੀਆਂ ਚੀਜ਼ਾਂ ਨਾਲ ਮੇਰਾ ਸਰੋਕਾਰ ਹੈ ਜੋ ਮਨੁੱਖ ਜਾਤੀ ਨੂੰ ਪ੍ਰਭਾਵਿਤ ਕਰਦੀਆਂ ਹਨ।

–"ਰੋਮਨ ਨਾਟਕਕਾਰ"

ਇੰਗਲੈਂਡ ਦੀ ਸਥਿਤੀ ਦੀ ਸਮਖਿਆ :

"ਭਲੇ ਲੋਕੋ, ਇੰਗਲੈਂਡ ਵਿੱਚ ਹਾਲਾਤ ਉਦੋਂ ਤੱਕ ਚੰਗੇ ਨਹੀਂ ਹੋ ਸਕਦੇ, ਜਦੋਂ ਤੱਕ ਚੰਗਿਆਈਆਂ ਆਮ ਨਹੀਂ ਹੋ ਜਾਂਦੀਆਂ ਅਤੇ ਜਦੋਂ ਤੱਕ ਸੱਜਣ ਲੋਕਾਂ ਦੇ ਨਾਲ ਦੁਰਜਨ ਲੋਕ ਵੀ ਜਿਉਂਦੇ ਰਹਿੰਦੇ ਹਨ। ਉਹ ਜਿਹਨਾਂ ਨੂੰ ਅਸੀਂ ਲਾਰਡ ਆਖਦੇ ਹਾਂ, ਕਿਸ ਅਧਿਕਾਰ ਨਾਲ ਸਾਡੇ ਤੋਂ ਮਹਾਨ ਹਨ? ਕਿਸ ਆਧਾਰ ਨਾਲ ਉਹ ਇਸਦੇ ਕਾਬਿਲ ਬਣੇ ਹਨ? ਉਹ ਕਿਉਂ ਸਾਨੂੰ ਭੂ–ਦਾਸ ਬਣਾਕੇ ਰੱਖੀ ਬੈਠੇ ਹਨ? ਜੇ ਅਸੀਂ ਸਾਰੇ ਇੱਕ ਹੀ ਬਾਪ ਅਤੇ ਮਾਂ, ਆਦਮ ਅਤੇ ਹੌਵਾ ਦੀਆਂ ਸੰਤਾਨਾਂ ਹਾਂ, ਤਾਂ ਉਹ ਇਹ ਕਿਵੇਂ ਸਿੱਧ ਕਰਦੇ ਹਨ ਕਿ ਉਹ ਸਾਡੇ ਨਾਲੋ ਮਹਾਨ ਜਾਂ ਬੇਹਤਰ ਹਨ? ਅਗਰ ਉਹ ਆਪਣੇ ਲਾਭ ਦੇ ਵਾਸਤੇ ਸਾਡੇ ਕੋਲੋਂ ਮਿਹਨਤ ਨਹੀਂ ਕਰਵਾਉਂਦੇ ਤਾਂ ਉਹ ਆਪਣੀ ਸ਼ਾਨ–ਸ਼ੌਕਤ ਵਿੱਚ ਕੀ ਖਰਚ ਕਰਦੇ? ਉਹ ਖੁਦ ਤਾਂ ਖੀਨਖਾਫ਼ ਪਹਿਨਦੇ ਹਨ ਅਤੇ ਆਪਣੇ ਆਪ ਨੂੰ ਫਰਕੋਟਾਂ ਅਤੇ ਸ਼ਾਹੀ ਗਰਮ ਦੁਸ਼ਾਲਿਆਂ ਵਿੱਚ ਨਿੱਘਾ ਰੱਖਦੇ ਹਨ, ਜਦੋਂ ਕਿ ਅਸੀਂ ਲੀਰਾਂ ਲਪੇਟੀ ਫਿਰਦੇ ਹਾਂ। ਉਹਨਾਂ ਦੇ ਕੋਲੋਂ ਤਾਂ ਸ਼ਰਾਬ, ਕਬਾਬ, ਲੱਜਤਦਾਰ ਖਾਣਾ ਤੇ ਡਬਲ ਰੋਟੀ ਹੈ, ਅਤੇ ਸਾਡੇ ਕੋਲੇ ਜੌਂ ਦੇ ਸੱਤੂ, ਸਾਗ ਅਤੇ ਪਾਣੀ। ਉਹਨਾਂ ਦੇ ਕੋਲੇ ਫੁਰਸਤ ਹੀ ਫੁਰਸਤ ਹੈ ਅਤੇ ਆਲੀਸ਼ਾਨ ਘਰ ਵੀ ਅਤੇ ਸਾਡੇ ਕੋਲੇ ਹੈ ਕਸ਼ਟ ਅਤੇ ਮੁਸ਼ੱਕਤ, ਖੇਤਾਂ ਵਿੱਚ ਬਾਰਸ਼ ਅਤੇ ਝੱਖੜ, ਫੇਰ ਵੀ ਇਹ ਸਾਡੀ ਮਿਹਨਤ ਹੀ ਹੈ ਜਿਸਦੇ ਸਿਰ 'ਤੇ ਉਹ ਰਾਜ ਕਰ ਰਹੇ ਹਨ।

– ਫਰਾਇਰ ਆਫ ਵਾਟ ਟੇਲਰਜ ਰਿਬੈਲ



Original with;
Dr. Gurdev Singh Sidhu
Digitized by;
Panjab Digital Library

Revolution & Classes

44

All classes striving for power are revolutionary, and talk of Equality. All classes, when they get into power, are conservative and are convinced that equality is an iridescent dream. All classes but one — the Working Class, for as Comte has said, "The working Class is not properly speaking a class at all, but constitutes the body of society." But the day of the working Class, the fusion of all useful people, has not even yet arrived." p. 41

"Short History for Workers"

by Alfred Barton.



Original with;
Dr. Gurdev Singh Sidhu
Digitized by;
Panjab Digital Library

ਪੰਨਾ 44 (41)

ਇਨਕਲਾਬ ਅਤੇ ਵਰਗ

ਸਾਰੇ ਦੇ ਸਾਰੇ ਵਰਗ ਸੱਤਾ ਹਾਸਿਲ ਕਰਨ ਦੀ ਖਾਤਿਰ ਇਨਕਲਾਬੀ ਹੀ ਹੁੰਦੇ ਹਨ, ਅਤੇ ਬਰਾਬਰਤਾ ਦੀਆਂ ਗੱਲਾਂ ਕਰਦੇ ਹਨ ਅਤੇ ਸਾਰੇ ਦੇ ਸਾਰੇ ਵਰਗ ਸੱਤਾ ਪ੍ਰਾਪਤ ਕਰ ਲੈਂਦੇ ਹਨ ਤਾਂ ਸੰਕੀਰਣਤਾਵਾਦੀ ਬਣ ਜਾਂਦੇ ਹਨ ਅਤੇ ਮੰਨ ਲੈਂਦੇ ਹਨ ਕਿ ਬਰਾਬਰਤਾ ਇੱਕ ਰੰਗੀਨ ਸੁਫ਼ਨਾ ਭਰ ਹੈ, ਸਾਰੇ ਦੇ ਸਾਰੇ ਵਰਗ ਸਿਰਫ਼ ਇੱਕ ਨੂੰ – ਮਜ਼ਦੂਰ ਵਰਗ ਨੂੰ ਛੱਡਕੇ, ਕਿਉਂਕਿ ਜਿਵੇਂ ਕਾਮਤੇ ਨੇ ਕਿਹਾ ਹੈ, "ਸੱਚ ਕਿਹਾ ਜਾਵੇ ਤਾਂ ਮਜ਼ਦੂਰ ਵਰਗ ਇੱਕ ਵਰਗ ਹੁੰਦਾ ਹੀ ਨਹੀਂ, ਬਲਕਿ ਉਹ ਤਾਂ ਸਮਾਜ ਦੇ ਸਮੂਹ ਦਾ ਸੰਘਟਕ ਹੁੰਦਾ ਹੈ।" ਲੇਕਿਨ ਮਜ਼ਦੂਰ ਵਰਗ ਦਾ ਵਕਤ, ਯਾਨੀ ਸਾਰੇ ਲੋਕਾਂ ਦੇ ਇੱਕ ਹੋ ਜਾਣ ਦਾ ਵਕਤ ਅਜੇ ਵੀ ਨਹੀਂ ਆਇਆ ਹੈ।

"ਵਰਲਡ ਹਿਸਟਰੀ ਫਾਰ ਵਰਕਰਜ਼" ਪੰ. 47, ਅਲਫਰੈਡ ਬਾਰਟਨ ਕ੍ਰਿਤ



Original with;
Dr. Gurdev Singh Sidhu
Digitized by;
Panjab Digital Library

Sir Henry Maine has said.

"That most of the land of England has passed to its present owners by the mistake of lawyers — mistakes that in lesser criminals were punished by hanging."

The law convicts the man or woman
Who steals the goose from of the Common
But lets the greater felon loose
Who steals the Common from the goose



Original with;
Dr. Gurdev Singh Sidhu
Digitized by;
Panjab Digital Library

ਪੰਨਾ 45 (42)

ਸਰ ਹੈਨਰੀ ਮੈਨ ਨੇ ਆਖਿਆ ਹੈ :

"ਇੰਗਲੈਂਡ ਦੀ ਬਹੁਤੀ ਭੂਮੀ ਵਕੀਲਾਂ ਦੀ ਗਲਤੀ ਨਾਲ ਇਸਦੇ ਮੌਜੂਦਾ ਮਾਲਕਾਂ ਦੇ ਹੱਥਾਂ ਵਿੱਚ ਚਲੀ ਗਈ–ਜਿਹਨਾਂ ਗਲਤੀਆਂ ਦੇ ਪਰਿਣਾਮ ਸਰੂਪ ਛੋਟੇ ਛੋਟੇ ਅਪਰਾਧੀਆਂ ਨੂੰ ਵੀ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ ਹੈ।"

"ਕਾਨੂੰਨ ਮੁਜਰਿਮ ਕਰਾਰ ਦਿੰਦਾ ਹੈ ਉਸ ਪੁਰਸ਼ ਜਾਂ ਔਰਤ ਨੂੰ
ਜੋ ਚੁਰਾਉਂਦੇ ਨੇ ਆਮ ਆਦਮੀ ਦੀਆਂ ਮੁਰਗੀਆਂ,
ਲੇਕਿਨ ਛੱਡ ਦਿੰਦਾ ਹੈ ਵੱਡੇ ਅਪਰਾਧੀਆਂ ਨੂੰ
ਜੋ ਚੁਰਾ ਲੈਂਦੇ ਨੇ ਮੁਰਗੀਆਂ ਕੋਲੋਂ ਆਮ ਆਦਮੀ ਨੂੰ ਹੀ।"



Original with;
Dr. Gurdev Singh Sidhu
Digitized by;
Panjab Digital Library

## Democracy :—

46

Democracy is theoratically a system of political and legal equality. But in concrete and practical operation it is false, for there can be no equality, not even in politics and before the law, so long as there is glaring inequality in economic power. So long as the ruling class owns the workers' jobs and the press and the schools of the country and all organs for the moulding and expression of public opinion; so long as it monopolise all trained public functionaries and disposes of unlimited funds to influence elections, so long as the laws are made by the ruling class and the courts are presided over by members of that class; so long as lawyers are private practitioners who sell their skill to the highest bidder and litigation is technical and costly, so long will the nominal equality before the law be a hollow mockery.

In a capitalist regime the whole machinery of democracy operates to keep the ruling-class minority in power through the sufferage of the working class majority and when the bourgeois govt feels itself endangered by democratic institutions, such institutions are often crushed without compunction.

P. 51.
"From Marx to Lenin
(by Morris Hillquit)

---

Democracy does not secure "equal rights and a share in all political rights for everybody, to whatever class or party he may belong." (Kautsky) It only allows free political and legal play for the existing economic inequalities... Democracy under capitalism is thus not general, abstract democracy but specific bourgeois democracy;... or as Lenin terms it — democracy for the bourgeois.

[illegible]



Original with;
Dr. Gurdev Singh Sidhu
Digitized by;

ਪੰਨਾ 46 (43)
ਲੋਕਤੰਤਰ

ਲੋਕਤੰਤਰ, ਸਿਧਾਂਤਕ ਤੌਰ ਤੇ, ਰਾਜਨੀਤਕ ਅਤੇ ਕਾਨੂੰਨੀ ਸਮਾਨਤਾ ਦੀ ਇੱਕ ਪ੍ਰਣਾਲੀ ਹੈ, ਲੇਕਿਨ ਠੋਸ ਅਤੇ ਵਿਵਹਾਰਕ ਕਾਰਵਾਈ ਵਿੱਚ, ਇਹ ਮਿੱਥਿਆ ਹੈ, ਕਿਉਂਕਿ ਕੋਈ ਸਮਾਨਤਾ ਉਦੋਂ ਤੱਕ ਨਹੀਂ ਹੋ ਸਕਦੀ, ਜਿੱਥੋਂ ਤੱਕ ਕਿ ਰਾਜਨੀਤੀ ਵਿੱਚ ਅਤੇ ਕਾਨੂੰਨ ਦੇ ਸਾਹਮਣੇ ਵੀ ਨਹੀਂ, ਜਦੋਂ ਤੱਕ ਕਿ ਆਰਥਕ ਸ਼ਕਤੀ ਵਿੱਚ ਅਸਮਾਨਤਾ ਮੂੰਹ ਅੱਡੀ ਬਰਕਰਾਰ ਰਹੂਗੀ, ਜਦੋਂ ਤੱਕ ਕਿ ਸੱਤਾਧਾਰੀ ਵਰਗ ਮਜ਼ਦੂਰਾਂ ਦੇ ਰੋਜ਼ਗਾਰ ਉੱਤੇ, ਦੇਸ਼ ਦੀ ਪ੍ਰੈਸ ਅਤੇ ਸਕੂਲਾਂ ਉੱਤੇ ਲੋਕ ਰਾਏ ਤਿਆਰ ਕਰਨ ਅਤੇ ਸਵੈ-ਪ੍ਰਗਟਾਵੇ ਦੇ ਸਾਰੇ ਸਾਧਨਾਂ ਉੱਪਰ ਆਪਣਾ ਅਧਿਕਾਰ ਜਮਾਈ ਰੱਖੂਗਾ, ਜਦੋਂ ਤੱਕ ਕਿ ਇਹ ਸਾਰੇ ਸਿਖਿਅਤ ਸਵਰਜਨਕ ਕਾਰਜਕਾਰੀ ਸੰਗਠਨਾਂ ਉੱਤੇ ਆਪਣਾ ਏਕਾਧਿਕਾਰ ਬਣਾਈ ਰੱਖੂਗਾ, ਅਤੇ ਚੋਣਾਂ ਨੂੰ ਪ੍ਰਭਾਵਤ ਕਰਨ ਦੇ ਲਈ ਬੇਸ਼ੁਮਾਰ ਦੌਲਤ ਖਰਚ ਕਰਦਾ ਰਹੂਗਾ, ਜਦੋਂ ਤੱਕ ਕਿ ਕਾਨੂੰਨ ਸੱਤਾਧਾਰੀ ਵਰਗ ਦੁਆਰਾ ਬਣਾਏ ਜਾਂਦੇ ਰਹਿਣਗੇ ਅਤੇ ਅਦਾਲਤਾਂ ਵਿੱਚ ਏਸੇ ਵਰਗ ਦੇ ਮੈਂਬਰ ਚੌਧਰ ਚਲਾਉਂਦੇ ਰਹਿਣਗੇ, ਜਦੋਂ ਤੱਕ ਕਿ ਵਕੀਲ ਪ੍ਰਾਈਵੇਟ ਪੈਕਟੀਸ਼ਨਰ ਬਣੇ ਰਹਿਣਗੇ ਅਤੇ ਆਪਣੀ ਕਾਨੂੰਨੀ ਮੁਹਾਰਤ ਦਾ ਹੁੱਨਰ ਸਭ ਤੋਂ ਵੱਧ ਫੀਸ ਦੇਣ ਵਾਲੇ ਨੂੰ ਵੇਚਦੇ ਰਹਿਣਗੇ, ਅਤੇ ਅਦਾਲਤੀ ਕਾਰਵਾਈ ਤਕਨੀਕੀ ਅਤੇ ਮਹਿੰਗੀ ਬਣੀ ਰਹੇਗੀ, ਉਦੋਂ ਤੱਕ ਕਾਨੂੰਨ ਦੇ ਸਾਹਮਣੇ ਇਹ ਆਮ ਮਾਤਰ ਦੀ ਸਮਾਨਤਾ ਵੀ ਇੱਕ ਖੋਖਲਾ ਮਜ਼ਾਕ ਹੀ ਬਣੀ ਰਹੂਗੀ।

ਇੱਕ ਪੂੰਜੀਵਾਦੀ ਵਿਵਸਥਾ ਵਿੱਚ, ਲੋਕਤੰਤਰ ਦੀ ਪੂਰੀ ਮਸ਼ੀਨਰੀ, ਬਹੁ ਸੰਖਿਅਕ ਮਜ਼ਦੂਰ ਵਰਗ ਨੂੰ ਪੀੜਤ ਕਰਕੇ, ਸੱਤਾਧਾਰੀ ਅਲਪ ਸੰਖਿਅਕ ਵਰਗ ਨੂੰ ਸੱਤਾ ਰੱਖਣ ਦਾ ਕੰਮ ਕਰਦੀ ਹੈ, ਅਤੇ ਜਦੋਂ ਤੱਕ ਬੁਰਜੂਆ ਸਰਕਾਰ ਨੂੰ ਲੋਕ ਤੰਤਰਿਕ ਸੰਸਥਾਵਾਂ ਤੋਂ ਖਤਰਾ ਮਹਿਸੂਸ ਹੁੰਦਾ ਹੈ, ਉਦੋਂ ਤੱਕ ਅਜਿਹੀਆਂ ਸੰਸਥਾਵਾਂ ਨੂੰ ਅਕਸਰ ਬੜੀ ਬੇਰਹਿਮੀ ਦੇ ਨਾਲ ਕੁਚਲ ਦਿੱਤਾ ਜਾਂਦਾ ਹੈ।

"ਫਰਾਮ ਮਾਰਕਸ ਟੂ ਲੈਨਿਨ"

(ਮਾਰਿਸ ਹਿਲਕਵੀਟ ਰਚਿਤ) (ਪੰ. 58)

ਲੋਕਤੰਤਰ "ਹਰੇਕ ਵਰਗ ਜਾਂ ਪਾਰਟੀ ਨਾਲ ਸੰਬੰਧਿਤ ਹਰੇਕ ਵਿਅਕਤੀ ਦੇ ਵਾਸਤੇ ਸਮਾਨ ਅਧਿਕਾਰ ਅਤੇ ਸਾਰੇ ਰਾਜਨੀਤਕ ਅਧਿਕਾਰਾਂ ਵਿੱਚ ਭਾਗੀਦਾਰੀ" ਯਕੀਨੀ ਨਹੀਂ ਬਣਾਉਂਦਾ (ਕਾਉਸਤਕੀ)। ਇਹ ਤਾਂ ਮੌਜੂਦਾ ਆਰਥਿਕ ਅਸਮਾਨਤਾਵਾਂ ਦੇ ਲਈ ਖੁੱਲੇ ਰਾਜਨੀਤਕ ਅਤੇ ਕਾਨੂੰਨੀ ਖੇਡ ਦੀ ਇਜ਼ਾਜ਼ਤ ਦਿੰਦਾ ਹੈ......। ਇਸ ਪ੍ਰਕਾਰ ਪੂੰਜੀਵਾਦ ਦੇ ਅੰਤਰਗਤ ਲੋਕਤੰਤਰ ਸਾਧਾਰਣ ਅਮੂਰਤ ਲੋਕਤੰਤਰ ਨਹੀਂ ਬਲਕਿ ਵਿਸ਼ੇਸ਼ ਬੁਰਜੂਆ ਲੋਕਤੰਤਰ.... ਜਾਂ ਜਿਵੇਂ ਕਿ ਲੈਨਿਨ ਨੇ ਇਸਨੂੰ ਨਾਮ ਦਿੱਤਾ ਹੈ - ਬੁਰਜੂਆ ਵਰਗ ਦੇ ਲਈ ਲੋਕਤੰਤਰ ਹੁੰਦਾ ਹੈ।



Original with;
Dr. Gurdev Singh Sidhu
Digitized by;
Panjab Digital Library

Term "Revolution" defined :—

"The conception of revolution is not to be treated in the police interpretation of the term, in the sense of an armed rising. A party would be mad that would choose the method of insurrection on principle so long as it has at its disposal different, less costly and safer methods of action. In that sense social democracy was never revolutionary on principle. It is so only in the sense that it recognizes that when it attains political power it can not employ it for any purpose other than the abolition of the mode of production upon which the present system rests."

~~"Edward Bernstein"~~

'Karl Kautsky.

---

Some facts and figures about ~~England~~ United States

| | | | |
|---|---|---|---|
| 5 men can produce | bread | for | 1000 |
| 1 man | " " cotton cloth | for | 250 |
| 1 man | " woolens | for | 300 |
| 1 man | " boots & shoes | for | 1000 |

P. 78. Iron heel. I

15,000,000 are living abject poverty who can't even maintain their working efficiency.

3,000,000 Child labourers.

---

Re: England :—

Premier estimates

Total Production of England (per annum) £ 2000,000,000

Gains through foreign investments .. £ 200,000,000

£ 2200,000,000

$\frac{1}{9}$th part of the population took away $\frac{1}{2}$ i.e. £ 1100,000,000

$\frac{2}{9}$ " $\frac{1}{3}$ of the Rest £ 1100,000,000 i.e. £ 300,000,000



Original with;
Dr. Gurdev Singh Sidhu
Digitized by;
Panjab Digital Library

ਪੰਨਾ 47 (44)

## ਇਨਕਲਾਬ ਸ਼ਬਦ ਦੀ ਪਰਿਭਾਸ਼ਾ

"ਇਨਕਲਾਬ ਦੀ ਅਵਧਾਰਨਾ ਨੂੰ ਇਸ ਸ਼ਬਦ ਦੀ ਪੁਲਸੀਆ ਵਿਆਖਿਆ ਦੇ ਅਰਥ ਵਿੱਚ ਯਾਨੀ ਹਥਿਆਰਬੰਦ ਵਿਦਰੋਹ ਦੇ ਅਰਥ ਵਿੱਚ ਨਹੀਂ ਲੈਣਾ ਚਾਹੀਦਾ। ਜੇ ਕਿਸੇ ਪਾਰਟੀ ਦੇ ਕੋਲ ਦੂਜੇ, ਘੱਟ ਖਰਚੀਲੇ, ਅਤੇ ਮੁਕਾਬਲਤਨ ਵੱਧ ਸੁਰੱਖਿਅਕ ਤਰੀਕੇ ਇਸਤੇਮਾਲ ਕਰਨ ਦੀ ਗੁੰਜਾਇਸ਼ ਹੈ, ਅਤੇ ਤਾਂ ਵੀ ਉਹ ਸਿਧਾਂਤ ਦੇ ਨਾਤੇ ਵਿਦਰੋਹ ਦਾ ਹੀ ਤਰੀਕਾ ਅਪਣਾਉਂਦੀ ਹੈ, ਤਾਂ ਉਸਨੂੰ ਪਾਗਲ ਹੀ ਆਖਿਆ ਜਾਵੇਗਾ। ਅਜਿਹਾ ਇਹ ਸਿਰਫ਼ ਏਸੇ ਅਰਥ ਵਿੱਚ ਹੈ ਕਿ ਇਹ ਇਸ ਗੱਲ ਨੂੰ ਮੰਨਦਾ ਹੈ ਕਿ ਜਦੋਂ ਇਸਨੂੰ ਰਾਜਨੀਤਕ ਸੱਤਾ ਹਾਸਿਲ ਹੋ ਜਾਏਗੀ, ਤਾਂ ਇਹ ਇਸਦੀ ਵਰਤੋਂ ਵਰਤਮਾਨ ਵਿਵਸਥਾ ਨੂੰ ਟਿਕਾਈ ਰੱਖਣ ਵਾਲੀ ਉਤਪਾਦਨ-ਪ੍ਰਣਾਲੀ ਨੂੰ ਖਤਮ ਕਰਨ ਦੇ ਇਲਾਵਾ ਅਤੇ ਕਿਸੇ ਮਕਸਦ ਦੇ ਲਈ ਨਹੀਂ ਕਰੇਗਾ।"

"ਕਾਰਲ ਕਾਉਟਸਕੀ"

## ਸੰਯੁਕਤ ਰਾਜ ਅਮਰੀਕਾ ਦੇ ਬਾਰੇ ਕੁੱਝ ਤੱਥ ਅਤੇ ਅੰਕੜੇ

5 ਆਦਮੀ 1000 ਲੋਕਾਂ ਲਈ ਰੋਟੀ ਪੈਦਾ ਕਰ ਸਕਦੇ ਹਨ
1 ਆਦਮੀ 250 ਲੋਕਾਂ ਲਈ ਸੂਤੀ ਕਪੜਾ ਪੈਦਾ ਕਰ ਸਕਦਾ ਹੈ
1 ਆਦਮੀ 300 ਲੋਕਾਂ ਲਈ ਊਨੀ ਕੱਪੜਾ ਪੈਦਾ ਕਰ ਸਕਦਾ ਹੈ
1 ਆਦਮੀ 1000 ਲੋਕਾਂ ਲਈ ਬੂਟ ਅਤੇ ਜੁੱਤੀਆਂ ਪੈਦਾ ਕਰ ਸਕਦਾ ਹੈ

–ਆਇਰਨ ਹੀਲ (3.78)

15,000,000 ਲੋਕ ਬੇਹੱਦ ਗਰੀਬੀ (ਵਿੱਚ) ਜਿਉ ਰਹੇ ਹਨ ਜੋ ਆਪਣੀ ਮਿਹਨਤ ਸਮਰੱਥਾ ਨੂੰ ਵੀ ਨਹੀਂ ਬਣਾਈ ਰੱਖ ਸਕਦੇ ।

3,000,000 ਬਾਲ ਮਜ਼ਦੂਰ।

## ਦੁਬਾਰਾ ਫੇਰ ਇੰਗਲੈਂਡ

### ਯੁੱਧ-ਪੂਰਵ ਅਨੁਮਾਨ

| | |
|---|---|
| ਇੰਗਲੈਂਡ ਦਾ ਕੁਲ ਉਤਪਾਦਨ (ਹਰ ਸਾਲ) | £ 2000,000,000 |
| ਵਿਦੇਸ਼ੀ ਨਿਵੇਸ਼ਾਂ ਤੋਂ ਲਾਭ | £ 200,000,000 |
| | £ 2200,000,000 |
| ਜਨਸੰਖਿਆ ਦੇ 1/9ਵੇਂ ਭਾਗ ਨੇ ਲੈ ਲਿਆ 1/2 | = £ 1100,000,000 |
| ਜਨਸੰਖਿਆ ਦੇ 2/9ਵੇਂ ਭਾਗ ਨੇ ਲੈ ਲਿਆ | = £ 1100,000,000 |
| ਬਾਕੀ ਦਾ 1/3 ਅਰਥਾਤ | = £ 300,000,000 |

(ਵੇਰਵੇ ਦਾ ਬਾਕੀ ਹਿੱਸਾ ਫਟਿਆ ਹੋਇਆ – ਸੰ.)



Original with;
Dr. Gurdev Singh Sidhu
Digitized by;
Panjab Digital Library

# Internationale 48

Arise, ye prisoners of starvation!
Arise ye wretched on earth,
For justice thunders condemnation,
A better world's in birth.
No more traditions chains shall bind us,
Arise, ye slaves! no more in thrall!
The earth shall rise on new foundations,
We have been naught, ~~and~~ we be all

[Refrain]

It is the final conflict,
Let each stand in his place,
The Internationale Party
Shall be the human race.

Behold them seated in their glory,
The kings of mine and rail and soil!
What would you read in all their story
But how they plundered toil?
Fruits of people's work are buried
In the strong coffers of a few;
In voting for their restitution,
The men will ask only their due.

[Same Refrain]

Toilers from shops and fields united,
The party we of all who work;
The earth belongs to us, the people,
No room here for the shirk.
How many on our flesh have fattened?
But if the noisome birds of prey,
Shall vanish from our sky some morning
The blessed sunlight still will stay.

[Same refrain]



Original with;
Dr. Gurdev Singh Sidhu
Digitized by;
Panjab Digital Library

ਪੰਨਾ 48 (45)

ਇੰਟਰਨੈਸ਼ਨਲ

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ! ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ ।

ਬੱਝੀਆਂ ਨਾ ਰਹਿਣ ਇਹ ਰਵਾਇਤ ਲੜੀਆਂ, ਉੱਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ ।

ਕਿਰਤਾਂ ਦਾ ਜ਼ੋਰ ਜੁੱਸਿਆਂ 'ਚ ਭਰਕੇ, ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ ।

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ, ਉਹਨੂੰ ਤੋੜ ਨਵਾਂ ਸੰਸਾਰ ਜੰਮਦਾ।

ਨਵਾਂ ਤੇ ਉਸਾਰੂ ਜੱਗ ਰਚਣੇ ਲਈ, ਗਲੀ ਸੜੀ ਹਰ ਚੀਜ਼ ਨੂੰ ਨਕਾਰਿਓ ।

ਨਵੀਆਂ ਹੀ ਨੀਹਾਂ ਤੇ ਉਸਾਰ ਹੋਊਗਾ, ਸਾਰਾ ਜੱਗ ਸਾਡਾ ਪਰਿਵਾਰ ਹੋਊਗਾ ।

ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ, ਸਭ ਹੋਊ ਤੁਹਾਡਾ ਸਿਰਜਣਹਾਰਿਓ ।

ਆਖਰੀ ਹੈ ਆਪਣੀ ਲੜਾਈ ਬੇਲੀਓ, ਥਾਂ ਥਾਂ ਉੱਠੋ ਕਰ ਦੋ ਚੜ੍ਹਾਈ ਬੇਲੀਓ ।

ਲੁੱਟ ਦੇ ਮਸੀਹੇ ਤਾਈਂ ਰੱਦ ਕਰਕੇ, ਹੁਕਮ ਕਾਨੂੰਨ ਪੈਰਾਂ 'ਚ ਲਿਤਾੜਿਓ ।

ਮਹਿਲਾਂ 'ਚੋਂ ਨਾ ਸਾਡੇ ਤੇ ਕੋਈ ਰਾਜ ਵੇ ਕਰੇ, ਰਾਜਿਆਂ ਦੀ ਸਾਨੂੰ ਹੁਣ ਵਫਾ ਨਾ ਫੜੇ।

ਧੁੱਪ ਰਹਿਓ ਮਚੋ ਹੁਣ ਲਾਟਾਂ ਬਣਕੇ, ਤਖਤਾਂ ਨੂੰ ਢਾਵੋ, ਤਾਜਾਂ ਨੂੰ ਉਛਾਲਿਓ ।

ਲੋਟੂਆਂ ਤੋਂ ਲੁੱਟ ਵਾਲਾ ਮਾਲ ਖੋਹਣ ਲਈ, ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ।

ਸਾਂਝਿਆਂ ਦੁੱਖਾਂ 'ਚ ਸ਼ਰੀਕ ਹੋਇ ਕੇ, ਮੁਕਤੀ ਦਾ ਰਾਹ ਸੋਚਿਓ ਵਿਚਾਰਿਓ ।

ਖੁਦ ਆਪਣੇ ਹੀ ਕੰਮ ਕਾਰ ਮਿੱਥਾਂਗੇ! ਕਿੱਦਾਂ ਦਾ ਇਹ ਹੋਊ ਸੰਸਾਰ ਮਿੱਥਾਂਗੇ ।

ਮਿਹਨਤ 'ਚੋਂ ਉਸਰੀ ਹੈ ਹਰ ਰਚਨਾ, ਦੁਨੀਆ ਤੁਹਾਡੀ ਦੁਨੀਆ ਦੇ ਘਾੜਿਓ ।

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ ! ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ ।



Original with;
Dr. Gurdev Singh Sidhu
Digitized by;
Panjab Digital Library

# Marseillaise

Ye sons of toil, awake to glory!
Hark, hark, what myriads bid you rise,
Your children, wives and grandsires hoary,
Behold their tears and hear their cries!
Shall hateful tyrants mischief breeding,
With hireling hosts, a ruffian band—
Affright and desolate the land
While peace and liberty lie bleeding?

[Chorus]

To arms, To arms! Ye brave!
The avenging sword unsheathe
March on, march on, all hearts resolved
On victory or death.

With luxury and pride surrounded,
The vile insatiate despots dare,
Their thirst for gold and power unbounded
To mete and vend the light and air;
Like beasts of burden would they load us,
Like gods would bid their slaves adore,
But man is man and who is more?
Then shall they longer lash and goad us?

[The same chorus again]

Oh liberty! Can man resign thee,
Once having felt thy generous flame?
Can dungeons bolts and bars confine thee,
Or whips thy noble spirit tame?
Too long the world has wept bewailing,
That falsehoods, daggers tyrants wield;
But freedom is our sword and shield
And all their arts are unavailing?

[Same chorus again]



Original with;
Dr. Gurdev Singh Sidhu
Digitized by;
Panjab Digital Library

ਪੰਨਾ 49 (46)
ਮਾਰਸਈਏਜ
ਓ ਮਿਹਨਤ ਦੇ ਪੁੱਤਰੋ, ਜਾਗੋ, ਮਾਣ ਪ੍ਰਾਪਤ ਕਰੋ !
ਸੁਣੋ ਸੁਣੋ ਉਹ ਕਰੋੜਾਂ ਆਵਾਜ਼ਾਂ ਕਿ ਤੁਸੀਂ ਜਾਗੋ,
ਬੱਚੇ ਪਤਨੀ, ਅਤੇ ਪੁਰਾਣੇ ਪਿਤਰ ਤੁਹਾਡੇ,
ਵੇਖੋ ਉਨ੍ਹਾਂ ਦੇ ਹੰਝੂ, ਸੁਣੋ ਤੁਸੀਂ ਉਨ੍ਹਾਂ ਦੀਆਂ ਚੀਕਾਂ !
ਕੀ ਨਫਰਤ ਯੋਗ, ਬੇਲਗਾਮ ਸ਼ਾਸ਼ਕ ਕਰਦੇ ਰਹਿਣ ਸ਼ਰਾਰਤਾਂ ?
ਲੈ ਕੇ ਭਾੜੇ ਦੇ ਟੱਟੂ ਅਤੇ ਜੱਥੇ ਗੁੰਡਿਆਂ ਦੇ
ਕਰਦੇ ਰਹਿਣ ਧਰਤੀ ਨੂੰ ਦੁਖੀ ਅਤੇ ਉਜਾੜ
ਜਦੋਂ ਕਿ ਸ਼ਾਂਤੀ ਅਤੇ ਅਸ਼ਾਂਤੀ ਦਾ ਵਹਿੰਦਾ ਰਹੇ ਖੂਨ ?
(ਕੋਰਸ)
ਆਓ ਹਥਿਆਰ ਚੁੱਕੀਏ, ਲਾਈਨ ਵਿੱਚ ਲੱਗ ਜਾਈਏ
ਖੇਤਾਂ ਨੂੰ ਉਨ੍ਹਾਂ ਦੇ ਖੂਨ ਨਾਲ ਸਿੰਜਦੇ ਹੋਏ ਅੱਗੇ ਵਧਦੇ ਜਾਈਏ
ਬੇਹੱਦ ਐਸ਼ ਅਤੇ ਸ਼ਾਨੋ ਸ਼ੌਕਤ ਦਾ
ਹੌਸਲਾ ਕਰਦੇ ਨੇ ਇਹ ਨੀਚ, ਅਸੰਤੁਸ਼ਟ, ਬੇਲਗਾਮ
ਸੋਨੇ ਦੀ ਚਿੜੀ ਤੇ ਰਾਜ ਦੀ ਉਨ੍ਹਾਂ ਦੀ ਭੁੱਖ ਨਹੀਂ ਮਿਟਦੀ
ਭੋਗਦੇ ਅਤੇ ਵੇਚਦੇ ਨੇ ਹਵਾ ਵੀ,
ਅਸੀਂ ਢੋਂਦੇ ਹਾਂ ਉਨ੍ਹਾਂ ਦਾ ਭਾਰ ਬਣਕੇ ਲਾਦੂ ਘੋੜੇ
ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਦਾਸ ਉਨ੍ਹਾਂ ਨੂੰ ਦੇਵਤਾ ਮੰਨਣ,
ਪਰ ਮਨੁੱਖ ਤੋਂ ਵਧਕੇ ਹੋਰ ਕੌਣ ਹੈ ?
ਫਿਰ ਉਹ ਕਦੋਂ ਤੱਕ ਟਿਕੇ ਰਹਿਣਗੇ, ਕਦੋਂ ਤੱਕ ਮਾਰਨਗੇ ਸਾਨੂੰ?
(ਫਿਰ ਉਹੀ ਕੋਰਸ)
ਐ ਆਜ਼ਾਦੀ ! ਕੀ ਮਨੁੱਖ ਛੱਡ ਸਕੇਗਾ ਤੈਨੂੰ,
ਮਹਿਸੂਸ ਕਰਨ ਤੋਂ ਬਾਦ ਤੇਰੀ ਦਿਲਕਸ਼ ਲੌ ਨੂੰ ?
ਕੀ ਰੋਕ ਸਕਣਗੇ ਤੈਨੂੰ ਤਹਿਖਾਨਿਆਂ ਦੇ ਫਾਟਕ 'ਤੇ ਸਲਾਖਾਂ
ਕੀ ਕੋੜੇ (ਛਿੱਤਰ) ਬੰਨ੍ਹ ਸਕਨਗੇ ਤੇਰੇ ਬੁਲੰਦ ਹੌਸਲੇ ਨੂੰ ?
ਲੰਬੇ ਅਰਸੇ (ਸਮੇਂ) ਬਿਲਖ ਰਹੀ ਹੈ ਦੁਨੀਆਂ
ਚਲਾ ਰਹੇ ਹਨ ਝੂਠ ਦੀ ਤਲਵਾਰ ਬੇਲਗਾਮ,
ਪਰ ਆਜ਼ਾਦੀ ਹੈ ਤਲਵਾਰ ਤੇ ਢਾਲ ਸਾਡੀ,
ਅਤੇ ਬੇਕਾਰ ਹੈ ਉਨ੍ਹਾਂ ਦੀ ਸਾਰੀ ਕਲਾਕਾਰੀ । (ਫਿਰ ਉਹੀ ਕੋਰਸ)



Original with;
Dr. Gurdev Singh Sidhu
Digitized by;
Panjab Digital Library

Growth of Opportunism:—

It was the possibility of acting with in law that reared opportunism with in the labour parties of the period of Second Internationale.

[Lenin vid Collapse of II Int. N.]

Illegal work:—

"In a country where the bourgeoisie, or the counterrevolutionary Social-Democracy is in power, the communist party must learn to coordinate its legal work with illegal work, and the legal work must always be under the effective control of the illegal party."

Bukharin

Betrayal of II Int: N.'s cause:—

The vast organization of socialism and labour were adjusted to such peace time activities, and when the crisis came a number of the leaders and large portion of the masses were unable to adapt themselves to the new situation . . . . . . . . It is this inevitable developement that accounts for largely for the betrayal of II Inter National.

Marx to Lenin P. 160
Morris Hillquit.

"The Cynic's Word Book" (1906)

Ambrose Bierce writes:—

"Grapeshot— n. An argument which the future is preparing in answer to the demands of American Socialism."



Original with;
Dr. Gurdev Singh Sidhu
Digitized by;
Panjab Digital Library

ਪੰਨਾ 50 (47)

**ਅਵਸਰਵਾਦ ਦਾ ਜਨਮ**

ਕਾਨੂੰਨ ਦੇ ਦਾਇਰੇ ਵਿੱਚ ਰਹਿਕੇ ਕੰਮ ਕਰਨ ਦੀ ਸੰਭਾਵਨਾ ਨੇ ਹੀ ਦੂਜੀ ਇੰਟਰਨੈਸ਼ਨਲ ਦੇ ਸਮੇਂ ਵਿੱਚ ਮਜ਼ਦੂਰ ਪਾਰਟੀਆਂ ਦੇ ਅੰਦਰ ਅਵਸਰਵਾਦ ਨੂੰ ਜਨਮ ਦਿੱਤਾ।

(ਲੈਨਿਨ, ਕੌਪਲੈਕਸ ਆਫ ੧੧ ਇੰਟ. ਨੈ.)

**ਗੈਰ ਕਾਨੂੰਨੀ ਕੰਮ:**

"ਕਿਸੇ ਦੇਸ਼ ਵਿੱਚ ਜਿੱਥੇ ਬੁਰਜੂਆ ਵਰਗ ਜਾਂ ਉਲਟ ਇਨਕਲਾਬੀ ਸਮਾਜਕ ਜਨਵਾਦ ਸੱਤਾ ਵਿੱਚ ਹੈ, ਕਮਿਊਨਿਸਟ ਪਾਰਟੀ ਨੂੰ ਆਪਣੇ ਕਾਨੂੰਨੀ ਅਤੇ ਗੈਰ ਕਾਨੂੰਨੀ ਕੰਮਾਂ ਦੇ ਵਿੱਚ ਇੱਕ ਤਾਲਮੇਲ ਰੱਖਣਾ ਅਵੱਸ਼ ਸਿੱਖ ਲੈਣਾ ਚਾਹੀਦਾ ਹੈ, ਅਤੇ ਕਾਨੂੰਨੀ ਕੰਮ ਨੂੰ ਹਮੇਸ਼ਾ ਅਤੇ ਨਿਸ਼ਚਤ ਰੂਪ ਤੋਂ ਗੈਰ ਕਾਨੂੰਨੀ ਪਾਰਟੀ ਦੇ ਪ੍ਰਭਾਵੀ ਨਿਯੰਤਰਣ ਵਿੱਚ ਹੀ ਰਹਿਣਾ ਚਾਹੀਦਾ ਹੈ।

– ਬੁਖਾਰਿਨ

**ਦੂਜੀ ਇੰਟਰਨੈਸ਼ਨਲ ਦੇ ਉਦੇਸ਼ ਨਾਲ ਵਿਸਵਾਸ਼ਘਾਤ:**

ਸਮਾਜਵਾਦ ਅਤੇ ਮਿਹਨਤ ਦੇ ਇਸ ਵਿਰਾਟ ਸੰਗਠਨ ਨੂੰ ਅਜਿਹੀਆਂ ਸ਼ਾਂਤੀਕਾਲੀਨ ਗਤੀਵਿਧੀਆਂ ਦੇ ਲਈ ਅਨੁਕੂਲਿਤ ਕਰ ਦਿੱਤਾ ਗਿਆ, ਅਤੇ ਜਦੋਂ ਸੰਕਟ ਆਇਆ, ਤਾਂ ਬਹੁਤ ਸਾਰੇ ਨੇਤਾ ਅਤੇ ਜਨ ਸਮੁਦਾਵਾਂ ਦੇ ਭਾਰੀ ਹਿੱਸੇ ਆਪਣੇ ਆਪ ਨੂੰ ਇਸ ਨਵੀਂ ਸਥਿਤੀ ਦੇ ਅਨੁਰੂਪ ਢਾਲਣ ਵਿੱਚ ਅਸਮੱਰਥ ਬਣ ਗਏ। ਇਹ ਹੀ ਉਹ ਲਾਜ਼ਮੀ ਸਥਿਤੀ ਹੈ ਜੋ ਬਹੁਤ ਹੱਦ ਤੱਕ ਦੂਜੀ ਇੰਟਰਨੈਸ਼ਨਲ ਦੇ ਵਿਸਵਾਸ਼ਘਾਤ ਦਾ ਕਾਰਣ ਹੈ।

–ਮਾਰਕਸ ਟੂੰ ਲੈਨਿਨ, ਪੰ. 140 (ਮਾਰਿਸ ਹਿਚਕਵੀਟ)

**"ਦਾ ਸਿਨਿਕਸ ਵਰਡ ਬੁੱਕ" (1906)**

ਐਮਬਰੋਸ ਪ੍ਰਿਅਸੋ ਲਿਖਦਾ ਹੈ:

"ਗ੍ਰੇਪ ਸ਼ਾਟ – (ਸੰਗਿਆ) – ਇੱਕ ਤਰਕ ਜਿਸਨੂੰ ਭਵਿੱਖ ਅਮਰੀਕੀ ਸਮਾਜਵਾਦ ਦੀਆਂ ਮੰਗਾਂ ਦੇ ਜਵਾਬ ਵਿੱਚ ਤਿਆਰ ਕਰ ਰਿਹਾ ਹੈ।"



Original with;
Dr. Gurdev Singh Sidhu
Digitized by;
Panjab Digital Library

# Religion a supporter of the established order:—

Slavery—

In 1835 the General Assembly of the Presbyterian Church resolved that:— 'slavery is recognized in both old and new Testaments, and is not condemned by the authority of God."

The Charleston Baptist Association issued the following in 1835:

"The right of masters to dispose of the time of their slaves has been distinctly recognized by the creator of all things, who is surely at liberty to vest the right of property over any object whomsoever He pleases."

The Revd: E. D. Simon doctor of Divinity a professor in Methodist College of Virginia wrote:—

"Extracts from Holy Writ unequivocally assert the right of property in slaves, together with the usual incidents to that right. The right to buy and sell is clearly stated. Upon the whole, then, whether we consult the Jewish polity instituted by God Himself, or the uniform opinion and practice of mankind in all ages, or the injunctions of the New Testament and the moral law, we are brought to the conclusion that slavery is not immoral. Having established the point that the first African slaves were legally brought into bondage, the right to detain their children in bondage follows as an indispensable consequence. Thus we see that the slavery that exists in America was founded in right."

Capitalism supported

Henry Van Dyke writes in "Essay in Application" (1905)

"The Bible teaches that God owns the world. He distributes to every man according to His Own Good pleasure, conformably to the general laws."—



Original with;
Dr. Gurdev Singh Sidhu
Digitized by;
Panjab Digital Library

ਪੰਨਾ 51 (48)

ਧਰਮ, ਸਥਾਪਤ ਵਿਵਸਥਾ ਦਾ ਸਮਰਥਕ :

ਦਾਸਤਾਂ :

1835 ਵਿੱਚ, ਪਰੇਸੀਬਟੇਰਿਅਨ ਚਰਚ ਦੀ ਜਨਰਲ ਅਸੈਂਬਲੀ ਨੇ ਪ੍ਰਸਤਾਵ ਪਾਰਿਤ ਕੀਤਾ ਕਿ : "ਗੁਲਾਮੀ ਪੁਰਾਣੇ ਅਤੇ ਨਵੇਂ ਦੋਵਾਂ ਹੀ ਹਾਲਤਾਂ ਵਿੱਚ ਪ੍ਰਵਾਨ ਹੈ, ਅਤੇ ਇਸਨੂੰ ਈਸ਼ਵਰੀ ਸੱਤਾ ਨੇ ਵਰਜਿਤ ਨਹੀਂ ਕੀਤਾ ਹੈ।"

ਦਾ ਚਾਰਲਸਟਨ ਬੈਪਟਿਸਟ ਐਸੋਸੀਏਸ਼ਨ ਨੇ 1835 ਵਿੱਚ ਹੇਠਲਾ ਫਰਮਾਨ ਜਾਰੀ ਕੀਤਾ :

"ਮਾਲਕਾਂ ਵੱਲੋਂ ਆਪਣੇ ਗੁਲਾਮਾਂ ਦੇ ਸਮੇਂ ਦੀ ਵਰਤੋਂ ਕਰਨ ਦੇ ਅਧਿਕਾਰ ਨੂੰ ਸਾਰੀਆਂ ਚੀਜਾਂ ਦੇ ਸ੍ਰਿਸ਼ਟਾ ਨੇ ਸਪੱਸ਼ਟ ਰੂਪ ਵਿੱਚ ਮਾਨਤਾ ਦੇ ਰੱਖੀ ਹੈ, ਜੋ ਆਪਣੀ ਮਰਜ਼ੀ ਨਾਲ ਜਿਸ ਵੀ ਚੀਜ਼ ਉੱਪਰ ਚਾਹੇ ਸੰਪੱਤੀ ਦਾ ਅਧਿਕਾਰ ਲਾਗੂ ਕਰ ਸਕਦਾ ਹੈ।"

ਵਰਜੀਨੀਆ ਦੇ ਮੈਥਡਿਸਟ ਕਾਲਜ ਦੇ ਇੱਕ ਪ੍ਰੋਫੈਸਰ ਰੇਵਰੰਤ ਈ. ਡੀ. ਸਾਈਮਨ, ਡਾਕਟਰ ਆਫ ਡਿਵਾਇਨਟੀ ਨੇ ਲਿਖਿਆ ਹੈ :

"ਹੋਲੀ ਰਿੱਟ (ਇਸਾਈ ਧਰਮ ਸ਼ਾਸ਼ਤਰ ਸੰ.) ਦੇ ਵਿੱਚ ਸਾਫ ਤੌਰ ਉੱਪਰ ਗੁਲਾਮਾਂ ਉੱਤੇ ਸੰਪੱਤੀ ਅਧਿਕਾਰ ਅਤੇ ਇਸ ਅਧਿਕਾਰ ਨਾਲ ਸੰਬੰਧਿਤ ਰੋਜ਼ਮੱਰਾ ਦੀਆਂ ਗੱਲਾਂ ਦਾ ਉਲੇਖ ਕੀਤਾ ਗਿਆ ਹੈ। ਤਾਂ ਕੁੱਲ ਮਿਲਾ ਕੇ ਗੱਲ ਇਹ ਹੀ ਹੈ ਕਿ ਚਾਹੇ ਅਸੀਂ ਖੁਦ ਈਸ਼ਵਰ ਦੁਆਰਾ ਸਥਾਪਤ ਯਹੂਦੀ ਨੀਤੀ ਨੂੰ ਵੇਖੀਏ, ਜਾਂ ਸਾਰੇ ਯੁੱਗਾਂ ਵਿੱਚ ਮਾਨਵ ਜਾਤੀ ਦੇ ਇੱਕ ਸਮਾਨ ਵਿਚਾਰ ਤੇ ਵਿਵਹਾਰ ਨੂੰ ਲਈਏ ਜਾਂ ਨਿਊਟੇਸਟਾਮੈਂਟ ਅਤੇ ਨੈਤਿਕ ਨਿਯਮ ਦੇ ਕਾਨੂੰਨ ਨਿਸ਼ੇਧ ਸੰਬੰਧੀ ਨਿਰਦੇਸ਼ਾਂ ਨੂੰ ਵੇਖੀਏ ਅਸੀਂ ਏਸ ਨਤੀਜੇ ਤੇ ਪੁੱਜਦੇ ਹਾਂ ਕਿ ਦਾਸਤਾਂ (ਗੁਲਾਮੀ) ਅਨੈਤਿਕ ਨਹੀਂ ਹੈ। ਜਦੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਅਫਰੀਕੀ ਦਾਸ ਕਾਨੂੰਨੀ ਤੌਰ ਤੇ ਖਰੀਦ ਕੇ ਬੰਧੂਆ ਬਣਾਏ ਜਾਂਦੇ ਸਨ, ਤਾਂ ਉਹਨਾਂ ਦੇ ਬੱਚਿਆਂ ਨੂੰ ਬੰਧੂਆ ਬਣਾ ਕੇ ਰੱਖਣ ਦੀ ਗੱਲ ਵੀ ਲਾਜ਼ਮੀ ਤੌਰ ਤੇ ਸਿੱਧ ਹੀ ਹੋ ਜਾਂਦੀ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਅਮਰੀਕਾ ਵਿੱਚ ਜੋ ਗੁਲਾਮੀ ਮੌਜੂਦ ਹੈ, ਉਸਦੀ ਸਥਾਪਨਾ ਸਹੀ ਸੀ।"

ਪੂੰਜੀਵਾਦ ਦਾ ਸਮਰਥਨ :

ਹੈਨਰੀ ਵਾਨ ਡਾਈਕ "ਐਸੇ ਇਨ ਐਪਲੀਕੇਸ਼ਨ" (1905) ਵਿੱਚ ਲਿਖਦਾ ਹੈ :

"ਬਾਈਬਲ ਦੀ ਸਿੱਖਿਆ ਹੈ ਕਿ ਈਸ਼ਵਰ ਦੁਨੀਆਂ ਦਾ ਮਾਲਕ ਹੈ। ਉਹ ਆਪਣੀ ਭਲਾਈ ਦੀ ਇੱਛਾ ਨਾਲ, ਸਾਧਾਰਣ ਨਿਯਮਾਂ ਦੇ ਅਨੁਰੂਪ, ਹਰ ਇੱਕ ਆਦਮੀ ਨੂੰ ਉਸਦਾ ਹਿੱਸਾ ਦਿੰਦਾ ਹੈ।"



Original with;
Dr. Gurdev Singh Sidhu
Digitized by;
Panjab Digital Library

52

Satistics about United States.

Army was 50,000 strong }
It is now 300,000 strong }

Plutocracy owns 67 billions of wealth.
Out of the total persons engaged in occupation only $\frac{9}{10}$% belong to Plutocracy
yet they own 70% of the total wealth.
Out of Persons engaged in occupations 29% belong to middle Class.
They own 25% of the total wealth = 24 billions.
Remaining 70% of the men in occupations belong to the Proletariat and they only 4% of the total wealth. i.e. 4 billions

According to Lucien Sanial in 1900:—
Out of total People engaged in occupation = 250,251 belonged to Plutocrats
= 8,429,845 middle Class
= 20,393,137 Proletariate

(Iron Heel)

Rifles!/ You say you will have majority in the Parliament and State offices, but
"How many rifles have you got? Do you know where you can get plenty of lead? When it comes to powder, the chemical mixtures are better than mechanical mixtures. You take my word."
P. 198 Iron Heel



Original w[ork]:
Dr. Gurde[v] Singh Sidhu
Digitized b[y]
Panjab Di[gi]tal Library

ਪੰਨਾ 52 (49)

ਸੰਯੁਕਤ ਰਾਜ ਅਮਰੀਕਾ ਦੇ ਸੰਬੰਧ ਵਿੱਚ ਅੰਕੜੇ:

ਸੈਨਾ ਸੰਖਿਆ 50, 000 ਸੀ

ਹੁਣ ਇਹ 300,000 ਹੈ।

ਅਮੀਰਾਂ ਦੇ ਕੋਲੇ 67 ਅਰਬ ਦੀ ਦੌਲਤ ਹੈ,

ਕਾਰੋਬਾਰ ਵਿੱਚ ਲੱਗੇ ਕੁੱਲ ਵਿਅਕਤੀਆਂ ਵਿੱਚ

ਸਿਰਫ 9/10 ਪ੍ਰਤੀਸ਼ਤ ਹੀ ਪੂੰਜੀਵਾਦੀ ਤੰਤਰ ਵਿੱਚ ਸ਼ਾਮਲ ਹਨ।

ਫਿਰ ਵੀ ਉਹਨਾਂ ਦੇ ਕੋਲੇ ਕੁੱਲ ਦੌਲਤ ਦਾ 70 ਪ੍ਰਤੀਸ਼ਤ ਹੈ।

ਕਾਰੋਬਾਰ ਵਿੱਚ ਲੱਗੇ ਕੁੱਲ ਵਿਅਕਤੀਆਂ ਵਿੱਚੋਂ

29 ਪ੍ਰਤੀਸ਼ਤ ਮੱਧ ਵਰਗ ਨਾਲ ਸੰਬੰਧਿਤ ਹਨ

ਉਹਨਾਂ ਦੇ ਕੋਲ ਕੁੱਲ ਦੌਲਤ ਦਾ 25 ਪ੍ਰਤੀਸ਼ਤ ਹੈ = 24 ਅਰਬ ਦੇ

ਕਾਰੋਬਾਰ ਵਿੱਚ ਲੱਗੇ ਲੋਕਾਂ ਵਿੱਚੋਂ ਬਾਕੀ 70 ਪ੍ਰਤੀਸ਼ਤ

ਸਰਵਹਾਰਾ ਵਰਗ ਨਾਲ ਸੰਬੰਧਤ ਹਨ ਅਤੇ ਉਹਨਾਂ ਦੇ ਕੋਲੇ

ਕੁੱਲ ਦੌਲਤ ਦਾ ਸਿਰਫ਼ 4 ਪ੍ਰਤੀਸ਼ਤ ਅਰਥਾਤ 4 ਅਰਬ ਹੈ।

ਲੂਸੀਅਨ ਸੈਨਿਅਲ ਦੇ ਅਨੁਸਾਰ 1900 ਵਿੱਚ

ਕਾਰੋਬਾਰ ਵਿੱਚ ਲੱਗੇ ਕੁੱਲ ਲੋਕਾਂ ਵਿੱਚੋਂ

= 250,251 ਪੂੰਜੀਵਾਦੀ ਤੰਤਰ ਨਾਲ ਸੰਬੰਧਿਤ ਸਨ

= 8,429,845 ਮੱਧ ਵਰਗ ਨਾਲ ਸੰਬੰਧਿਤ ਸਨ

= 20,395,137 ਸਰਵਹਾਰਾ ਵਰਗ ਨਾਲ ਸੰਬੰਧਤ ਸਨ

– ਆਇਰਨ ਹੀਲ

ਬੰਦੂਕਾਂ:

"ਤੁਸੀਂ ਆਖਦੇ ਹੋ ਕਿ ਸੰਸਦ ਅਤੇ ਰਾਜਕੀ ਅਹੁਦਿਆਂ ਉੱਪਰ ਤੁਹਾਡਾ ਬਹੁਮੱਤ ਹੋਵੇਗਾ, ਲੇਕਿਨ" ਤੁਹਾਡੇ ਕੋਲੇ ਬੰਦੂਕਾਂ ਕਿੰਨੀਆਂ ਹਨ? ਕੀ ਤੁਹਾਨੂੰ ਮਾਲੂਮ ਹੈ ਕਿ ਕਾਫ਼ੀ ਸਿੱਕਾ ਤੁਹਾਨੂੰ ਕਿੱਥੋਂ ਮਿਲ ਸਕਦਾ ਹੈ? ਜਿੱਥੋਂ ਤੱਕ ਬਾਰੂਦ ਦੀ ਗੱਲ ਹੈ, ਰਸਾਇਣਿਕ ਮਿਸ਼ਰਣ ਯੰਤਰਿਕ ਮਿਸ਼ਰਣਾਂ ਨਾਲੋਂ ਬੇਹਤਰ ਹੁੰਦੇ ਹਨ, ਇਹ ਗੱਲ ਮੇਰੀ ਮੰਨ ਲਵੋ।"

– ਆਇਰਨ ਹੀਲ, ਪੰਨਾ 198



Original with;
Dr. Gurdev Singh Sidhu
Digitized by;
Panjab Digital Library

A socialist leader had addressed a meeting of the plutocrats and charged them of the mismanaging society and thereby thrown the whole responsibility on their shoulders, the responsibility for the woes and misery that confronts the suffering humanity. Afterwards a capitalist (Mr. Wickson) rose and addressed him as follows:—

"This, then, is our answer. We have no words to waste on you. When you reach out your vaunted strong hands for our palaces and purpled ease, we will show you what strength is. In roar of shell and shrapnel and in whine of machine guns will our answer be couched. We will grind you revolutionists down under our heel, and we shall walk upon your faces. The world is ours, we are its lords, and ours it shall remain. As for the host of labor, it has always been in the dirt since history began, and I read history aright. And in the dirt it shall remain so long as I and mine and those that come after us have the power. There is the word. It is the king of words — Power. Not God, not Mammon, but Power. Pour it over your tongue till it tingles with it. Power."

"I am answered," Earnest (the socialist leader) said quietly. "It is the only answer that could be given. Power. It is what we of the working class preach. We know, and well we know by bitter experience that, no appeal for the right, for justice, for humanity can ever touch you. Your hearts are hard as your heels with which you tread upon the faces of the poor. So we have preached power. By the Power of our ballots on election day will we take your government away from you —"

"What if you do get a majority, a sweeping majority on election day," Mr. Wickson broke in to demand. "Suppose we refuse to turn the Govt. over to you after you have captured it at the ballot box?"



Original with;
Dr. Gurdev Singh Sidhu
Digitized by;
Panjab Digital Library

ਪੰਨਾ 53 (50)

ਸੱਤਾ.....

ਇੱਕ ਸਮਾਜਵਾਦੀ ਨੇਤਾ ਨੇ ਪੂੰਜੀਪਤੀਆਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਉਹਨਾਂ ਉੱਤੇ ਸਮਾਜ ਦੇ ਦੁਰਪ੍ਰਬੰਧ ਦਾ ਦੋਸ਼ ਲਾਇਆ ਅਤੇ ਇਸ ਤਰ੍ਹਾਂ ਮਾਨਵਤਾ ਦੇ ਸਨਮੁੱਖ ਉਪਸਥਿਤ ਸਾਰੀਆਂ ਭਿਅੰਕਰਤਾਵਾਂ ਅਤੇ ਦੁੱਖ-ਤਕਲੀਫਾਂ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਉਹਨਾਂ ਉੱਪਰ ਥੋਪ ਦਿੱਤੀ। ਬਾਦ ਵਿੱਚ ਇੱਕ ਪੂੰਜੀਪਤੀ (ਮਿ. ਵਿਕਸਨ) ਉੱਠ ਖੜਾ ਹੋਇਆ ਅਤੇ ਉਸਨੇ ਇਸ ਤਰ੍ਹਾਂ ਸੰਬੋਧਨ ਕੀਤਾ:

"ਇਸ ਬਾਰੇ ਸਾਡਾ ਜਵਾਬ ਇਹ ਹੈ ਕਿ ਸਾਡੇ ਕੋਲੋਂ ਤੁਹਾਡੇ ਉੱਪਰ ਬਰਬਾਦ ਕਰਨ ਦੇ ਲਈ ਸ਼ਬਦ ਨਹੀਂ ਹਨ। ਜਦੋਂ ਤੁਸੀਂ ਆਪਣੇ ਫੌਲਾਦੀ ਮਜ਼ਬੂਤ ਹੱਥ ਸਾਡੇ ਮਹਿਲਾਂ ਅਤੇ ਐਸ਼ੋ ਇਸ਼ਰਤ ਵੱਲੀਂ ਵਧਾਉਗੇ ਤਾਂ ਅਸੀਂ ਤੁਹਾਨੂੰ ਵਿਖਾ ਦੇਵਾਂਗੇ ਕਿ ਸਾਡੀ ਕੀ ਤਾਕਤ ਹੈ। ਬੰਬ ਗੋਲਿਆਂ ਦੀ ਗੜ ਗੜਾਹਟ ਅਤੇ ਮਸ਼ੀਨ ਗੰਨਾਂ ਦੀ ਤੜਤਹਾਟ ਨਾਲ ਅਸੀਂ ਆਪਣਾ ਜਵਾਬ ਦੇਵਾਂਗੇ। ਅਸੀਂ ਤੁਹਾਨੂੰ ਇਨਕਲਾਬੀਆਂ ਨੂੰ ਆਪਣੀਆਂ ਅੱਡੀਆਂ ਥੱਲੇ ਦਰੜ ਸੁੱਟਾਂਗੇ ਅਤੇ ਤੁਹਾਡੇ ਚਿਹਰਿਆਂ ਨੂੰ ਰੌਂਦ ਦੇਵਾਂਗੇ। ਇਹ ਦੁਨੀਆਂ ਸਾਡੀ ਹੈ। ਅਸੀਂ ਇਸਦੇ ਮਾਲਕ ਹਾਂ ਅਤੇ ਇਹ ਸਾਡੀ ਹੀ ਰਹੂਗੀ। ਜਿੱਥੋਂ ਤੱਕ ਮਿਹਨਤ ਦੀ ਗੱਲ ਹੈ, ਇਹ ਤਾਂ ਜਦੋਂ ਤੋਂ ਇਤਿਹਾਸ ਸ਼ੁਰੂ ਹੋਇਆ ਹੈ ਧੂੜ ਚੱਟਦੀ ਰਹੀ ਹੈ, ਅਤੇ ਮੈਂ ਇਤਿਹਾਸ ਨੂੰ ਚੰਗੀ ਤਰ੍ਹਾਂ ਤਰ੍ਹਾਂ ਪੜ੍ਹਿਆ ਹੈ ਅਤੇ ਇਹ ਉਦੋਂ ਤੱਕ ਧੂੜ ਫੱਕਦੀ ਰਹੂਗੀ ਜਦੋਂ ਤੱਕ ਸਾਡੇ ਅਤੇ ਸਾਡੇ ਉਤਰਾਧਿਕਾਰੀਆਂ ਦੇ ਹੱਥਾਂ ਵਿੱਚ ਸੱਤਾ ਰਹੂਗੀ।"

"ਇਕ ਸ਼ਬਦ ਹੈ – ਸੱਤਾ। ਇਹ ਸਾਰੇ ਸ਼ਬਦਾਂ ਦਾ ਬਾਦਸ਼ਾਹ ਹੈ। ਈਸ਼ਵਰ ਨਹੀਂ ਧਨ ਦੌਲਤ ਨਹੀਂ, ਬਲਕਿ ਸੱਤਾ। ਆਪਣੀ ਜ਼ਬਾਨ ਤੇ ਰੱਖ ਲਵੋ ਅਤੇ ਉਦੋਂ ਤੱਕ ਰੱਖੀ ਰੱਖੋ ਜਦੋਂ ਤੱਕ ਕਿ ਇਹ ਛਣਕਾਉਣ ਨਾ ਲੱਗੇ।"

"ਮੈਨੂੰ ਮੇਰਾ ਉੱਤਰ ਮਿਲ ਗਿਆ" ਅਰਨੈਸਟ (ਉਸ ਸਮਾਜਵਾਦੀ ਨੇਤਾ) ਨੇ ਨਿਰਵਿਕਾਰ ਭਾਵ ਨਾਲ ਕਿਹਾ।" ਇੱਕ ਮਾਤਰ ਇਹ ਹੀ ਉੱਤਰ ਦਿੱਤਾ ਵੀ ਜਾ ਸਕਦਾ ਸੀ ਸੱਤਾ। ਅਸੀਂ ਮਜ਼ਦੂਰ ਵਰਗ ਦੇ ਲੋਕ ਏਸੇ ਦਾ ਤਾਂ ਪ੍ਰਚਾਰ ਕਰਦੇ ਹਾਂ। ਅਸੀਂ ਜਾਣਦੇ ਹਾਂ ਆਪਣੇ ਕੌੜੇ ਅਨੁਭਵਾਂ ਤੋਂ ਭਲੀਭਾਂਤ ਜਾਣਦੇ ਹਾਂ ਕਿ ਸੱਚ ਦੀ, ਨਿਆਂ ਦੀ, ਮਾਨਵਤਾ ਦੀ ਕੋਈ ਵੀ ਅਪੀਲ ਤੁਹਾਨੂੰ ਛੂ ਨਹੀਂ ਸਕਦੀ। ਤੁਹਾਡੇ ਦਿਲ ਵੀ ਤੁਹਾਡੀਆਂ ਉਹਨਾਂ ਅੱਡੀਆਂ ਦੀ ਤਰ੍ਹਾਂ ਹੀ ਕਠੋਰ ਹਨ ਜਿਹਨਾਂ ਨਾਲ ਤੁਸੀਂ ਗਰੀਬਾਂ ਦੇ ਚਿਹਰੇ ਕੁਚਲਦੇ ਹੋ। ਏਸੇ ਲਈ ਤਾਂ ਅਸੀਂ ਸੱਤਾ ਦਾ ਪ੍ਰਚਾਰ ਕੀਤਾ ਹੈ। ਲੇਕਿਨ ਚੋਣਾਂ ਦੇ ਦਿਨ ਸਾਡੀਆਂ ਵੋਟਾਂ ਦੀ ਤਾਕਤ ਤੁਹਾਡੇ ਕੋਲੋਂ ਤੁਹਾਡੀ ਸਰਕਾਰ ਖੋਹ ਲੈ ਜਾਏਗੀ.....।"

"ਅਗਰ ਚੋਣਾਂ ਦੇ ਦਿਨ ਤੁਹਾਨੂੰ ਬਹੁਮੱਤ, ਭਾਰੀ ਬਹੁਮੱਤ ਮਿਲ ਹੀ ਜਾਵੇ, ਤਾਂ ਵੀ ਉਸ ਨਾਲ ਕੀ ਫ਼ਰਕ ਪੈਣ ਵਾਲਾ ਹੈ।" ਮਿਸਟਰ ਵਿਕਸਤ ਤਪਾਕ ਦੇਣੀਂ ਬੋਲਿਆ।

"ਮੰਨ ਲਵੋ ਜੇ ਮੱਤ ਪੇਟੀਆਂ ਵਿੱਚ ਤੁਹਾਡੀ ਜਿੱਤ ਦੇ ਬਾਵਜੂਦ ਅਸੀਂ ਤੁਹਾਨੂੰ ਸੱਤਾ ਸੌਂਪਣ ਤੋਂ ਇਨਕਾਰ ਕਰ ਦਈਏ ਤਾਂ ?"



Original with;
Dr. Gurdev Singh Sidhu
Digitized by;
Panjab Digital Library

"That also, have we considered," Ernest replied. "And we shall give you an answer in terms of lead. Power, you have proclaimed the king of words. Very good! Power it shall be. And in the day that we sweep to victory at the ballot box and you refuse to turn over to us the govt. we have constitutionally and peacefully captured, and you demand what we are going to do about it — in that day, I say, we shall answer you; and in roar of shell and shrapnel & in whine of machine guns shall our answer be couched."

"You can not escape us. It is true that you have read history aright. It is true that labour has from the beginning of history been in the dirt. And it is equally true that so long as you and yours and those that come after you have power, that labour shall remain in the dirt. I agree with you. I agree with all that you have said. Power will be the arbiter, as it allways has been the arbiter. It is a struggle of classes. Just as your class dragged down the old feudal nobility, so shall it be dragged down by my class, the working class. If you will read your biology and your sociology as clearly as do your history, you will see that this end I have described is inevitable. It does not matter whether it is in one year, ten or a thousand — your class shall be dragged down. And it shall be done by power. We of the labour host have conned that word over till our minds are all atingle with it. Power. It is a kingly word."

Iron Heel (P.88)
By Jack London



Original with;
Dr. Gurdev Singh Sidhu
Digitized by;
Panjab Digital Library

ਪੈਨਾ 54(51)

"ਅਸੀਂ ਉਸ ਬਾਰੇ ਵੀ ਸੋਚ ਰੱਖਿਆ ਹੈ।" ਅਰਨੈਸਟ ਨੇ ਜਵਾਬ ਦਿੱਤਾ। ਅਤੇ ਇਸਦਾ ਜਵਾਬ ਅਸੀਂ ਤਹਾਨੂੰ ਗੋਲੀਆਂ ਨਾਲ ਦੇਵਾਂਗੇ। ਸੱਤਾ, ਤੁਸੀਂ ਹੀ ਇਸਨੂੰ ਸ਼ਬਦਾਂ ਦਾ ਬਾਦਸ਼ਾਹ ਕਿਹਾ ਹੈ। ਬਹੁਤ ਖੂਬ। ਸੱਤਾ, ਵੇਖਾਂਗੇ ਇਹਨੂੰ । ਅਤੇ ਜਿਸ ਦਿਨ ਅਸੀਂ ਚੋਣਾਂ ਵਿੱਚ ਜਿੱਤ ਹਾਸਿਲ ਕਰ ਲਵਾਂਗੇ, ਅਤੇ ਤੁਸੀਂ ਸਾਡੀ ਇਸ ਸੰਵਿਧਾਨਿਕ ਅਤੇ ਸ਼ਾਂਤੀਪੂਰਣ ਢੰਗ ਨਾਲ ਹਾਸਿਲ ਕੀਤੀ ਗਈ ਸੱਤਾ ਨੂੰ ਸੌਂਪਣ ਤੋਂ ਇਨਕਾਰ ਕਰ ਦੇਵੋਗੇ, ਤਾਂ ਤੁਹਾਡੇ ਇਸ ਸਵਾਲ ਦੇ ਜਵਾਬ ਦੇਵਾਂਗੇ, ਅਸੀਂ ਬੰਬ ਗੋਲਿਆਂ ਦੀ ਗੜਗੜਾਹਟ ਅਤੇ ਮਸ਼ੀਨਗੰਨਾਂ ਦੀ ਤੜਤੜਾਹਟ ਨਾਲ ਆਪਣਾ ਜਵਾਬ ਦੇਵਾਂਗੇ।

"ਤੁਸੀਂ ਸਾਥੋਂ ਬਚ ਨਹੀਂ ਸਕਦੇ। ਇਹ ਸਹੀ ਹੈ ਕਿ ਤੁਸੀਂ ਇਤਿਹਾਸ ਨੂੰ ਠੀਕ ਤਰ੍ਹਾਂ ਪੜ੍ਹਿਆ ਹੈ। ਇਹ ਸਹੀ ਹੈ ਕਿ ਮਿਹਨਤ ਇਤਿਹਾਸ ਦੇ ਆਰੰਭ ਤੋਂ ਹੀ ਧੂੜ ਫੱਕਦੀ ਆ ਰਹੀ ਹੈ ਅਤੇ ਇਹ ਵੀ ਸਹੀ ਹੈ ਕਿ ਜਦੋਂ ਤੱਕ ਤੁਹਾਡੇ ਅਤੇ ਤੁਹਾਡੇ ਉਤਰਾਧਿਕਾਰੀਆਂ ਦੇ ਹੱਥਾਂ ਵਿੱਚ ਸੱਤਾ ਰਹੂਗੀ, ਉਦੋਂ ਤੱਕ ਮਿਹਨਤ ਧੂੜ ਹੀ ਚੱਟਦੀ ਰਹੂਗੀ। ਮੈਂ ਤੁਹਾਡੇ ਨਾਲ ਸਹਿਮਤ ਹਾਂ। ਤੁਸੀਂ ਜੋ ਕੁਝ ਕਿਹਾ ਹੈ ਉਹਨਾਂ ਸਾਰੀਆਂ ਗੱਲਾਂ ਨਾਲ ਮੈਂ ਸਹਿਮਤ ਹਾਂ। ਸੱਤਾ ਹੀ ਫੈਸਲਾਕੁੰਨ ਹੋਏਗੀ ਜਿਵੇਂ ਕਿ ਹਮੇਸ਼ਾ ਸੱਚ ਹੁੰਦਾ ਆਇਆ ਹੈ, ਇਹ ਹੀ ਤਾਂ ਵਰਗਾਂ ਦਾ ਸੰਘਰਸ਼ ਹੈ। ਜਿਵੇਂ ਤੁਹਾਡੇ ਵਰਗ ਨੇ ਪੁਰਾਣੇ ਜਗੀਰ ਪ੍ਰਬੰਧ ਨੂੰ ਨਸ਼ਟ ਕੀਤਾ, ਠੀਕ ਵੈਸੇ ਹੀ ਮੇਰਾ ਵਰਗ, ਮਜ਼ਦੂਰ ਵਰਗ, ਤੁਹਾਡੇ ਵਰਗ ਨੂੰ ਤਬਾਹ ਕਰ ਸੁੱਟੇਗਾ। ਅਗਰ ਅਸੀਂ ਆਪਣੇ ਪ੍ਰਾਣੀ ਵਿਗਿਆਨ ਅਤੇ ਆਪਣੇ ਸਮਾਜ ਵਿਗਿਆਨ ਨੂੰ ਵੀ ਉਨੀ ਹੀ ਸਪਸ਼ਟਤਾ ਨਾਲ ਪੜੋ, ਜਿੰਨੀ ਸਪੱਸ਼ਟਤਾ ਨਾਲ ਤੁਸੀਂ ਇਤਿਹਾਸ ਪੜ੍ਹਦੇ ਹੋ, ਤਾਂ ਤੁਸੀਂ ਵੇਖੋਗੇ ਕਿ ਮੈਂ ਜਿਸ ਹਸ਼ਰ ਦਾ ਵਰਨਣ ਕੀਤਾ ਹੈ ਉਹ ਲਾਜ਼ਮੀ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਵਿੱਚ ਇੱਕ ਵਰ੍ਹਾ ਲੱਗੂਗਾ, ਦਸ ਵਰ੍ਹੇ ਲੱਗਣਗੇ ਜਾਂ ਹਜ਼ਾਰ ਵਰ੍ਹੇ ਲੱਗਣਗੇ – ਇਹ ਨਿਸ਼ਚਤ ਹੈ ਕਿ ਤੁਹਾਡਾ ਵਰਗ ਮਿੱਟੀ ਵਿੱਚ ਮਿਲ ਜਾਵੇਗਾ ਅਤੇ ਇਹ ਸੱਤਾ ਦੇ ਜ਼ਰੀਏ ਹੀ ਹੋਵੇਗਾ। ਅਸੀਂ ਮਿਹਨਤਕਸ਼ ਇਸ ਸ਼ਬਦ ਨੂੰ ਐਨਾ ਰਟ ਚੁੱਕੇ ਹਾਂ ਕਿ ਸਾਡੇ ਦਿਮਾਗਾਂ ਵਿੱਚ ਇਸਦਾ ਹੀ ਛਣਕਾਟਾ ਪੈਂਦਾ ਹੈ। ਸੱਤਾ । ਇਹ ਇੱਕ ਬਾਦਸ਼ਾਹ ਸ਼ਬਦ ਹੈ।"

– ਜੈਕ ਲੰਡਨ ਰਚਿਤ ਆਇਰਨ ਹੀਲ (ਪੰ. 88)



*Original with;*
Dr. Gurdev Singh Sidhu
*Digitized by;*
Panjab Digital Library

Figures :—

England :—

1922 — Number of unemployment 1,135,000
1926 — it has oscillated to 1¼ and 1½ millions i.e. 1,250,000 to 1,500,000

Betrayal of the English labour leaders :—

The years 1911 to 1913 were times of unparallel class struggles of the miners, railwaymen and transport workers generally. In August 1911 a national, in other words a general strike broke out on the railways. The vague shadow of revolution hovered over Britain in those days. The leaders exerted all their strength in order to paralyze the movement. Their motive was 'Patriotism': the affair was occurring at the time of the Agadir incident, which threatened to lead to a war with Germany. As is well known today the premier summoned the workers' leaders to a secret council, and called them to the salvation of the fatherland. And leaders did all that lay in their power, strengthening the bourgeoisie, and thus preparing the way for the imperialist slaughter.

P. 3.
Crew in Britain ...



iginal with;
. Gurdev Singh Sidhu
gitized by;
njab Digital Library

ਪੰਨਾ 55 (52)

ਅੰਕੜੇ

ਇੰਗਲੈਂਡ :

1922 – ਬੇਰੁਜ਼ਗਾਰਾਂ ਦੀ ਸੰਖਿਆ - 1,35,000

1926 – ਇਹ 1¼ ਤੋਂ 1½ ਮਿਲੀਅਨਾਂ ਦੇ ਵਿੱਚ

ਅਰਥਾਤ 1,250,000 ਤੋਂ 1,500,000 ਦੇ ਵਿੱਚ ਰਹੀ ਹੈ।

ਅੰਗਰੇਜ਼ ਮਜ਼ਦੂਰ ਨੇਤਾਵਾਂ ਦਾ ਵਿਸਵਾਸ਼ਘਾਤ

1911 ਤੋਂ 1913 ਤੱਕ ਦੇ ਸਾਲ ਆਮ ਤੌਰ ਤੇ ਖਾਨ ਮਜ਼ਦੂਰਾਂ, ਰੇਲ ਕਰਮਚਾਰੀਆਂ ਅਤੇ ਪਰਿਵਹਨ ਮਜ਼ਦੂਰਾਂ ਦੇ ਬੇਮਿਸਾਲ ਵਰਗ ਸੰਘਰਸ਼ਾਂ ਦਾ ਸਮਾਂ ਸੀ। ਅਗਸਤ 1911 ਵਿੱਚ, ਰੇਲਵੇ ਦੀ ਰਾਸ਼ਟਰ ਵਿਆਪੀ ਦੂਜੇ ਸ਼ਬਦਾਂ ਵਿੱਚ, ਆਮ ਹੜਤਾਲ ਫੁੱਟ ਪਈ ਸੀ। ਉਹਨੀਂ ਦਿਨੀ ਬਰਤਾਨੀਆਂ ਉੱਪਰ ਇਨਕਲਾਬ ਦੀ ਇੱਕ ਧੁੰਦਲੀ ਛਾਇਆ ਮੰਡਰਾ ਰਹੀ ਸੀ ਲੇਕਿਨ ਨੇਤਾਵਾਂ ਨੇ ਇਸ ਅੰਦੋਲਨ ਨੂੰ ਖੱਸੀ ਕਰ ਦੇਣ ਦੇ ਵਾਸਤੇ ਆਪਣੀ ਪੂਰੀ ਤਾਕਤ ਲਾ ਦਿੱਤੀ, ਉਹਨਾਂ ਦਾ ਇਰਾਦਾ "ਦੇਸ਼ ਭਗਤੀ" ਦਾ ਸੀ, ਇਹ ਹਰਕਤ ਅਗਾਦਿਰ ਦੀ ਉਸ ਘਟਨਾ ਵਕਤ ਕੀਤੀ ਜਾ ਰਹੀ ਸੀ, ਜਿਸਨੇ ਜਰਮਨੀ ਦੇ ਨਾਲ ਯੁੱਧ ਦਾ ਖਤਰਾ ਪੈਦਾ ਕਰ ਦਿੱਤਾ ਸੀ। ਜਿਵੇਂ ਕਿ ਅੱਜ ਭਲੀ ਭਾਂਤੀ ਮਾਲੂਮ ਹੈ, ਪ੍ਰਧਾਨ ਮੰਤਰੀ ਨੇ ਮਜ਼ਦੂਰ ਨੇਤਾਵਾਂ ਦੀ ਇੱਕ ਗੁਪਤ ਮੀਟਿੰਗ ਸੱਦੀ ਅਤੇ ਉਹਨਾਂ ਨੂੰ ਪਿੱਤਰ ਭੂਮੀ (ਫਾਦਰ ਲੈਂਡ) ਦੀ ਰੱਖਿਆ ਦੀ ਅਪੀਲ ਕੀਤੀ। ਅਤੇ ਨੇਤਾਵਾਂ ਨੇ, ਬੁਰਜੂਆ ਵਰਗ ਨੂੰ ਮਜ਼ਬੂਤ ਕਰਨ ਦੇ ਲਈ ਆਪਣੇ ਬੁੱਤੇ ਤੇ ਸੱਭ ਕੁੱਝ ਕੀਤਾ ਅਤੇ ਇਸ ਤਰ੍ਹਾਂ ਸਾਮਰਾਜਵਾਦੀ ਨਰਸੰਹਾਰ ਦੇ ਵਾਸਤੇ ਰਾਹ ਮੋਕਲਾ ਕਰ ਦਿੱਤਾ।

(ਪੰ. 3) ਹਵੇਅਰ ਇਜ ਬ੍ਰਿਟੇਨ ਗੋਇੰਗ ?

ਟਰਾਟਸਕੀ



Original with;
Dr. Gurdev Singh Sidhu
Digitized by;
Panjab Digital Library

Betrayal :—

It was only after 1920 the movement returned to its bounds, after 'Black Friday' when the Triple alliance of miners', railwaymen's, and transport leaders betrayed the general strike. P. 3

For Reform a threat of revolution is necessary :—

.. The British bourgeoisie reckoned that by such means (reform) a revolution could be avoided. It follows, therefore, that even for the introduction of reforms the principle of gradualness alone is insufficient, and that an actual threat of revolution is necessary. P. 29

Social Solidarity :—

... It would seem that once we stand for the annihilation of a privileged class which has no desire to pass from the scene, we have therein the basic content of the class struggle. But no, MacDonald desires to 'evoke' the consciousness of social solidarity. With whom? The solidarity of the working class is the expression of its internal welding in the struggle with the bourgeoisie.

The social solidarity which MacDonald preaches is the solidarity of the exploited with the exploiters, in other words, the maintenance of exploitation.

Revolution a calamity :—

"The revolution in Russia" says MacDonald "taught us a great lesson. It showed that revolution is a ruin and a calamity & nothing more."

(next page)



Original with;
Dr. Gurdev Singh Sidhu
Digitized by;
Panjab Digital Library

ਪੰਨਾ 56 (53)

ਵਿਸਵਾਸ਼ਘਾਤ :

ਕੇਵਲ 1920, ਯਾਨੀ 'ਕਾਲੇ ਸ਼ੁੱਕਰਵਾਰ' ਦੇ ਬਾਦ ਹੀ ਅੰਦੋਲਨ ਹੱਦਾਂ ਵਿੱਚ ਵਾਪਸ ਮੁੜਿਆ, ਜਦੋਂ ਖਾਨ ਕਰਮਚਾਰੀਆਂ, ਰੇਲ ਮਜ਼ਦੂਰਾਂ ਅਤੇ ਪਰਿਵਾਹਕ ਮੁਲਾਜ਼ਮਾਂ ਦੇ ਤਿੰਨ ਪਾਰਟੀ ਗੁੱਟ ਦੇ ਨੇਤਾਵਾਂ ਨੇ ਆਮ ਹੜਤਾਲ ਦੇ ਨਾਲ ਵਿਸਵਾਸ਼ਘਾਤ ਕਰ ਦਿੱਤਾ।

(ਪੰ. 3)

ਸੁਧਾਰ ਦੇ ਵਾਸਤੇ ਇਨਕਲਾਬ ਦਾ ਖਤਰਾ ਜ਼ਰੂਰੀ ਹੈ :

.....ਬ੍ਰਿਟਿਸ਼ ਬੁਰਜੂਆ ਵਰਗ ਨੇ ਇਹ ਸਮਝ ਲਿਆ ਸੀ ਕਿ ਅਜਿਹੇ ਉਪਾਅ (ਸੁਧਾਰ) ਦੇ ਰਾਹੀਂ ਇਨਕਲਾਬ ਨੂੰ ਟਾਲਿਆ ਜਾ ਸਕਦਾ ਹੈ। ਇਸ ਲਈ ਇਸਤੋਂ ਸਿੱਟਾ ਨਿਕਲਦਾ ਹੈ ਕਿ ਸੁਧਾਰਾਂ ਤੱਕ ਨੂੰ ਵੀ ਲਾਗੂ ਕਰਵਾਉਣ ਦੇ ਵਾਸਤੇ, ਸਿਰਫ਼ ਹੌਲੀ ਹੌਲੀ ਕੰਮ ਕਰਦੇ ਰਹਿਣ ਦਾ ਸਿਧਾਂਤ ਕਾਫ਼ੀ ਨਹੀਂ ਹੈ, ਅਤੇ ਕਿ ਇਨਕਲਾਬ ਦਾ ਇੱਕ ਵਾਸਤਵਿਕ ਖਤਰਾ ਜ਼ਰੂਰੀ ਹੈ।

(ਪੰਨ. 29)

ਸਮਾਜਕ ਏਕਤਾ :

....ਅਜਿਹਾ ਹੋ ਸਕਦਾ ਹੈ ਕਿ ਇੱਕ ਵਾਰ ਅਸੀਂ ਇੱਕ ਅਜਿਹੇ ਵਿਸ਼ੇਸ਼ ਅਧਿਕਾਰ ਗ੍ਰਸਤ ਵਰਗ ਦੇ ਸਫ਼ਾਏ ਵਾਸਤੇ ਉੱਠ ਖੜ੍ਹੇ ਹੋਈਏ, ਜੋ ਰੰਗ ਮੰਚ ਤੋਂ ਹਟਣਾ ਨਾ ਚਾਹੁੰਦਾ ਹੋਵੇ, ਤਾਂ ਵਰਗ ਸੰਘਰਸ਼ ਦੀ ਬੁਨਿਆਦੀ ਅੰਤਰਵਸਤੂ, ਉਸੇ ਵਿਚ ਵਿਦਮਾਨ ਜਾਪਦੀ ਹੈ। ਲੇਕਿਨ ਨਹੀਂ ਮੈਡੋਨਾਲਡ ਸਮਾਜਕ ਏਕਤਾ ਦੀ ਚੇਤਨਾ "ਜਾਗ੍ਰਿਤ" ਕਰਨਾ ਚਾਹੁੰਦੇ ਹਨ। ਪਰ ਕਿਸਦੀ? ਮਜ਼ਦੂਰ ਵਰਗ ਦੀ ਏਕਤਾ ਤਾਂ ਬੁਰਜੂਆ ਵਰਗ ਦੇ ਵਿਰੁੱਧ ਸੰਘਰਸ਼ ਵਿੱਚ ਉਸਦੀ ਅੰਦਰੂਨੀ ਵਚਨਬੱਧਤਾ ਦਾ ਪ੍ਰਗਟਾਵਾ ਹੁੰਦੀ ਹੈ।

ਮੈਡੋਨਾਲਡ ਜਿਸ ਸਮਾਜਕ ਏਕਤਾ ਦਾ ਉਪਦੇਸ਼ ਦਿੰਦੇ ਹਨ, ਉਹ ਲੋਟੂਆਂ ਦੇ ਨਾਲ ਲੁੱਟੇ ਜਾਣ ਵਾਲਿਆਂ ਦਾ ਏਕਤਾ ਜਾਂ ਦੂਜੇ ਸ਼ਬਦਾਂ ਵਿੱਚ ਸ਼ੋਸ਼ਣ ਨੂੰ ਬਰਕਰਾਰ ਰੱਖਣ ਦੇ ਸਿਵਾਏ ਹੋਰ ਕੁੱਝ ਨਹੀਂ ਹੈ।

ਇਨਕਲਾਬ ਇੱਕ ਆਫਤ :

"ਰੂਸ ਦੇ ਇਨਕਲਾਬ ਨੇ" ਮੈਕਡੋਨਾਲਡ ਦੇ ਕਥਨ ਅਨੁਸਾਰ, "ਸਾਨੂੰ ਵਧੀਆ ਸਬਕ ਸਿਖਾਇਆ। ਇਸਨੇ ਵਿਖਾ ਦਿੱਤਾ ਕਿ ਇਨਕਲਾਬ ਇੱਕ ਬਰਬਾਦੀ ਅਤੇ ਬਿਪਤਾ ਦੇ ਸਿਵਾਏ ਹੋਰ ਕੁੱਝ ਨਹੀਂ ਹੈ।"



Original with;
Dr. Gurdev Singh Sidhu
Digitized by;
Panjab Digital Library

Revolution leads only to calamity! But the bourgeois democracy led to the imperialist war, . . . . with the ruin of which the calamities of revolution cannot, of course, compared in the very least. But in addition to this, what deaf ears and shameless face are necessary in order in the face of a revolution which overthrew Tsarism, nobility and bourgeoisie shook the Church, awakened to a new life a nation of 130 millions, a whole family of nations; to declare that revolution is ~~nothing~~ a calamity and nothing more.

P. 64.

Peaceful?:—

When and where did the ruling class ever yield power and property on the order of a peaceful vote — and especially such a class as the British bourgeoisie, which has behind it centuries of world rapacity. P. 66

Aim of Socialism:— Peace

It is absolutely unchallenged that the aim of Socialism is to eliminate force, first of all in its most crude and bloody forms, and afterwards in other more concealed forms.

P. 80

Where is ~~[illegible]~~ Britain going
Trotsky.

Aim of the World Revolution:—

1. To over throw Capitalism
2. To control the nature for the service of humanity.

This is how Bukharin defined it.



ginal with;
Gurdev Singh Sidhu
itized by;
jab Digital Library

ਪੰਨਾ 57 (54)

ਇਨਕਲਾਬ ਤਾਂ ਬਿਪਤਾ ਨੂੰ ਹੀ ਜਨਮ ਦਿੰਦਾ ਹੈ ਲੇਕਿਨ ਬ੍ਰਿਟਿਸ਼ ਲੋਕਤੰਤਰ ਨੇ ਤਾਂ ਸਾਮਰਾਜਵਾਦੀ ਯੁੱਧ ਨੂੰ ਜਨਮ ਦੇ ਦਿੱਤਾ.... ਜਿਸਦੀ ਤਬਾਹੀ ਦੀ ਤੁਲਨਾ ਇਨਕਲਾਬ ਦੀਆਂ ਬਿਪਤਾਵਾਂ ਨਾਲ ਤਾਂ ਯਕੀਨੀ ਤੌਰ ਤੇ ਭੋਰਾ ਵੀ ਨਹੀਂ ਕੀਤੀ ਜਾ ਸਕਦੀ। ਫਿਰ ਵੀ ਜਿਸ ਇਨਕਲਾਬ ਨੇ ਜਾਰਸ਼ਾਹੀ ਕਲੀਨਤੰਤਰ ਅਤੇ ਬੁਰਜੂਆ ਵਰਗ ਨੂੰ ਉਖਾੜ ਸੁੱਟਿਆ, ਗਿਰਜੇ ਨੂੰ ਹਿਲਾਕੇ ਰੱਖ ਦਿੱਤਾ, 13 ਕਰੋੜ ਲੋਕਾਂ ਦੇ ਇੱਕ ਰਾਸ਼ਟਰ ਜਾਂ ਰਾਸ਼ਟਰਾਂ ਦੇ ਇੱਕ ਸਮੁੱਚੇ ਕੁੱਲ ਵਿੱਚ, ਇੱਕ ਨਵੇਂ ਜੀਵਨ ਦਾ ਸੰਚਾਰ ਕੀਤਾ, ਉਸਦੇ ਸਾਹਮਣੇ ਇਹ ਘੋਸ਼ਣਾ ਕਰਨ ਦੇ ਵਾਸਤੇ ਕਿ ਇਨਕਲਾਬ ਇੱਕ ਬਿਪਤਾ ਦੇ ਸਿਵਾਏ ਹੋਰ ਕੁੱਝ ਨਹੀਂ ਹੈ – ਅਜਿਹੇ ਹੀ ਬੋਲਿਆਂ ਕੰਨਾਂ ਅਤੇ ਬੇਸ਼ਰਮ ਚਿਹਰਿਆਂ ਦੀ ਲੋੜ ਹੈ।

(ਪੰਨ: 64)

ਸ਼ਾਂਤੀਪੂਰਣ ?

ਕਦੋਂ ਅਤੇ ਕਿੱਥੇ ਸੱਤਾਧਾਰੀ ਵਰਗ ਨੇ ਵੋਟਾਂ ਦੇ ਰਾਹੀਂ ਕਦੇ ਸੱਤਾ ਅਤੇ ਸੰਪਤੀ ਸੌਂਪੀ ਹੈ – ਅਤੇ ਉਹ ਵੀ, ਖਾਸ ਤੌਰ ਤੇ ਬਰਤਾਨਵੀ ਬੁਰਜੂਆ ਵਰਗ ਨੇ, ਜੋ ਸਦੀਆਂ ਤੋਂ ਦੁਨੀਆਂ ਭਰ ਵਿੱਚ ਲੁੱਟਮਾਰ ਕਰਦਾ ਆਇਆ ਹੈ?

(ਪੰ. 66)

ਸਮਾਜਵਾਦ ਦਾ ਟੀਚਾ : ਸ਼ਾਂਤੀ

ਇਹ ਇਕਦਮ ਨਿਰਵਿਵਾਦ ਸੱਚਾਈ ਹੈ ਕਿ ਸਮਾਜਵਾਦ ਦਾ ਉਦੇਸ਼, ਸਭ ਤੋਂ ਪਹਿਲਾਂ, ਤਾਕਤ ਦੇ ਸਭ ਤੋਂ ਘਟੀਆ ਅਤੇ ਖੂੰਖਾਰ ਰੂਪਾਂ ਨੂੰ ਖਤਮ ਕਰਨਾ ਹੈ, ਅਤੇ ਫੇਰ ਉਸਦੇ ਬਾਦ ਉਹਦੇ ਹੋਰ ਲੁਪਤ ਰੂਪਾਂ ਨੂੰ ਵੀ ਖਤਮ ਕਰਨਾ ਹੈ।

"ਹਵੇਅਰ ਇਜ਼ ਬ੍ਰਿਟੇਨ ਗੋਇੰਗ?" ਤਰਾਤਸਕੀ

ਸੰਸਾਰ ਇਨਕਲਾਬ ਦਾ ਉਦੇਸ਼ :

1. ਪੂੰਜੀਵਾਦ ਨੂੰ ਉਖਾੜ ਸੁੱਟਣਾ

2. ਮਹਾਨਤਾ ਦੀ ਸੇਵਾ ਵਾਸਤੇ ਕੁਦਰਤ ਦਾ ਨਿਯੰਤਰਣ ਕਰਨਾ। ਬੁਖਾਰਿਨ ਨੇ ਇਸਨੂੰ ਇੰਝ ਹੀ ਪਰਿਭਾਸ਼ਤ ਕੀਤਾ ਹੈ।



Original with;
Dr. Gurdev Singh Sidhu
Digitized by;
Panjab Digital Library

Man and machinery:—

The United States Bureau of Labour tells:—

12 lbs package of pins can be made by a man working with a machine in 1 hr. 34 minutes.

Ratio 1:140.55 (?) 14 times — The same would take 140 hours and 55 minutes if man works with tools only but without machine.

100 pairs of shoes by machine work take 234 hrs 26 min.
By hand it will take 1,831 hrs 40 minutes.
Labour Cost by machine is $ 69.55
By hand is $ 457.92

500 yards of gingham checks are made by machine labour in 73 hours.
By hand labour it takes 5,946 hours.

100 lbs of sewing cotton can be made by machine labour in 39 hrs,
by hand it takes 2,895 hours.

Re: Agriculture.—

A good man with a scythe can reap 1 acre a day (12 hrs)
A machine does the same work in 20 minutes.
Six men with flails can thresh 60 liters of wheat in half an hour
One machine thresher can do 12 times as much
"The increased effectiveness of man-labour, aided by the use of machinery... varies from 150% in the case of rye, to 2,244% in the case of barley..."



Original with;
Dr. Gurdev Singh Sidhu
Digitized by;
Panjab Digital Library

ਪੰਨਾ 58 (55)

ਆਦਮੀ ਅਤੇ ਮਸ਼ੀਨਰੀ

ਦਾ ਯੂਨਾਈਟਡ ਸਟੇਟਸ ਬਿਊਰੋ ਆਫ਼ ਲੇਬਰ ਦਾ ਕਹਿਣਾ ਹੈ :

– ਮਸ਼ੀਨ ਤੇ ਕੰਮ ਕਰਕੇ ਇੱਕ ਆਦਮੀ 1 ਘੰਟੇ 34 ਮਿੰਟ ਵਿੱਚ ਪਿੰਨਾਂ ਦਾ 12 ਪੌਂਡ ਦਾ ਪੈਕੇਟ ਤਿਆਰ ਕਰ ਸਕਦਾ ਹੈ।

– ਅਗਰ ਆਦਮੀ ਮਸ਼ੀਨ ਤੇ ਨਹੀਂ ਬਲਕਿ ਸਿਰਫ਼ ਔਜ਼ਾਰਾਂ (ਸੰਦਾਂ) ਨਾਲ ਕੰਮ ਕਰੇ ਤਾਂ ਉਨੇ ਹੀ ਕੰਮ ਵਿੱਚ 140 ਘੰਟੇ 55 ਮਿੰਟਾਂ ਦਾ ਸਮਾਂ ਲੱਗੂਗਾ।

(ਅਨੁਪਾਤ – 1.34 : 140.55 ਮਿੰਟ)

– ਮਸ਼ੀਨ ਤੇ ਕੰਮ ਕਰਕੇ 100 ਜੋੜੇ ਜੁੱਤੀਆਂ ਬਣਾਉਣ 'ਚ 234 ਘੰਟੇ 25 ਮਿੰਟ ਲੱਗਦੇ ਹਨ।

– ਹੱਥਾਂ ਨਾਲ ਇਸ ਵਿੱਚ 1,831 ਘੰਟੇ 40 ਮਿੰਟ ਲੱਗਣਗੇ।

– ਮਸ਼ੀਨ ਤੇ ਕੰਮ ਕਰਨ ਨਾਲ ਮਿਹਨਤ ਦੀ ਲਾਗਤ /69.55 ਆਉਂਦੀ ਹੈ।

– ਹੱਥਾਂ ਨਾਲ /457.79 ਆਉਂਦੀ ਹੈ।

– ਮਸ਼ੀਨੀ ਮਿਹਨਤ ਰਾਹੀਂ 500 ਗਜ ਚਾਰਖਾਨੇਦਾਰ ਕੱਪੜਾ ਤਿਆਰ ਕਰਨ ਵਿੱਚ 73 ਘੰਟੇ ਲਗਦੇ ਹਨ।

– ਹੱਥਾਂ ਦੀ ਮਿਹਨਤ ਰਾਹੀਂ, ਇਸ ਵਿੱਚ 5,844 ਘੰਟੇ ਲੱਗਦੇ ਹਨ।

– ਮਸ਼ੀਨੀ ਮਿਹਨਤ ਰਾਹੀਂ 100 ਪੌਂਡ ਸਿਲਾਈ ਵਾਲਾ ਸੂਤੀ ਧਾਗਾ 39 ਘੰਟਿਆਂ ਵਿੱਚ ਤਿਆਰ ਹੁੰਦਾ ਹੈ।

– ਹੱਥਾਂ ਨਾਲ ਇਸ ਵਿੱਚ 2,895 ਘੰਟੇ ਲੱਗਦੇ ਹਨ।

ਦੁਬਾਰਾ ਫੇਰ : ਖੇਤੀ :

–ਇੱਕ ਭਲਾ ਚੰਗਾ ਆਦਮੀ ਦਾਤੀ ਨਾਲ ਇੱਕ ਏਕੜ ਫਸਲ ਇੱਕ ਦਿਨ (12 ਘੰਟੇ) ਵਿੱਚ ਕੱਟ ਸਕਦਾ ਹੈ।

– ਇੱਕ ਮਸ਼ੀਨ ਉਸੇ ਕੰਮ ਨੂੰ 20 ਮਿੰਟਾਂ ਵਿੱਚ ਕਰ ਦਿੰਦੀ ਹੈ।

– ਛੇ ਆਦਮੀ ਸੋਟੇ ਨਾਲ 60 ਲਿਟਰ ਕਣਕ ਦੀ ਛਟਾਈ ਅੱਧੇ ਘੰਟੇ ਵਿੱਚ ਕਰ ਸਕਦੇ ਹਨ।

– ਇੱਕ ਮਸ਼ੀਨ ਉਨੇ ਹੀ ਸਮੇਂ ਵਿੱਚ 12 ਗੁਣਾਂ ਵੱਧ ਕੰਮ ਕਰ ਸਕਦੀ ਹੈ।

"ਮਸ਼ੀਨਰੀ ਦੀ ਵਰਤੋਂ ਨਾਲ ਮਾਨਵ ਮੁਸ਼ੱਕਤ ਦੀ ਪ੍ਰਭਾਵਿਕਤਾ ਵਿੱਚ ਹੋਣ ਵਾਲਾ ਵਾਧਾ – ਰਾਈ ਦੇ ਮਾਮਲੇ ਵਿੱਚ 150 ਪ੍ਰਤੀਸ਼ਤ ਤੋਂ ਲੈ ਕੇ ਜੌਂ ਦੇ ਮਾਮਲੇ ਵਿੱਚ 2,244 ਪ੍ਰਤੀਸ਼ਤ ਤੱਕ ਹੋ ਜਾਂਦਾ ਹੈ।"



Original with;
Dr. Gurdev Singh Sidhu
Digitized by;
Panjab Digital Library

## The Wealth of U.S.A. & its Population :—

1850 — 1912

| Year | Total wealth was | Per Capita [illegible] | Population |
|---|---|---|---|
| In 1850 | $ 7,135,780,000 | $ 308 | 23,191,876 |
| 1860 | 16,159,616,000 | $ 514 | 31,443,321 |
| 1870 | 30,068,518,000 | $ 780 | 38,558,371 |
| 1880 | 43,642,000,000 | $ 870 | 50,155,783 |
| 1890 | 65,037,091,000 | $ 1,036 | 62,947,714 |
| 1900 | 88,517,307,000 | $ 1,165 | 75,994,575 |
| 1904 | 107,104,202,000 | $ 1,318 | 82,466,551 |
| 1912 | 187,139,071,000 | $ 1,965 | 95,410,503 |

Due to the use of machinery.

o

The machine is social in nature, as the [illegible] was individual.

"Give us worse cotton, but give us better men" says Emerson.

"Deliver me those sickly [illegible]ing souls of infants, and let the cotton take its chance" p. 81

The man cannot be sacrificed to the machine. The machine must serve mankind, yet the danger to the human race lurks, menacing in an Industrial Regime:

Poverty & Riches p. 81
Scott Nearing



Original with;
Dr. Gurdev Singh Sidhu
Digitized by;
Panjab Digital Library

ਪੰਨਾ 59 (56)

ਸੰ.ਰਾ.ਅ. ਅਤੇ ਉਸਦੀ ਆਬਾਦੀ ਦਾ ਸੰਪਦਾ : (1850–1912)

| | | ਪ੍ਰਤੀ ਵਿਅਕਤੀ | ਕੁੱਲ ਆਬਾਦੀ |
|---|---|---|---|
| 1850 | ਵਿੱਚ ਕੁੱਲ ਸੰਪਦਾ ਸੀ | | |
| | $ 7,135,780,000 | $ 308 | = 23,191,876 |
| 1860 | $ 16,159,616,000 | $ 514 | = 31,443,321 |
| 1870 | $ 30,068,518,000 | $ 780 | = 38,558,371 |
| 1880 | $ 43,642,000,000 | $ 870 | = 38,558, 371 |
| 1890 | $ 65,037,091,000 | $ 1,036 | = 62,947,714 |
| 1900 | $ 88,517,307,000 | $ 1,165 | = 75,994,575 |
| 1904 | $ 107,104,202,000 | $ 1,318 | = 82,466,551 |
| 1912 | $ 187,139,071,000 | $ 1,965 | = 95,40503 |

ਮਸ਼ੀਨੀਕਰਣ ਇਸਤੇਮਾਲ ਦੇ ਕਾਰਣ

ਮਸ਼ੀਨ ਪ੍ਰਕ੍ਰਿਤੀ ਪੱਖੋਂ ਸਮਾਜਕ ਹੈ, ਜਿਵੇਂ ਕਿ ਔਜ਼ਾਰ ਵਿਅੱਕਤੀਗਤ ਸੀ।

"ਸਾਨੂੰ ਖਰਾਬ ਕੱਪੜਾ ਦੇਵੋ, ਪਰੰਤੂ ਸਾਨੂੰ ਬੇਹਤਰ ਆਦਮੀ ਦੇਵੋ।" ਐਮਰਸਨ ਦਾ ਕਹਿਣਾ ਹੈ "ਸੁਖੰਡੀ ਰੋਗ ਨਾਲ ਮਰ ਰਹੇ ਬਾਲਾਂ ਦੀ ਪ੍ਰਾਣ-ਰੱਖਿਆ ਕਰੋ, ਫਿਰ ਉਸਦੇ ਬਾਦ ਕੱਪੜਾ ਵਪਾਰ ਨੂੰ ਤਰਜੀਹ ਦੇਵੋ"

(ਪੰ. 81)

"ਆਦਮੀ ਨੂੰ ਮਸ਼ੀਨ ਉੱਤੇ ਕੁਰਬਾਨ ਨਹੀਂ ਕੀਤਾ ਜਾ ਸਕਦਾ। ਮਸ਼ੀਨ ਨੂੰ ਨਿਸ਼ਚੇ ਹੀ ਮਾਨਵਜਾਤੀ ਦੀ ਸੇਵਾ ਵਿੱਚ ਲੱਗਣਾ ਚਾਹੀਦਾ ਹੈ, ਜਦੋਂ ਕਿ ਆਜਿਹੀ ਉਦਯੋਗਿਕ ਵਿਵਸਥਾ ਵਿੱਚ ਮਾਨਵਜਾਤੀ ਦੇ ਉੱਤੇ ਭਾਰੀ ਕਹਿਰ ਵਾਪਰਨ ਦਾ ਖਤਰਾ ਮੰਡਰਾਉਣ ਲੱਗਿਆ ਹੈ।

ਪਾਵਰਟੀ ਐਂਡ ਰਿਚੇਜ਼ (ਪੰ. 81), ਸਕਾਟ ਨਿਅਰਿੰਗ



Original with;
Dr. Gurdev Singh Sidhu
Digitized by;
Panjab Digital Library

## Man and Machinery:

C. Hanford Henderson, in his "Pay day" writes:

"This institution of industry, the most primitive of all institutions, organized and developed in order to free mankind from the tyranny of things, has become itself the greater tyrant degrading a multitude into the condition of slaves — slaves doomed to produce, through long and weary hours, a senseless glut of things and then forced to suffer for the lack of the very things they have produced."

"Poo: Riches P. 87"

## Man is not for machinery:

The combination of steel and fire, which man has produced and called a machine, must be ever the servant, never the master of man. Neither the machine nor the machine owner may rule the human race. P. 88.

## Imperialism:—

Imperialism is capitalism in that stage of developement in which monopolies and financial capital have attained a preponderating influence, the export of capital has acquired great importance, the international trusts have begun the partition of the world, and the biggest capitalist countries have completed the division of the entire terrestrial globe among themselves."

Lenin.



Original with;
Dr. Gurdev Singh Sidhu
Digitized by;
Panjab Digital Library

ਪੰਨਾ 60 (57)

ਆਦਮੀ ਅਤੇ ਮਸ਼ੀਨਰੀ

ਸੀ. ਨੈਨਫੋਰਡ ਹੇਂਡਰਸਨ ਆਪਣੀ ਰਚਨਾ "ਰੇ ਡੇ" ਵਿੱਚ ਲਿਖਦਾ ਹੈ।

"ਇਹ ਉਦਯੋਗ ਦੀ ਸੰਸਥਾ ਜੋ ਸਭ ਸੰਸਥਾਵਾਂ ਨਾਲੋਂ ਪੁਰਾਣੀ ਹੈ, ਮਾਨਵ ਜਾਤੀ ਨੂੰ ਵਸਤੂਆਂ ਦੀ ਤਾਨਾਸ਼ਾਹੀ ਤੋਂ ਆਜ਼ਾਦ ਕਰਨ ਦੀ ਗਰਜ ਨਾਲ ਸੰਗਠਤ ਅਤੇ ਵਿਕਸਤ ਹੋਈ, ਪਰੰਤੂਹੁਣ ਇਹ ਖੁਦ ਆਪ ਹੀ ਉਸ ਨਾਲੋਂ ਵੱਡੀ ਤਾਨਾਸ਼ਾਹੀ ਬਣ ਚੁੱਕੀ ਹੈ, ਜੋ ਵਿਸ਼ਾਲ ਆਬਾਦੀ ਨੂੰ ਗੁਲਾਮਾਂ ਦੀਆਂ ਹਾਲਤਾਂ ਵਿੱਚ ਅਜਿਹੇ ਗੁਲਾਮਾਂ ਦੀਆਂ ਹਾਲਤਾਂ ਵਿੱਚ ਧੱਕਦੀ ਜਾ ਰਹੀ ਹੈ ਜੋ ਲੰਬੇ ਅਤੇ ਥਕਾ ਦੇਣ ਵਾਲੇ ਘੰਟਿਆਂ ਤੱਕ ਕੰਮ ਕਰਦੇ ਕਰਦੇ, ਬੇਧੜਕ ਵਸਤੂਆਂ ਪੈਦਾ ਕਰਦੇ ਰਹਿਣ ਦੇ ਵਾਸਤੇ ਸਰਾਪੇ ਹੋਏ ਹਨ, ਜਦੋਂ ਕਿ ਜੋ ਵਸਤੂਆਂ ਉਹ ਬਣਾਉਂਦੇ ਹਨ, ਖੁਦ ਉਹਨਾਂ ਦੀ ਤੋਟ ਨਾਲ ਪੀੜਤ ਰਹਿਣ ਲਈ ਮਜਬੂਰ ਹਨ।"

"ਪਾਵ ਰਿਰੇਜ਼ (ਪੰ. 87)"

ਆਦਮੀ ਮਸ਼ੀਨਰੀ ਦੇ ਵਾਸਤੇ ਨਹੀਂ ਹੈ

ਆਦਮੀ ਨੇ ਇਸਪਾਤ ਅਤੇ ਅੱਗ ਦੇ ਸੰਯੋਗ ਨਾਲ ਜੋ ਵਸਤੂਆਂ ਪੈਦਾ ਕੀਤੀਆਂ ਹਨ ਅਤੇ ਜਿਹਨਾਂ ਨੂੰ ਮਸ਼ੀਨ ਆਖਿਆ ਹੈ, ਉਸਨੂੰ ਨਿਸ਼ਚੈ ਹੀ ਹਮੇਸ਼ਾ ਮਨੁੱਖ ਦਾ ਮਾਲਕ ਨਹੀਂ, ਬਲਕਿ ਸੇਵਾਦਾਰ ਹੀ ਰਹਿਣਾ ਚਾਹੀਦਾ ਹੈ। ਨਾ ਤਾਂ ਮਸ਼ੀਨ ਅਤੇ ਨਾ ਹੀ ਮਸ਼ੀਨ ਦੇ ਮਾਲਕ ਨੂੰ ਮਾਨਵ ਜਾਤੀ ਉੱਪਰ ਸ਼ਾਸ਼ਨ ਕਰਨ ਦਾ ਅਧਿਕਾਰ ਹੈ।

ਪੰ. 88

ਸਾਮਰਾਜਵਾਦ

"ਸਾਮਰਾਜਵਾਦ ਵਿਕਾਸ ਦੇ ਉਸ ਚਰਨ ਦਾ ਪੂੰਜੀਵਾਦ ਹੈ ਜਿਸ ਵਿੱਚ ਅਜ਼ਾਰੇਦਾਰੀਆਂ ਅਤੇ ਵਿੱਤੀ ਪੂੰਜੀ ਨੇ ਇੱਕ ਪ੍ਰਭੁਤਵਕਾਰੀ ਪ੍ਰਭਾਵ ਹਾਸਿਲ ਕਰ ਲਿਆ ਹੈ, ਨਿਰਯਾਤ ਪੂੰਜੀ ਬੇਹੱਦ ਮਹੱਤਵ ਪ੍ਰਾਪਤ ਕਰ ਚੁੱਕੀ ਹੈ, ਅੰਤਰਰਾਸ਼ਟਰੀ ਟਰਸਟਾਂ ਨੇ ਦੁਨੀਆਂ ਦਾ ਬਟਵਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ, ਅਤੇ ਸਭ ਤੋਂ ਵੱਡੇ ਪੂੰਜੀਵਾਦੀ ਦੇਸ਼ਾਂ ਨੇ ਧਰਤੀ ਦੇ ਸਮੁੱਚੇ ਭੂਗੋਲਿਕ ਖੇਤਰਫਲ ਦਾ ਆਪਸ ਵਿੱਚ ਬਟਵਾਰਾ ਪੂਰਾ ਕਰ ਲਿਆ ਹੈ।"

– ਲੈਨਿਨ



Original with;
Dr. Gurdev Singh Sidhu
Digitized by;
Panjab Digital Library

Dictatorship:—

Dictatorship is an authority relying directly upon force, and not bound by any laws.

The revolutionary dictatorship of the proletariat is an authority maintained by the proletariat by means of force over and against the bourgeoisie, and not bound by any laws.

Prol: Rev. P 18. Lenin.

61

Revolutionary Dictatorship:—

Revolution is an act in which one section of the population imposes its will upon the other by rifles, bayonets, guns, and other such exceedingly authoritarian means. And the party which has won is necessarily compelled to maintain its rule by means of that fear which its arms inspire in the reactionaries. If the Commune of Paris had not relied upon the armed people as against the bourgeoisie, would it have maintained itself more than twenty-four hours? Are we not, on the contrary, justified in reproaching the Commune for having employed this authority too little?"

F. Engels.

Bourgeois Democracy:—

Bourgeois democracy while constituting a great historical advance in comparison with feudalism, nevertheless remains, and can not but remain, a very limited, a very hypocritical institution, a paradise for the rich and a trap and a delusion for the exploited and for the Poor.

Lenin P. 28.



Original with;
Dr. Gurdev Singh Sidhu
Digitized by;
Panjab Digital Library

ਪੰਨਾ 61 (58)

ਤਾਨਾਸ਼ਾਹੀ :

ਤਾਨਾਸ਼ਾਹੀ ਇੱਕ ਸੱਤਾ ਹੈ ਜੋ ਸਿੱਧੀ ਤਾਕਤ ਉੱਪਰ ਆਧਾਰਿਤ ਹੁੰਦੀ ਹੈ ਅਤੇ ਕਿਸੇ ਕਾਨੂੰਨ ਨਾਲ ਨਹੀਂ ਬੰਨ੍ਹੀ ਹੁੰਦੀ।

ਸਰਵਹਾਰਾ ਵਰਗ ਦੀ ਇਨਕਲਾਬੀ ਡਿਕਟੇਟਰਸ਼ਿਪ ਇੱਕ ਅਜਿਹੀ ਸੱਤਾ ਹੈ ਜੋ ਬਰਜੂਆਂ ਵਰਗ ਦੇ ਵਿਰੁੱਧ ਅਤੇ ਉਸਦੇ ਉੱਤੇ, ਸਰਵਹਾਰਾ ਵਰਗ ਵਲੋਂ ਤਾਕਤ ਦੀ ਬਦੌਲਤ ਲਾਗੂਕੀਤੀ ਜਾਂਦੀ ਹੈ, ਅਤੇ ਜੋ ਕਿਸੇ ਕਾਨੂੰਨ ਵਿੱਚ ਨਹੀਂ ਬੰਨ੍ਹੀ ਹੁੰਦੀ।

ਪ੍ਰੋਲੋ. ਹੈਵੋ. (ਪੰ. 18) – ਲੈਨਿਨ

ਇਨਕਲਾਬੀ ਡਿਕਟੇਟਰਸ਼ਿਪ :

ਇਨਕਲਾਬ ਇੱਕ ਕਾਰਵਾਈ ਹੈ ਜਿਸਦੇ ਤਹਿਤ ਆਬਾਦੀ ਦਾ ਇੱਕ ਤਬਕਾ ਦੂਜੇ ਤਬਕਿਆਂ ਉੱਤੇ ਰਫਲਾਂ, ਸੰਗੀਨਾਂ, ਬੰਦੂਕਾਂ ਅਤੇ ਅਜਿਹੇ ਹੀ ਹੋਰ ਅਤਿਅੰਤ ਸੱਤਾਵਾਦੀ ਉਪਾਵਾਂ ਦੇ ਜ਼ਰੀਏ, ਆਪਣੀ ਇੱਛਾ ਠੋਸਦਾ ਹੈ। ਅਤੇ ਜਿਹੜਾ ਪੱਖ ਜੇਤੂਹੁੰਦਾ ਹੈ ਉਹ ਆਪਣਾ ਸਾਸ਼ਨ ਅਵੱਸ਼ਕ ਤੌਰ ਤੇ, ਉਸ ਭੈਅ ਦੇ ਜ਼ਰੀਏ ਸਥਾਪਤ ਕਰਦਾ ਹੈ, ਜਿਸਨੂੰ ਉਸਦੇ ਹਥਿਆਰ ਪ੍ਰਤੀਕ੍ਰਿਆਵਾਦੀਆਂ ਦੇ ਵਿੱਚ ਉਤਪੰਨ ਕਰਦੇ ਹਨ। ਜੇ ਪੈਰਿਸ ਦੇ ਕਮਿਊਨ ਨੇ ਬੁਰਜੂਆ ਵਰਗ ਦੇ ਖਿਲਾਫ਼ ਹਥਿਆਰਬੰਦ ਜਨਤਾ ਉੱਪਰ ਭਰੋਸਾ ਨਾ ਕੀਤਾ ਹੁੰਦਾ, ਤਾਂ ਕੀ ਉਹ ਆਪਣੇ ਆਪ ਨੂੰ ਚੌਵੀ ਘੰਟਿਆਂ ਤੋਂ ਵੀ ਵੱਧ ਕਾਇਮ ਰੱਖ ਸਕਿਆ ਹੁੰਦਾ? ਇਸਦੇ ਉਲਟ, ਕੀ ਸਾਡੀ ਇਹ ਆਲੋਚਨਾ ਜਾਇਜ਼ ਨਹੀਂ ਹੈ ਕਿ ਮਿਊਨ ਨੇ ਇਸ ਸੱਤਾ ਦਾ ਬਹੁਤ ਹੀ ਘੱਟ ਇਸਤੇਮਾਲ ਕੀਤਾ।

– ਐਫ. ਏਂਗਲਜ਼

ਬੁਰਜੂਆ ਲੋਕਰਾਜ :

ਬੁਰਜੂਆ ਲੋਕ ਰਾਜ, ਸਾਮੰਤਵਾਦ ਦੇ ਮੁਕਾਬਲੇ ਵਿੱਚ, ਇੱਕ ਮਹਾਨ, ਇਤਿਹਾਸਕ ਤਰੱਕੀ ਹੋਣ ਦੇ ਬਾਵਜੂਦ, ਇੱਕ ਬਹੁਤ ਹੀ ਸੀਮਤ, ਬੇਹੱਦ ਪਾਖੰਡ ਭਰਪੂਰ ਸੰਸਥਾ, ਧਨੀ ਲੋਕਾਂ ਦੇ ਵਾਸਤੇ ਇੱਕ ਸਵਰਗ ਅਤੇ ਲੁੱਟੇ ਜਾਣ ਵਾਲਿਆਂ ਅਤੇ ਗਰੀਬਾਂ ਦੇ ਵਾਸਤੇ ਇੱਕ ਜਾਲ ਅਤੇ ਛਲਾਵੇ ਦੇ ਇਲਾਵਾ ਨਾ ਤਾਂ ਹੋਰ ਕੁੱਝ ਹੈ, ਅਤੇ ਨਾ ਹੀ ਹੋ ਸਕਦਾ ਹੈ।

– ਲੈਨਿਨ (ਪੰ. 28)



Original with;
Dr. Gurdev Singh Sidhu
Digitized by;
Panjab Digital Library

Exploitation of Labour and State :—

"Not only the ancient and feudal, but also the representative State of today is an instrument of exploitation of wage-labour by capital." Engels.

: o :

Dictatorship :—

"Since the State is only a temporary institution which is to be made use of in revolution in order forcibly to suppress the opponents, it is perfectly absurd to talk of about a free popular State; so long as the proletariate still needs the State it needs it not in the interest of freedom, but in order to suppress its opponents, and when it becomes possible to speak of freedom the State, as such, ceases to exist."

Engels in his letter to Babel March 28th 1875.

: o :

The impatient idealists :—

The impatient idealists — and without some impatience a man will hardly prove effective — is almost sure to be led into hatred by the oppositions and disappointments which he encounters in his endeavour to bring happiness to the world.

Bertrand Russell.



ginal with;
Gurdev Singh Sidhu
itized by;
ab Digital Library

ਪੰਨਾ 62 (59)

ਮਿਹਨਤ ਅਤੇ ਸ਼ੋਸ਼ਣ ਦਾ ਰਾਜ:

"ਸਿਰਫ ਪ੍ਰਾਚੀਨ ਅਤੇ ਜਗੀਰੂ ਹੀ ਨਹੀਂ, ਬਲਕਿ ਅਜ਼ੋਕਾ ਪ੍ਰਤੀਨਿਧੀ ਰਾਜ ਵੀ ਪੂੰਜੀ ਦੁਆਰਾ ਉਜਰਤੀ ਮਿਹਨਤ ਦੇ ਸ਼ੋਸ਼ਣ (ਲੁੱਟ) ਦਾ ਹੀ ਇੱਕ ਉਪਕਰਣ ਹੈ।"

ਏਂਗਲਜ਼

ਡਿਕਟੇਟਰਸ਼ਿਪ

"ਕਿਉਂਕਿ ਰਾਜ ਸਿਰਫ਼ ਇੱਕ ਅਸਥਾਈ ਸੰਸਥਾ ਭਰ ਹੈ ਜਿਸਦਾ ਉਪਯੋਗ ਆਪਣੇ ਦੁਸ਼ਮਣਾਂ ਦਾ ਬਲ ਪੂਰਵਕ ਦਮਨ ਕਰਨ ਦੇ ਵਾਸਤੇ ਇਨਕਲਾਬ ਵਿੱਚ ਕੀਤਾ ਜਾਂਦਾ ਹੈ, ਇਸ ਲਈ ਜਨਤਾ ਦੇ ਸੁਤੰਤਰ ਰਾਜ ਦੀ ਗੱਲ ਕਰਨਾ ਕੋਰਾ ਬਕਵਾਸ ਹੈ, ਜਦੋਂ ਤੱਕ ਸਰਵਹਾਰਾ ਵਰਗ ਨੂੰ ਰਾਜ ਦੀ ਅਵੱਸ਼ਕਤਾ ਰਹਿੰਦੀ ਹੈ, ਉਦੋਂ ਤੱਕ ਇਸਦੀ ਅਵੱਸ਼ਕਤਾ ਸੁਤੰਤਰਤਾ ਦੇ ਹਿੱਤ ਵਿੱਚ ਨਹੀਂ, ਬਲਕਿ ਆਪਣੇ ਵਿਰੋਧੀਆਂ ਨੂੰ ਕੁਚਲਣ ਦੇ ਲਈ ਪੈਂਦੀ ਹੈ ਅਤੇ ਜਿਵੇਂ ਹੀ ਸੁਤੰਤਰਤਾ ਦੀ ਗੱਲ ਕਰਨਾ ਸੰਭਵ ਹੋ ਜਾਂਦਾ ਹੈ, ਵੈਸੇ ਹੀ ਇਸਦੀ ਹੋਂਦ ਆਪਣੇ ਆਪ ਖਤਮ ਹੋ ਜਾਂਦੀ ਹੈ।"

ਬੇਬੇਲ ਨੂੰ ਲਿਖੇ ਏਂਗਲਸ ਦੇ ਪੱਤਰਾਂ ਵਿੱਚੋਂ

28 ਮਾਰਚ, 1875

ਡਰਪੋਕ ਆਦਰਸ਼ਵਾਦੀ:

ਡਰਪੋਕ ਆਦਰਸ਼ਵਾਦੀ ਦੇ ਵਾਸਤੇ - ਅਤੇ ਬਿਨਾ ਕਿਸੇ ਡਰਪੋਕਤਾ ਦੇ ਸ਼ਾਇਦ ਹੀ ਆਦਮੀ ਪ੍ਰਭਾਵੀ ਸਿੱਧ ਹੋ ਸਕੇ। ਇਹ ਲਗਭਗ ਤਹਿ ਗੱਲ ਹੈ ਕਿ ਦੁਨੀਆਂ ਨੂੰ ਖੁਸ਼ਹਾਲ ਬਣਾਉਣ ਦੀ ਕੋਸ਼ਿਸ਼ ਵਿੱਚ ਉਸਨੂੰ ਆਪਣੇ ਵਿਰੋਧੀਆਂ ਦੀ ਘ੍ਰਿਣਾ ਦਾ ਪਾਤਰ ਬਨਣਾ ਪਵੇਗਾ ਅਤੇ ਨਿਰਾਸ਼ ਵੀ ਹੋਣਾ ਪੈ ਸਕਦਾ ਹੈ।

– ਬਰਟਰੇਂਡ ਰੱਸਲ



Original with;
Dr. Gurdev Singh Sidhu
Digitized by;
Panjab Digital Library

Leader:—

"No time need have gone to ruin" writes Carlyle, "could it have found a man great enough, a man wise and good enough; wisdom to discern truly what the time wanted, valour to lead it on the right road thither; these are the salvation of any time."

Arbitrariness.—

Kautsky had written a booklet with the title "Proletariate Dictatorship" and had deplored the act of Bolsheviks in depriving the bourgeoisie people from the right of vote. Lenin writes in His "Proletarian Revolution":— (P 77)

Arbatrariness! Only think what a depth of meanest subservieancy to the bourgeoisie, and of the most idiotic pedantry, is contained in such a reproach. When thoroughly bourgeois and, for the most part, even reactionary jurists of capitalist countries have in the course of, we may almost say, centuries, been drawing up rules and regulations and writing up hundreds of volumes of various codes and laws, and of interpretations of them to oppress the workers, to bind ~~them~~ hand and foot the poor man, and to place a hundred and one hindrances and obstacles in the way of the simple and toiling mass of the people — when this is done the bourgeois Liberals and Mr. Kautsky can see no "arbitrariness"! It is all law & order! It has all been thought out and written down, how the poor man is to be kept down and squeezed. There are thousands and thousands of bourgeois lawyers and officials able to interpret the laws that the worker and average peasant can never break through their barbed wire entanglements. This, of course, is not any arbitrariness, this, of course is not a dictatorship of the filthy & profit seeking exploiters who are drinking the blood of the people. Oh, it is nothing of the kind. It is "pure democracy", which is becoming purer and purer;

P.T.O.



Original with;
Dr. Gurdev Singh Sidhu
Digitized by;
Panjab Digital Library

ਪੰਨਾ 64 (60)

ਨੇਤਾ :

ਕਾਰਲਾਈਨ ਲਿਖਦਾ ਹੈ, "ਕੋਈ ਵੀ ਸਮਾਂ ਨਸ਼ਟ ਨਾ ਹੋਇਆ ਹੁੰਦਾ।" ਜੇ ਕੋਈ ਮਹਾਨ ਆਦਮੀ ਮਿਲ ਜਾਂਦਾ ਜਿਹੜਾ ਕਾਫੀ ਸਮਝਦਾਰ ਅਤੇ ਨੇਕ ਹੁੰਦਾ, ਜਿਸ ਵਿੱਚ ਐਨੀ ਸਮਝਦਾਰੀ ਹੁੰਦੀ ਕਿ ਉਹ ਸਹੀ ਸਹੀ ਜਾਣ ਲਵੇ ਕਿ ਵਕਤ ਦਾ ਤਕਾਜ਼ਾ ਕੀ ਹੈ, ਜਿਸ ਵਿੱਚ ਐਨਾ ਪਰਾਕ੍ਰਮ ਹੁੰਦਾ ਹੈ ਕਿ ਵਕਤ ਦੇ ਲਿਹਾਜ਼ ਨਾਲ ਸਹੀ ਰਾਹ ਉਪਰ ਅਗਵਾਈ ਕਰ ਸਕਦਾ, ਤਾਂ ਫੇਰ ਇਸਦੀ ਬਦੌਲਤ ਕੋਣ ਵੀ ਸਮਾਂ ਮੁਕਤੀ ਦਾ ਸਮਾਂ ਹੋ ਸਕਦਾ ਸੀ।

ਸਵੈ ਇੱਛਾ ਚਾਰਿਤਾ :

ਕਾਉਟਸਕੀ ਨੇ "ਪ੍ਰੋਲੇਟਰੀਏਟ ਡਿਕਟੇਟਰਸ਼ਿਪ" ਦੇ ਸਿਰਲੇਖ ਨਾਲ ਇੱਕ ਪੁਸਤਿਕਾ ਲਿਖੀ, ਜਿਸ ਵਿੱਚ ਉਸਨੇ ਬਾਲਸ਼ਵਿਕਾ ਵੱਲੋਂ ਬੁਰਜੂਆ ਵਰਗ ਦੇ ਲੋਕਾਂ ਨੂੰ ਵੋਟ ਦੇਣ ਦੇ ਹੱਕ ਤੋਂ ਵਾਂਝੇ ਕੀਤੇ ਜਾਣ ਦੀ ਨਿਖੇਧੀ ਕੀਤੀ। ਇਸ ਉੱਪਰ ਲੈਨਿਨ ਨੇ ਆਪਣੀ, "ਪ੍ਰੋਲੇਟਰੀਏਨ ਰਿਵੋਲਿਊਸ਼ਨ" : (ਪੰ. 77) ਵਿੱਚ ਲਿਖਿਆ :

"ਸਵੈ ਇੱਛਾਚਾਰਿਤਾ ! ਜ਼ਰਾ ਸੋਚੀਏ ਕਿ ਇਸ ਖੇਦ ਪ੍ਰਕਾਸ਼ ਵਿੱਚ ਕਮੀਨੇਪਣ ਦੇ ਇਸ ਘਟੀਆ ਪੱਧਰ ਤੱਕ ਡਿੱਗਕੇ ਬੁਰਜੂਆ ਦੀ ਚਾਪਲੂਸੀ ਕੀਤੀ ਗਈ ਹੈ, ਅਤੇ ਕਿੰਨਾ ਵੱਧ ਮੂਰਖਤਾਪੂਰਣ ਪੰਡਤਾਊਪੁਣਾ ਵਿਖਾਇਆ ਗਿਆ ਹੈ। ਜਦੋਂ ਕਿ ਸਦੀਆਂ ਤੋਂ, ਮਜ਼ਦੂਰਾਂ ਨੂੰ ਕੁਚਲਣ ਦੇ ਵਾਸਤੇ, ਗਰੀਬ ਲੋਕਾਂ ਨੂੰ ਨੂੜਣ ਦੇ ਲਈ ਅਤੇ ਲੋਕਾਂ ਦੇ ਭੋਲੇ-ਭਾਲੇ ਅਤੇ ਮਿਹਨਤਕਸ਼ ਤਬਕਿਆਂ ਦੇ ਰਾਹ ਵਿੱਚ ਇਕੋਤਰ ਸੌ ਅੜਿੱਕੇ ਅਤੇ ਰੁਕਾਵਟਾਂ ਖੜ੍ਹੀਆਂ ਕਰਦੇ ਰਹਿਣ ਦੇ ਲਈ ਪੂਰੀ ਤਰ੍ਹਾਂ ਬੁਰਜੂਆ ਅਤੇ ਉਸ ਵਿੱਚ ਵੀ ਪੂੰਜੀਵਾਦੀ ਦੇਸ਼ਾਂ ਦੇ ਪ੍ਰਤੀਕ੍ਰਿਆਵਾਦੀ ਕਾਨੂੰਨਦਾਨ ਹੀ ਨਿਯਮ ਵਿਧਾਨ ਬਣਾਉਂਦੇ ਆਏ ਹਨ, ਅਤੇ ਉਹ ਹੀ ਕਾਨੂੰਨ ਦੀਆਂ ਸੰਹਿਤਾਵਾਂ ਅਤੇ ਕਾਨੂੰਨ ਬਾਰੇ ਸੈਂਕੜੇ ਪੋਥੇ ਅਤੇ ਉਹਨਾਂ ਦੀਆਂ ਵਿਆਖਿਆਵਾਂ ਲਿਖਦੇ ਆਏ ਹਨ – ਜਿੱਥੇ ਐਨਾ ਸਭ ਕੁਝ ਕੀਤਾ ਗਿਆ ਹੈ, ਉਥੇ ਬੁਰਜੂਆ ਉਦਾਰਪੰਥੀਆਂ ਤੇ ਸ਼੍ਰੀਮਾਨ ਕਾਓਟਸਕੀ ਨੂੰ ਕੋਈ "ਸਵੈ ਇੱਛਾਚਾਰਿਤਾ" ਨਹੀਂ ਵਿਖਾਈ ਦਿੰਦੀ। ਉਦੋਂ ਤਾਂ ਇਹ ਸਭ ਕਾਨੂੰਨ ਵਿਵਸਥਾ ਹੈ। ਇਹ ਸਭ ਇਸ ਵਾਸਤੇ ਸੋਚਿਆ ਅਤੇ ਲਿਖਿਆ ਗਿਆ ਹੈ ਕਿ ਕਿਵੇਂ ਗਰੀਬਾਂ ਨੂੰ ਦਬਾਈ ਰੱਖਕੇ ਚੂੰਡਦੇ ਰਿਹਾ ਜਾਏ। ਹਜ਼ਾਰਾਂ ਹੀ ਬਰਜੂਆ ਵਕੀਲ ਅਤੇ ਸਰਕਾਰੀ ਅਹਿਲਕਾਰ ਕਾਨੂੰਨਾਂ ਦੀ ਅਜਿਹੀ ਵਿਆਖਿਆ ਕਰਦੇ ਰਹਿੰਦੇ ਹਨ ਕਿ ਮਜ਼ਦੂਰ ਅਤੇ ਔਸਤਨ ਕਿਸਾਨ ਉਹਨਾਂ ਦਾ ਨਾਕਾਬੰਦੀ ਦੀ ਕੰਡਿਆਲੀ ਤਾਰ ਨੂੰਕਦੇ ਤੋੜ ਨਾ ਸਕਣ, ਬੇਸ਼ੱਕ ਇਹ ਕੋਈ ਸਵੈ ਇੱਛਾਚਾਰਿਤਾ ਨਹੀਂ ਹੈ। ਬੇਸ਼ੱਕ, ਇਹ ਉਹਨਾਂ ਗੰਦੇ ਜਾਂ ਮੁਨਾਫ਼ਾਖੋਰ ਲੋਟੂਆਂ ਦੀ ਤਾਨਾਸ਼ਾਹੀ ਨਹੀਂ ਹੈ ਜਿਹੜੇ ਲੋਕਾਂ ਦੀ ਖੂਨ ਪੀ ਰਹੇ ਹਨ। ਉਫ਼ ਅਜਿਹਾ ਕੁੱਝ ਵੀ ਨਹੀਂ ਹੈ। ਇਹ ਤਾਂ ਸ਼ੁੱਧ "ਲੋਕਤੰਤਰ" ਹੈ, ਜਿਹੜਾ ਦਿਨ ਪ੍ਰਤੀ ਦਿਨ ਵੱਧ ਖਰਾ (ਸ਼ੁਧ) ਹੁੰਦਾ ਜਾ ਰਿਹਾ ਹੈ।



Original with;
Dr. Gurdev Singh Sidhu
Digitized by;
Panjab Digital Library

every day. But when the toiling and exploited masses for the first time in history, seperated by Imperialist War from their brothers accross the frontier, have constructed their Soviets, have summoned to the workers of political construction, the classes which the bourgeois used to oppress and to stupefy, and begun themselves to build up a new proletarian State, begun, in the midst of raging battles, in the fire of civil war, to lay down the fundamental principles of a State without exploiters, then all the scoundrels of the bourgeoisie, the entire band of blood suckers, with Kautsky singing "obbligato", scream about arbitrariness!

(Lenin) P. 7778

---

Party:—

But it ~~has~~ has become clear that no revolution is possible unless there is a party able to lead the revolution. (P. 15. Lessons of October 1917)
A party is the instrument indispensable to a proletarian revolution. (P. 17. ~~ibid~~ ibid by Trotsky)



Original with;
Dr. Gurdev Singh Sidhu
Digitized by;
Panjab Digital Library

ਪੰਨਾ 64 (61)

ਪ੍ਰੰਤੂ ਜਦੋਂ ਸਾਮਰਾਜਵਾਦੀ ਯੁੱਧ ਦੇ ਰਾਹੀਂ ਸਰਹੱਦ ਪਾਰ ਕਰਕੇ ਆਪਣੇ ਭਾਈਆਂ ਨਾਲੋਂ ਵੱਖ ਕਰ ਦਿੱਤੇ ਗਏ ਮਿਹਨਤਕਸ਼ ਅਤੇ ਲੁੱਟੇ ਜਾਂਦੇ ਜਨ - ਤਬਕਿਆਂ ਨੇ ਇਤਿਹਾਸ ਵਿੱਚ ਪਹਿਲੀ ਵਾਰ ਆਪਣੀਆਂ ਸੋਵੀਅਤਾਂ ਗਠਿਤ ਕਰ ਲਈਆਂ ਹਨ ਜਦੋਂ ਉਹਨਾਂ ਨੇ ਰਾਜਨੀਤਕ ਨਿਰਮਾਣ ਦੇ ਵਾਸਤੇ ਮਜ਼ਦੂਰਾਂ ਨੂੰ ਅਤੇ ਉਹਨਾਂ ਦੇ ਵਰਗਾਂ ਨੂੰ ਅਪੀਲ ਕੀਤੀ ਗਈ ਹੈ ਜਿਹਨਾਂ ਨੂੰ ਬੁਰਜੂਆ ਵਰਗ ਉਤਪੀੜਤ ਅਤੇ ਪੱਥਰ ਬਣਾਈ ਰੱਖਦਾ ਸੀ, ਅਤੇ ਜਦੋਂ ਤੋਂ ਉਹ ਇੱਕ ਸਰਵਹਾਰਾ ਰਾਜ ਸਿਰਜਣ ਦੇ ਕਾਰਜ ਵਿੱਚ ਲੱਗ ਗਏ ਹਨ ਅਤੇ ਵਿਕਟ ਰੂਪ ਨਾਲ ਜਾਰੀ ਯੁੱਧ ਦੌਰਾਨ, ਖਾਨਾਜੰਗੀ ਦੀ ਅੱਗ ਵਿੱਚ, ਜਦੋਂ ਉਹ "ਲੋਟੂਆਂ ਤੋਂ ਰਹਿਤ ਰਾਜ" ਦੇ ਬੁਨਿਆਦੀ ਸਿਧਾਂਤ ਨਿਰੂਪਤ ਕਰਨ ਲੱਗੇ, ਤਾਂ ਬੁਰਜੂਆ ਵਰਗ ਦੇ ਸਾਰੇ ਢੌਂਗੀ ਤੱਤ, ਅਤੇ ਖ਼ੂਨ ਚੂਸਣ ਵਾਲਿਆਂ ਦੇ ਸਾਰੇ ਗਿਰੋਹ ਕਾਉਟਸਕੀ ਦੀ ਸੁਰ ਵਿੱਚ ਸੁਰ ਮਿਲਾਕੇ, ਸਵੈ ਇੱਛਾ ਚਾਰਿਤਾ ਦਾ ਚੀਕਾ-ਚਿਹਾੜਾ ਮਚਾਉਣ ਲੱਗ ਗਏ ਸਨ।

(ਲੈਨਿਨ) ਪੰ. 77-78

ਪਾਰਟੀ :

ਲੇਕਿਨ ਇਹ ਸਪੱਸ਼ਟ ਹੋ ਚੁੱਕਿਆ ਹੈ ਕਿ ਜਦੋਂ ਤੱਕ ਇਨਕਲਾਬ ਦੀ ਅਗਵਾਈ ਕਰਨ ਦੇ ਵਾਸਤੇ ਇੱਕ ਸਮਰੱਥ ਪਾਰਟੀ ਨਾ ਹੋਵੇ, ਉਦੋਂ ਤੱਕ ਕੋਈ ਇਨਕਲਾਬ ਸੰਭਵ ਨਹੀਂ ਹੋ ਸਕਦਾ।

ਪੰ. 15 (ਲੈਸ਼ਨਜ਼ ਆਫ਼ ਅਕਤੂਬਰ, 1917)

ਪ੍ਰੋਲੇਤਾਰੀ ਇਨਕਲਾਬ ਦੇ ਵਾਸਤੇ ਪਾਰਟੀ ਇੱਕ ਲਾਜ਼ਮੀ ਉਪਕਰਣ ਹੈ।

(ਪੰ. 17, ਉਹ ਟਰਾਟਸਕੀ ਦੁਆਰਾ ਰਚਿਤ)



Original with;
Dr. Gurdev Singh Sidhu
Digitized by;
Panjab Digital Library

See file
12/7/30

12/7/30

Law, morality, religion are to him (the working man) so many bourgeois prejudices, behind which lurk in ambush just as many bourgeois interests.

— Karl Marx – Manifesto



Original with;
Dr. Gurdev Singh Sidhu
Digitized by;
Panjab Digital Library

ਪੰਨਾ 65 (62)

ਬੀ.ਕੇ.ਦੱਤ ਦੇ ਦਸਖਤ

ਉਸਦੇ (ਮਿਹਨਤਕਸ਼ ਆਦਮੀ ਦੇ) ਵਾਸਤੇ ਕਾਨੂੰਨ ਨੈਤਿਕਤਾ, ਧਰਮ ਅਤੇ ਇਹ ਸਭ ਉਸਦੇ (ਸਰਵਹਾਰਾ ਦੇ) ਵਾਸਤੇ ਵਿਭਿੰਨ ਬੁਰਜੂਆ ਦਿਖਾਵੇ ਮਾਤਰ ਹਨ, ਜਿਹਨਾਂ ਦੀ ਆੜ ਵਿੱਚ ਏਨੇ ਹੀ ਬੁਰਜੂਆ ਸਵਾਰਥ ਦਾਅ ਲਾਈ ਰੱਖਦੇ ਹਨ।

ਕਾਰਲ ਮਾਰਕਸ – ਘੋਸ਼ਣਾ ਪੱਤਰ



Original with;
Dr. Gurdev Singh Sidhu
Digitized by;
Panjab Digital Library

B K Dutt
12th July '30

Autograph
of Mr. B K Dutt
taken on 12th July '30
in Cell No: 137
Central Jail Lahore.
four days before his final
departure from this Jail
Bhagat Singh



Original with;
Dr. Gurdev Singh Sidhu
Digitized by;
Panjab Digital Library

ਪੰਨਾ 67 (64)



*Original with;*
Dr. Gurdev Singh Sidhu
*Digitized by;*
Panjab Digital Library

Aim of Communists :



" The Communists disdain to conceal their views and aim. They openly declare that their ends can be attained only by the forcible overthrow of all existing social conditions. Let the ruling classes tremble at a Communist revolution. The proletarians have nothing to lose but their chains. They have a world to win. Working men of all countries, unite!

Aim of Communist Revolution:

"We have seen above, that the first step in the revolution by the working class, is to raise the proletariat to the position of ruling class, to win the battle of democracy, to wrest, by degrees, all capital from the bourgeoisie, to centralize all instruments of production in the hands of the State, i.e. of the proletariat organized as the ruling class; and to increase the total of productive forces as rapidly as possible.

Communist Manifesto



Original with;
Dr. Gurdev Singh Sidhu
Digitized by;
Panjab Digital Library

ਪੰਨਾ 69 (66)

## ਕਮਿਊਨਿਸਟਾਂ ਦਾ ਉਦੇਸ਼

ਕਮਿਊਨਿਸਟ ਆਪਣਾ ਦ੍ਰਿਸ਼ਟੀਕੋਣ ਅਤੇ ਉਦੇਸ਼ ਲੁਕੋਣ ਨੂੰ ਘਿਰਣਾ ਕਰਦੇ ਹਨ। ਉਹ ਖੁਲ੍ਹੇ ਤੌਰ ਤੇ ਐਲਾਨ ਕਰਦੇ ਹਨ ਕਿ ਉਹਨਾਂ ਦਾ ਉਦੇਸ਼ ਸਿਰਫ਼ ਸਮੁੱਚੀਆਂ ਮੌਜੂਦਾ ਸਮਾਜਕ ਪ੍ਰਸਥਿਤੀਆਂ ਨੂੰ ਬਲ ਪੂਰਵਕ ਪੁੱਟ ਸੁੱਟਣ ਦੇ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਸ਼ਾਸ਼ਕ ਵਰਗਾਂ ਨੂੰ ਕਮਿਊਨਿਸਟ ਇਨਕਲਾਬ ਦੇ ਭੈਅ ਨਾਲ ਕੰਬਣ ਦੇਵੋ। ਸਰਵਹਾਰਾ ਦੇ ਕੋਲੇ ਆਪਣੀਆਂ ਬੇੜੀਆਂ ਦੇ ਸਿਵਾਏ ਗੰਵਾਉਣ ਦੇ ਵਾਸਤੇ ਕੁੱਝ ਨਹੀਂ ਹੈ। ਜਿੱਤਣ ਦੇ ਵਾਸਤੇ ਉਹਨਾਂ ਦੇ ਸਾਹਮਣੇ ਸਾਰਾ ਸੰਸਾਰ ਹੈ।

ਦੁਨੀਆਂ ਦੇ ਮਜ਼ਦੂਰੋ ਇੱਕ ਹੋ ਜਾਓ।

## ਕਮਿਊਨਿਸਟ ਇਨਕਲਾਬ ਦਾ ਉਦੇਸ਼

"ਅਸੀਂ ਉਪਰ ਵੇਖ ਚੁੱਕੇ ਹਾਂ, ਕਿ ਮਜ਼ਦੂਰ ਵਰਗ ਦੇ ਇਨਕਲਾਬ ਵਿੱਚ ਪਹਿਲਾ ਕਦਮ, ਸਰਵਹਾਰਾ (ਪ੍ਰੋਲੇਤਾਰੀ) ਵਰਗ ਨੂੰ ਉਠਾ ਕੇ ਸਾਸ਼ਕ ਵਰਗ ਦੀ ਸਥਿਤੀ ਵਿੱਚ ਲਿਆਉਣਾ ਹੈ, ਜਨਵਾਦ ਦੀ ਲੜਾਈ ਨੂੰ ਜਿੱਤਣਾ ਹੈ। ਸਰਵਹਾਰਾ ਆਪਣੇ ਰਾਜਨੀਤਕ ਪ੍ਰਭੁਤਵ ਦੀ ਵਰਤੋਂ ਬੁਰਜੂਆ ਵਰਗ ਤੋਂ ਹੌਲੀ-ਹੌਲੀ ਕਰਕੇ ਸਾਰੀ ਪੂੰਜੀ ਖੋਹਣ, ਪੈਦਾਵਾਰ ਦੇ ਸਾਰੇ ਉਪਰਕਣਾਂ (ਸਾਧਨਾਂ) ਨੂੰ ਰਾਜ ਦੇ ਅਰਥਾਤ ਸ਼ਾਸ਼ਕ ਵਰਗ ਦੇ ਰੂਪ ਵਿੱਚ ਸੰਗਠਿਤ ਸਰਵਹਾਰਾ ਵਰਗ ਦੇ ਹੱਥਾਂ ਵਿੱਚ ਕੇਂਦਰਿਤ ਕਰਨ ਅਤੇ ਪੈਦਾਵਾਰੀ ਸ਼ਕਤੀਆਂ ਦੇ ਵਿੱਚ ਜਿੰਨੀ ਛੇਤੀ ਹੋਵੇ ਵਾਧਾ ਕਰਨ ਦੇ ਵਾਸਤੇ ਕਰੂਗਾ।"

"ਕਮਿਊਨਿਸਟ ਮੈਨੀਫੈਸਟੋ"



Original with;
Dr. Gurdev Singh Sidhu
Digitized by;
Panjab Digital Library

To point out the mistakes of Karl Marx:

... And it certainly looks as if Trotzky belonged to what Germans call the school of "real politics" and was as innocent as Bismarck of any ideology at all. And it is therefore rather curious to note that even Trotzky is not revolutionary enough to say that Marx had made a mistake, but feels obliged to devote a ~~few~~ page or so to the task of exegesis — that is, proving that the sacred books meant something quite different from what they said.

{ Preface to The Lessons of October 1917 by Trotzky
Preface by A. Susan Lawrence.

Voice of the people :—

The Govts we know have all ruled, in the main, by indifference of the people; they have always been Govts of a minority, of this or that fraction of the country which is politically conscious. But when the giant wakes he will have his way, and all that matters to the world is whether he will wake in time.

Preface



Original with;
Dr. Hardev Singh Sidhu
Digitized by;
Panjab Digital Library

ਪੰਨਾ 70 (67)

ਕਾਰਲ ਮਾਰਕਸ ਦੀਆਂ ਗਲਤੀਆਂ ਕੱਢਣੀਆਂ :

....ਅਤੇ ਇਹ ਨਿਸ਼ਚਤ ਮਾਲੂਮ ਹੁੰਦਾ ਹੈ ਕਿ ਟਰਾਟਸਕੀ ਸਮਝੋ ਉਸ ਨਾਲ ਸੰਬੰਧਤ ਸਨ ਜਿਸਨੂੰ ਜਰਮਨ 'ਅਸਲੀ ਰਾਜਨੀਤੀ' ਦਾ ਸਕੂਲ ਆਖਿਆ ਕਰਦੇ ਸਨ ਅਤੇ ਕਿਸੇ ਵੀ ਵਿਚਾਰਧਾਰਾ ਦੇ ਪ੍ਰਤੀ ਇੱਕ ਦਮ ਉਨੇ ਹੀ ਮਾਸੂਮ ਸਨ ਜਿੰਨਾ ਕਿ ਬਿਸਮਾਰਕ ਅਤੇ, ਏਸੇ ਵਾਸਤੇ, ਇਹ ਦੇਖਕੇ ਹੈਰਾਨੀ ਹੁੰਦੀ ਹੈ ਕਿ ਟਰਾਟਸਕੀ ਵੀ ਐਨੇ ਇਨਕਲਾਬੀ ਨਹੀਂ ਹਨ ਕਿ ਆਖ ਸਕਣ ਕਿ ਮਾਰਕਸ ਨੇ ਇਕ ਗਲਤੀ ਕੀਤੀ ਸੀ। ਬਲਕਿ ਉਹ ਇੱਕ ਜਾਂ ਵੱਧ ਪੰਨੇ ਅਰਥ ਨਿਰੂਪਣ ਦੇ ਕੰਮ ਵਿੱਚ ਅਰਥਾਤ ਇਹ ਸਿੱਧ ਕਰਨ ਵਿੱਚ ਲਾਉਣਾ ਜ਼ਰੂਰੀ ਸਮਝਦੇ ਹਨ ਕਿ ਪਵਿੱਤਰ ਪੁਸਤਕਾਂ ਵਿੱਚ ਜੋ ਕੁੱਝ ਆਖਿਆ ਗਿਆ ਹੈ, ਉਸਦੇ ਅਰਥ ਉਸ ਨਾਲੋਂ ਇੱਕ ਦਮ ਵੱਖਰੇ ਹਨ।

ਟਰਾਟਸਕੀ ਰਚਿਤ "ਲੈਸ਼ਨਜ਼ ਆਫ਼ ਅਕਤੂਬਰ 1917" ਦੀ ਭੂਮਿਕਾ ਏ. ਸੂਸਨ ਲਾਰੇਂਸ ਵੱਲੋਂ ਲਿਖੀ ਗਈ।

ਲੋਕਾਂ ਦੀ ਆਵਾਜ਼ :

ਸਾਨੂੰ ਜਿੰਨੀਆਂ ਸਰਕਾਰਾਂ ਬਾਰੇ ਜਾਣਕਾਰੀ ਹੈ, ਉਹ ਸਾਰਿਆਂ ਦੇ ਸਾਰੇ ਮੁੱਖ ਤੌਰ ਤੇ ਲੋਕਾਂ ਦੇ ਪ੍ਰਤੀ ਉਦਾਸੀਨ ਰਹਿ ਕੇ ਸ਼ਾਸ਼ਨ ਕਰਦੀਆਂ ਰਹੀਆਂ ਹਨ, ਉਹ ਹਮੇਸ਼ਾ ਹੀ ਦੇਸ਼ ਦੇ ਰਾਜਨੀਤਕ ਸਰੂਪ ਤੋਂ ਸੁਚੇਤ ਜਾਂ ਉਸ ਤਬਕੇ ਦੀਆਂ ਘੱਟ ਗਿਣਤੀ ਸਰਕਾਰਾਂ ਹੀ ਰਹੀਆਂ ਹਨ, ਲੇਕਿਨ ਜਦੋਂ ਇਹ ਦੈਂਤ (ਭਾਵ ਲੋਕਾਈ – ਸੰ.) ਜਾਗ ਪਵੇਗਾ, ਤਾਂ ਉਸਦੀ ਮਰਜ਼ੀ ਹੋਵੇਗੀ, ਪਰੰਤੂ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਸਮੇਂ ਸਿਰ ਜਾਗੂਗਾ ਜਾਂ ਨਹੀਂ।

– ਭੂਮਿਕਾ



Original with;
Dr. Gurdev Singh Sidhu
Digitized by;
Panjab Digital Library

"It too often happens," wrote Lenin in July 1917, "that when events take a sudden turn, even an advanced party cannot adapt itself for some time to the new conditions. It goes on repeating yesterday's watchword ~~watchwords~~ which, under the new circumstances, have become empty of meaning and which have lost meaning 'unexpectedly', just in proportion as the change of in events has been 'unexpected'."

Lessons of Oct. P. 17

---

Tactics and Strategy :-

In politics as in war, tactics means the art of conducting isolated operations; strategy means the art of victory, that is the actual seizure of power. P. 18

---

Propaganda and action :-

And it is an extremely sudden change, when the party of the Proletariat ~~Class~~ passes from preparation, from propaganda and organization and agitation, to an actual struggle for power and an actual insurrection against the bourgeoisie. Those in the party who are irresolute, or sceptical, or compromising, or cowardly ... oppose the insurrection, they look for theoratical arguments to justify their opposition, and they find them all ready made, among their opponents of yesterday ...

Trotzky



Original with;
Dr. Gurdev Singh Sidhu
Digitized by;
Panjab Digital Library

ਪੰਨਾ 71 (68)

ਲੋਕ ਸਿਰਫ ਆਪਣੇ ਬੱਚੇ ਦੀ ਜ਼ਿੰਦਗੀ ਦੀ ਸਲਾਮਤੀ ਦੇ ਹੀ ਬਾਰੇ ਸੋਚਦੇ ਰਹਿੰਦੇ ਹਨ, ਪਰੰਤੂਐਨਾ ਹੀ ਕਾਫ਼ੀ ਨਹੀਂ ਹੈ, ਅਗਰ ਉਹ ਇਨਸਾਨ ਹੈ ਤਾਂ ਉਸਨੂੰ ਖੁਦ ਵੀ ਆਪਣੀ ਜ਼ਿੰਦਗੀ ਦੀ ਸਲਾਮਤੀ ਸੰਬੰਧੀ ਸਿੱਖਿਅਤ ਹੋਣਾ ਜਰੂਰੀ ਹੈ। ਤਾਂਕਿ ਉਹ ਕਿਸਮਤ ਦੇ ਥੱਪੜਾਂ ਨੂੰ ਸਹਿ ਸਕੇ। ਸੰਪਦਾ ਅਤੇ ਗਰੀਬੀ ਦਾ ਬਹਾਦਰੀ ਨਾਲ ਟਾਕਰਾ ਕਰ ਸਕੇ, ਲੋੜ ਪੈਣ ਤੇ ਆਈਸਲੈਂਡ ਦੀ ਬਰਫ਼ ਦੇ ਵਿੱਚ ਜਾਂ ਮਾਲਟਾ ਦੀਆਂ ਤੱਪਦੀਆਂ ਚਟਾਨਾਂ ਉੱਤੇ ਨਿਵਾਸ ਕਰ ਸਕਣ। ਬੇਕਾਰ ਹੀ ਤੁਸੀਂ ਮੌਤ ਦੇ ਖਿਲਾਫ਼ ਖ਼ੈਰ ਮਨਾਉਂਦੇ ਹੋ ਉਸਨੇ ਮਰਨਾ ਤਾਂ ਹੈ ਹੀ, ਅਤੇ ਭਲੇ ਹੀ ਤੁਸੀਂ ਆਪਣੀਆਂ ਹੋਸ਼ਿਆਰੀਆਂ ਦੇ ਨਾਲ ਉਸਨੂੰ ਨਾ ਮਰਨ ਦੇਣਾ ਚਾਹੋ, ਪਰੰਤੂਇਹ ਇੱਕ ਭੁਲੇਖਾ (ਮੁਗਾਲਤਾ) ਹੀ ਹੈ।

ਉਸਨੂੰ ਮੌਤ ਤੋਂ ਬਚਣ ਦੀ ਬਜਾਇ ਜਿਉਣ ਦੀ ਸਿੱਖਿਆ ਦੇਵੋ ! ਜੀਵਨ ਸਾਹ ਲੈਣਾ ਨਹੀਂ ਬਲਕਿ ਕਰਮ ਹੈ। ਆਪਣੀਆਂ ਇੰਦਰੀਆਂ ਦਾ, ਆਪਣੇ ਦਿਮਾਗ ਦਾ ਆਪਣੀਆਂ ਯੋਗਤਾਵਾਂ ਦਾ ਅਤੇ ਆਪਣੀ ਹੋਂਦ ਨੂੰ ਚੇਤਨ ਬਣਾਈ ਰੱਖਣ ਵਾਲੇ ਹਰ ਇੱਕ ਭਾਗ ਦਾ ਇਸਤੇਮਾਲ ਕਰਨਾ ਹੈ। ਜੀਵਨ ਦਾ ਅਰਥ ਉਮਰ ਦੀ ਲੰਬਾਈ ਵਿੱਚ ਘਾਟ, ਜਿਉਣ ਦੇ ਬੇਹਤਰ ਢੰਗ ਵਿੱਚ ਵੱਧ ਹੈ। ਇੱਕ ਆਦਮੀ ਸੌ ਵਰ੍ਹੇ ਜਿਉਣ ਦੇ ਬਾਦ ਕਬਰ ਵਿੱਚ ਜਾ ਸਕਦਾ ਹੈ, ਲੇਕਿਨ ਉਸਦਾ ਜਿਉਣਾ ਬੇਅਰਥ ਵੀ ਹੋ ਸਕਦਾ ਹੈ। ਚੰਗਾ ਹੁੰਦਾ ਕਿ ਉਹ ਜਵਾਨੀ ਵਿੱਚ ਹੀ ਮਰ ਗਿਆ ਹੁੰਦਾ।

– ਏਮਿਲੀ ਪੰ. 10



Original with;
Dr. Gurdev Singh Sidhu
Digitized by;
Panjab Digital Library

**Truth**:— Truth however does not ~~bring~~ lead to fortune, and the people confer neither embassies, nor professorships, nor pensions. 118

Rousseau 122
S.C.

---

**Crime and Criminals** }

With readymade opinions one cannot judge of crime. Its philosophy is a little more complicated than people think. It is acknowledged that neither convict prisons, nor the hulks, nor any system of hard labour ever cured a criminal. These forms of chastisement only punish him and reassure society against the offences he might commit. Confinement, regulation, and excessive work have no effect but to develop with these men profound hatred, a thirst for forbidden enjoyment and frightful recalcitrations. On the other hand I am convinced that the celebrated cellular system gives results which are specious and deceitful. It deprives a criminal of his force, of his energy, enervates his soul by weakening and frightening it, at last exhibits a dried up mummy as a model of repentance and amendment."

The House of the Dead PP 17
Dostoevsky



Original with;
Dr. Gurdev Singh Sidhu
Digitized by;
Panjab Digital Library

ਪੰਨਾ 118 (91)

ਸੱਚ : ਸੱਚ ਕੋਈ ਖਜ਼ਾਨਾ ਨਹੀਂ ਪ੍ਰਦਾਨ ਕਰਦਾ ਅਤੇ ਜਨਤਾ ਕੋਈ ਰਾਜਦੂਤ ਜਾਂ ਪ੍ਰੋਫੈਸਰ ਦਾ ਪਦ ਜਾਂ ਪੈਨਸ਼ਨ ਨਹੀਂ ਪ੍ਰਦਾਨ ਕਰਦੀ।

– ਰੂਸੋ 122 ਐਸ. ਸੀ.

ਜ਼ੁਰਮ ਅਤੇ ਮੁਜਰਿਮ :

"..........ਰਟੀਆਂ ਰਟਾਈਆਂ ਧਾਰਨਾਵਾਂ ਦੇ ਕੇ ਜੁਰਮ ਨੂੰ ਸਮਝਾਇਆ ਨਹੀਂ ਜਾ ਸਕਦਾ। ਲੋਕ ਇੰਝ ਸੋਚਦੇ ਹਨ ਉਸ ਨਾਲੋਂ ਇਸਦਾ ਫਲਸਫਾ ਕੁੱਝ ਵੱਧ ਹੀ ਗੁੰਝਲਦਾਰ ਹੈ। ਇਹ ਤਾਂ ਮੰਨੀ ਹੋਈ ਗੱਲ ਹੈ ਕਿ ਨਾ ਕੋਈ ਕੈਦ, ਨਾ ਕੋਈ ਕਾਲ ਕੋਠੜੀ ਅਤੇ ਨਾ ਕੋਈ ਕਠੋਰ ਮੁਸ਼ੱਕਤ ਦੀ ਪ੍ਰਣਾਲੀ ਹੀ ਕਿਸੇ ਮੁਜਰਿਮ ਨੂੰ ਸੁਧਾਰ ਸਕਦੀ ਹੈ। ਦੰਡ-ਵਿਧਾਨ ਦੇ ਇਹ ਰੂਪ ਸਿਰਫ਼ ਉਸਨੂੰ ਦੰਡਿਤ ਕਰਦੇ ਹਨ ਅਤੇ ਸਮਾਜ ਨੂੰ ਇਹ ਯਕੀਨ ਦਿਵਾਉਂਦੇ ਹਨ ਕਿ ਉਹ ਹੋਰ ਜੁਰਮ ਨਹੀਂ ਕਰੂਗਾ। ਕੈਦ, ਨਿਯਮ ਵਿਧਾਨ ਅਤੇ ਕਠੋਰ ਤੋਂ ਕਠੋਰ ਮੁਸ਼ੱਕਤ ਉਸ ਉੱਤੇ ਕੋਈ ਅਸਰ ਨਹੀਂ ਪਾ ਸਕਦੇ, ਸਿਵਾਏ ਇਸਦੇ ਕਿ ਅਜਿਹੇ ਵਿਅਕਤੀ ਵਿੱਚ ਇੱਕ ਭਾਰੀ ਨਫਰਤ, ਵਰਜਿਤ ਕੰਮ ਨੂੰ ਹੋਰ ਚਾਅ ਨਾਲ ਕਰਨ ਦੀ ਇੱਕ ਲਲਕ, ਅਤੇ ਇੱਕ ਖੌਫਨਾਕ ਨਾ ਫਰਮਾਨੀ ਹੀ ਵਿਕਸਤ ਹੋ ਜਾਂਦੀ ਹੈ। ਇਸ ਲਈ ਮੇਰੀ ਪੱਕੇ ਤੌਰ ਤੇ ਇਹ ਮਾਨਤਾ ਹੈ ਕਿ ਇਹ ਕਾਲ ਕੋਠੜੀ ਵਾਲੀ ਪਰੰਪਰਾਗਤ ਪ੍ਰਣਾਲੀ ਦਿਖਾਵਟੀ ਅਤੇ ਕਪਟ ਪੂਰਣ ਨਤੀਜੇ ਹੀ ਕੱਢਦੀ ਹੈ। ਇਹ ਮੁਜਰਿਮ ਕੋਲੋਂ ਉਸਦੀ ਤਾਕਤ ਨਿਚੋੜ ਲੈਂਦੀ ਹੈ, ਉਸਨੂੰ ਬਲਹੀਣ ਬਣਾਕੇ ਅਤੇ ਡਰਾ ਕੇ ਉਸਦੀ ਆਤਮਾ ਤੇਜ਼ਹੀਣ ਕਰ ਸੁੱਟਦੀ ਹੈ, ਅਤੇ ਇਸ ਤਰ੍ਹਾਂ ਅੰਤ ਨੂੰ ਉਸਨੂੰ ਪਸ਼ਚਾਤਾਪ ਅਤੇ ਸੁਧਾਰ ਦੇ ਇੱਕ ਨਮੂਨੇ ਵਜੋਂ, ਇੱਕ ਬੇਜਾਨ ਯਾਦਗਾਰ ਦੇ ਰੂਪ ਵਿੱਚ ਹੀ ਪ੍ਰਸਤੁਤ ਕਰਦੀ ਹੈ।

ਦਾ ਹਾਊਸ ਆਫ਼ ਡੈਡ ਪੰ. 17
ਫੋਦੋਰ ਦੋਸਤੋਵਸਕੀ



Original with;
Dr. Gurdev Singh Sidhu
Digitized by;
Panjab Digital Library

Desire vs contentment!

A conscious being whose powers were equal to his desires would be perfectly happy. .... The mere limitation of our desires is not enough, for if they were less than our powers, part of our faculties would be idle, and we should not enjoy our whole being; neither is the mere extension of our powers enough, for if our desires were also increased we should too only be the more miserable. True happiness consists in decreasing the difference between our desires and our powers.

44. Emile



Original...
Dr. Gur... Singh Sidhu
Digitized...
Panjab D... Library

ਪੰਨਾ 119 (92)

ਇੱਛਾ ਬਨਾਮ ਸੰਤੁਸ਼ਟੀ !

ਜੇਕਰ ਇਕ ਚੇਤਨ ਪ੍ਰਾਣੀ ਦੀਆਂ ਸ਼ਕਤੀਆਂ ਉਸਦੀਆਂ ਇੱਛਾਵਾਂ ਦੇ ਬਰਾਬਰ ਹੁੰਦੀਆਂ ਤਾਂ ਉਹ ਪੂਰੀ ਤਰ੍ਹਾਂ ਸੁਖੀ ਹੁੰਦਾ। ਲੇਕਿਨ ਆਪਣੀਆਂ ਇੱਛਾਵਾਂ ਨੂੰ ਸੀਮਤ ਕਰਨਾ ਹੀ ਕਾਫ਼ੀ ਨਹੀਂ ਹੈ, ਕਿਉਂਕਿ ਜੇਕਰ ਉਹ ਸਾਡੀਆਂ ਸ਼ਕਤੀਆਂ ਤੋਂ ਘੱਟ ਹਨ, ਤਾਂ ਸਾਡੀਆਂ ਯੋਗਤਾਵਾਂ ਦਾ ਇੱਕ ਅੰਸ਼ ਉਂਝ ਹੀ ਬੇਕਾਰ ਚਲਿਆ ਜਾਵੇਗਾ, ਅਤੇ ਤਾਂ ਅਸੀਂ ਆਪਣੇ ਪੂਰੇ ਅਸਤਿੱਤਵ ਦਾ ਅਨੰਦ ਵੀ ਨਹੀਂ ਲੈ ਸਕਾਂਗੇ। ਇਸੀ ਤਰ੍ਹਾਂ, ਆਪਣੀਆਂ ਸ਼ਕਤੀਆਂ ਦਾ ਮਹਿਜ ਵਿਸਤਾਰ ਵੀ ਕਾਫ਼ੀ ਨਹੀਂ ਹੈ, ਕਿਉਂਕਿ ਜੇ ਸਾਡੀਆਂ ਇੱਛਾਵਾਂ ਵੀ ਵੱਧ ਜਾਣ, ਤਾਂ ਫੇਰ ਅਸੀਂ ਹੋਰ ਦੁਖੀ ਹੋ ਜਾਵਾਂਗੇ। ਸੱਚਾ ਸੁਖ ਤਾਂ ਆਪਣੀਆਂ ਇੱਛਾਵਾਂ ਅਤੇ ਆਪਣੀਆਂ ਸ਼ਕਤੀਆਂ ਦੇ ਵਿਚਾਲੇ ਅੰਤਰ ਨੂੰ ਘਟਾਉਂਦੇ ਜਾਣ ਵਿੱਚ ਨਿਹਿਤ ਹੈ।

– 44 ਏਮਿਲੀ



Original with;
Dr. Gurdev Singh Sidhu
Digitized by;
Panjab Digital Library

Bourgeois revolution is germinated by the circumstance already existing in its predecessor regime.

" The bourgeois revolution usually ends with the seizure of power. For the proletarian revolution the seizure of power is only a ~~begg~~ beginning; power, when seized, is used as a lever for the transformation of the old economy and for the organization of a new one." P. 20.

" There still remain two gigantic and extremely difficult tasks — (even after the overthrow of the existing regime in one country - say Russia).

First of all comes the internal organization

The second crucial problem is that of the world revolution ..... the need to solve international problems, the need to promote the world revolution — (without which communist regime can not be quite safe from the international capitalist threat.) P. 21. 22



iginal with;
r. Gurdev Singh Sidhu
igitized by;
njab Digital Library

ਪੰਨਾ 120 (93)

"ਬੁਰਜੂਆ ਇਨਕਲਾਬ ਦਾ ਜਨਮ ਆਪਣੀ ਪੂਰਵਵਰਤੀ ਸ਼ਾਸ਼ਨ ਵਿਵਸਥਾ ਵਿੱਚ ਪਹਿਲਾਂ ਤੋਂ ਹੀ ਮੌਜੂਦ ਪਰਸਥਿਤੀ ਕਾਰਣ ਹੁੰਦਾ ਹੈ।"

"ਬੁਰਜੂਆ ਇਨਕਲਾਬ ਆਮ ਤੌਰ 'ਤੇ ਸੱਤਾ ਉੱਪਰ ਕਬਜ਼ੇ ਦੇ ਨਾਲ ਹੀ ਖਤਮ ਹੋ ਜਾਂਦਾ ਹੈ। ਲੇਕਿਨ ਸਰਵਹਾਰਾ (ਪ੍ਰੋਲੇਤਾਰੀ) ਇਨਕਲਾਬ ਦੇ ਵਾਸਤੇ ਸੱਤਾ ਉੱਪਰ ਕਬਜ਼ਾ ਤਾਂ ਮਹਿਜ ਇੱਕ ਸ਼ੁਰੂਆਤ ਭਰ ਹੈ, ਸੱਤਾ ਜਦੋਂ ਕਬਜ਼ੇ ਵਿੱਚ ਆ ਜਾਂਦੀ ਹੈ ਤਾਂ ਉਹ ਪੁਰਾਣੀ ਅਰਥ ਵਿਵਸਥਾ ਦੇ ਰੂਪਾਂਤਰਣ ਅਤੇ ਇੱਕ ਨਵੀਂ ਅਰਥ-ਵਿਵਸਥਾ ਦੇ ਸੰਗਠਨ ਦੇ ਲਈ ਇੱਕ ਲੀਡਰ ਦੇ ਰੂਪ ਵਿੱਚ ਇਸਤੇਮਾਲ ਕੀਤੀ ਜਾਂਦੀ ਹੈ।

ਪੰ. 20

"ਅਜੇ ਵੀ ਦੋ ਬੇਹੱਦ ਔਖੇ ਅਤੇ ਅਤਿਅੰਤ ਕਠਿਨ ਜ਼ੁੰਮੇਵਾਰੀਆਂ ਬਾਕੀ ਹਨ - (ਇੱਕ ਦੇਸ਼ ਯਾਨੀ ਰੂਸ ਵਿੱਚ ਮੌਜੂਦਾ ਸਾਸ਼ਨ ਵਿਵਸਥਾ ਨੂੰ ਉਖਾੜ ਸੁੱਟਣ ਦੇ ਬਾਦ ਵੀ)।

"ਸਭ ਤੋਂ ਪਹਿਲੀ ਜ਼ੁੰਮੇਵਾਰੀ ਹੈ ਅੰਦਰੂਨੀ ਸੰਗਠਨ।"

"ਦੂਜੀ ਮਹੱਤਵਪੂਰਣ ਸਮੱਸਿਆ ਭੰਡਾਰ ਇਨਕਲਾਬ ਦੀ...........ਅੰਤਰ ਰਾਸ਼ਟਰੀ ਸਮੱਸਿਆਵਾਂ ਦਾ ਹੱਲ ਕਰਨ ਦੀ, ਸੰਸਾਰ ਇਨਕਲਾਬ ਨੂੰ ਅੱਗੇ ਵਧਾਉਣ ਦੀ ਹੈ (ਜਿਸਦੇ ਹੱਲ ਕੀਤੇ ਬਗੈਰ ਕਮਿਊਨਿਸਟ ਸਾਸ਼ਨ ਵਿਵਸਥਾ ਅੰਤਰ ਰਾਸ਼ਟਰੀ ਪੂੰਜੀਵਾਦ ਦੇ ਖਤਰੇ ਵਿਰੁੱਧ ਸੁਰੱਖਿਅਤ ਨਹੀਂ ਰਹਿ ਸਕਦੀ।

ਪੰ. 21-22



Original with;
Dr. Gurdev Singh Sidhu
Digitized by;
Panjab Digital Library

121

I. If the proletariat is to win over the majority of the population, it must first of all overthrow the bourgeoisie and seize the powers of the State.

II. Next, it must establish the Soviet authority breaking up the old State apparatus, and thus at one blow counteracting the influence which the bourgeoisie and the petty bourgeois apostles of class collaboration exercise over the working (though non-proletariat) masses.

III. Thirdly the proletariat must completely and finally destroy the influence which the bourgeoisie and petty bourgeois compromisers exercise over the majority of the working (though non-proletarian) masses, it must do so by the revolutionary satisfaction of the economic needs of these masses at the cost of the exploiters.

Nicolai Lenin
P 23

---

Dictatorship of the proletariat means the masses guided and directed by the Communist Party. Though party exercises substantial influence or control still it is not all. Apart from its guidance, the 'will' of the masses is necessary for the achievement of any particular object.

"We have to admit that the broad masses of the workers must be led and guided by the class conscious minority." and that is the Party. Party has 'Trade unions' to link the Party with proletariat (labour), 'Soviets' to link it with all the labouring masses in the political field, 'Co-operatives' in the economic field especially



Original with;
Dr. ...dev Singh Sidhu
Digitised by;
Panjab Digital Library

ਪੰਨਾ 121 (94)

ਜੇਕਰ ਸਰਵਹਾਰਾ ਨੇ ਆਬਾਦੀ ਦੇ ਬਹੁਮੱਤ ਨੂੰ ਆਪਣੇ ਪੱਖ ਵਿੱਚ ਕਰਨਾ ਹੈ ਤਾਂ ਉਸਦੇ ਵਾਸਤੇ ਸਭ ਤੋਂ ਪਹਿਲਾਂ ਜਰੂਰੀ ਹੈ ਕਿ ਉਹ ਬੁਰਜੂਆ ਵਰਗ ਨੂੰ ਜੜ੍ਹੋਂ ਉਖਾੜ ਸੁੱਟੇ ਅਤੇ ਰਾਜ ਸੱਤਾ ਉੱਪਰ ਕਬਜ਼ਾ ਕਰੇ।

2. ਦੂਜੇ, ਉਸਨੂੰ ਪੁਰਾਣੇ ਰਾਜ ਉਪਰਕਣ ਨੂੰ ਤੋੜਕੇ ਸੋਵੀਅਤ ਸੱਤਾ ਸਥਾਪਿਤ ਕਰਨਾ ਅਤੇ ਇੱਕ ਝਟਕੇ ਵਿੱਚ ਉਸ ਪ੍ਰਭਾਵ ਨੂੰ ਖਤਮ ਕਰ ਦੇਣਾ ਜ਼ਰੂਰੀ ਹੈ, ਜਿਸਨੂੰ ਬੁਰਜੂਆ ਵਰਗ ਅਤੇ ਵਰਗ-ਸਹਿਯੋਗ ਦੇ ਨਿਮਨ ਬੁਰਜੂਆ ਅਵਰਗੀ ਸਮੱਰਥਕ ਮਿਹਨਤਕਸ਼ (ਗੈਰ-ਸਰਵਹਾਰਾ) ਜਨ ਸਮੁਦਾਇਆਂ ਉੱਤੇ ਪਾਉਂਦੇ ਰਹਿੰਦੇ ਹਨ।

3. ਤੀਜੇ ਸਰਵਹਾਰਾ ਵਰਗ ਦੇ ਵਾਸਤੇ ਅਵੱਸ਼ਕ ਹੈ ਕਿ ਉਹ ਉਸ ਪ੍ਰਭਾਵ ਨੂੰ ਪੂਰੀ ਤਰ੍ਹਾਂ ਅੰਤਿਮ ਤੌਰ ਤੇ ਨਸ਼ਟ ਕਰ ਸੁੱਟੇ, ਜਿਸਨੂੰ ਬੁਰਜੂਆ ਵਰਗ ਅਤੇ ਨਿਮਨ ਬੁਰਜੂਆ ਸਮਝੌਤਾਵਾਦੀ ਬਹੁਸੰਖਿਅਕ ਮਿਹਨਤਕਸ਼ (ਗੈਰ-ਸਰਵਹਾਰਾ) ਜਨ ਸਮੁਦਾਇਆਂ ਦੇ ਉੱਪਰ ਪਾਉਂਦੇ ਰਹਿੰਦੇ ਹਨ। ਇਹ ਸੋਸ਼ਕਾਂ ਦੀ ਕੀਮਤ ਤੇ ਇਹਨਾਂ ਸਮੁਦਾਇਆਂ ਦੀਆਂ ਆਰਥਕ ਲੋੜਾਂ ਦੇ ਇਨਕਲਾਬੀ ਭੁਸ਼ਟੀਕਰਣ ਦੇ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

ਨਿਕੋਲਾਈ ਲੈਨਿਨ ਪੰ. 23

"ਸਰਵਹਾਰਾ ਡਿਕਟੇਟਰਸ਼ਿੱਪ ਦਾ ਮਤਲਬ ਹੈ ਜਨ ਸਮੁਦਾਇਆਂ ਦਾ ਕਮਿਊਨਿਸਟ ਪਾਰਟੀ ਰਾਹੀਂ ਮਾਰਗ ਦਰਸ਼ਕ ਅਤੇ ਨਿਦੇਸ਼ਨ। ਜੇ ਪਾਰਟੀ ਕਾਫ਼ੀ ਪ੍ਰਭਾਵ ਅਤੇ ਨਿਯੰਤਰਣ ਬਣਾਈ ਰੱਖੇ ਹੋਏ ਹੈ, ਫਿਰ ਵੀ ਏਨਾ ਹੀ ਸਭ ਕੁਝ ਨਹੀਂ ਹੈ। ਆਪਣੇ ਮਾਰਗ ਦਰਸ਼ਨ ਦੇ ਇਲਾਵਾ ਜਨ ਸਮੁਦਾਇਆਂ ਦੀ 'ਇੱਛਾ' ਵੀ ਕਿਸੇ ਉਦੇਸ਼ ਵਿਸ਼ੇਸ਼ ਦੀ ਪ੍ਰਾਪਤੀ ਦੇ ਵਾਸਤੇ ਅਵੱਸ਼ਕ ਹੁੰਦੀ ਹੈ।"

"ਸਾਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਮਜ਼ਦੂਰਾਂ ਦੇ ਵਿਆਪਕ ਸਮੁਦਾਇਆਂ ਦਾ ਵਰਗ ਚੇਤਨ ਘੱਟ ਗਿਣਤੀ ਰਾਹੀਂ ਅਗਵਾਈ ਅਤੇ ਮਾਰਗ ਦਰਸ਼ਨ ਜ਼ਰੂਰੀ ਹੈ ਅਤੇ ਇਹ ਪਾਰਟੀ ਹੀ ਹੋ ਸਕਦੀ ਹੈ। ਪਾਰਟੀ ਦੇ ਕੋਲੋਂ ਪਾਰਟੀ ਨੂੰ ਸਰਵਹਾਰਾ ਮਜ਼ਦੂਰਾਂ ਨਾਲ ਜੋੜਨ ਦੇ ਲਈ ਟਰੇਡ ਯੂਨੀਅਨਾਂ ਹਨ- ਰਾਜਨੀਤਕ ਖੇਤਰ ਵਿੱਚ ਸਾਰੀਆਂ ਮਿਹਨਤਕਸ ਜਨਸਮੂਦਾਵਾਂ ਨੂੰ ਇਸ ਨਾਲ ਜੋੜਨ ਵਾਸਤੇ ਸੋਵੀਅਤਾਂ ਹਨ।

{ਪੰਨਾ 122 (95)}



Original with;
Dr. Gurdev Singh Sidhu
Digitized by;
Panjab Digital Library

to link the peasantry, 'League of youth'. to train communists from amongst the rising generation. Finally Party itself is the sole guiding force with in the Dictatorship of the proletariat.

122



Original with;
Dr. Gurdev Singh Sidhu
Digitized by;
Panjab Digital Library

ਆਰਥਕ ਖੇਤਰ ਵਿੱਚ ਖਾਸ ਤੌਰ 'ਤੇ ਕਿਸਾਨ ਸਮੁਦਾਵਾਂ ਨੂੰ ਜੋੜਨ ਦੇ ਲਈ 'ਕੋਆਪ੍ਰੇਟਿਵ' (ਸਹਿਕਾਰੀ ਸੰਸਥਾਵਾਂ) ਹਨ, ਨੌਜਵਾਨ ਪੀੜ੍ਹੀ ਵਿੱਚੋਂ ਕਮਿਊਨਿਸਟਾਂ ਨੂੰ ਸਿੱਖਿਅਤ ਕਰਨ ਦੇ ਲਈ 'ਨੌਜਵਾਨ ਸਭਾਵਾਂ' ਹਨ। ਅੰਤ ਵਿੱਚ, ਪਾਰਟੀ ਖੁਦ ਹੀ ਸਰਵਹਾਰਾ ਡਿਕਟੇਟਰਸ਼ਿਪ ਦੇ ਅੰਤਰਗਤ ਇੱਕ ਪਰਪੱਕ ਮਾਰਗ ਦਰਸ਼ਕ ਹੈ।"



Original with;
Dr. Gurdev Singh Sidhu
Digitized by;
Panjab Digital Library

Figures :—



Inequality of incomes :—

Production

Pre-war United Kingdom's (England's) Annual production amounted to :—

£, 2000,000,000

Gained through foreign investments :—

£, 200,000,000

Total £ 2200,000,000

Distribution

1/9 of the whole population i.e. Capitalist or bourgeois took away 1/2 of the total production i.e. ——— £, 1100,000,000. [least average income annual — £ 160]

2/9 th of the whole population i.e. Petty bourgeois took away 1/3 of the remaining half or 1/6 th of the whole — i.e. £, 300,000,000. {average income less than £160 a year

2/3 rd of the population i.e. manual labour or proletariat got the rest i.e. £, 800,000,000. [average income £60 yearly]

United States America :——— in 1890.

40% of total production was recived by owners of means

60% " was given to all workers.



Original with;
Dr. Gurdev Singh Sidhu
Digitized by;
Panjab Digital Library

ਪੰਨਾ 123 (96)

ਅੰਕੜੇ : ਆਮਦਨੀਆਂ ਵਿੱਚ ਅਸਮਾਨਤਾ

ਉਤਪਾਦਨ : ਯੁੱਧ ਤੋਂ ਪਹਿਲਾਂ ਯੁਨਾਈਟਡ ਕਿੰਗਡਮ (ਯੂ.ਕੇ.) ਦਾ (ਇੰਗਲੈਂਡ)

| | |
|---|---|
| ਸਾਲਾਨਾ ਉਤਪਾਦਨ ਦਾ ਮਾਨ ਰਿਹਾ | £ 2000, 000, 000 |
| ਬਦੇਸ਼ੀ ਨਿਵੇਸ਼ਾਂ ਤੋਂ ਲਾਭ | £ 200, 000, 000 |
| ਕੁੱਲ ਜੋੜ | £ 2200, 000, 000 |

ਵੰਡ :

| | |
|---|---|
| ਕੁੱਲ ਆਬਾਦੀ ਦੇ 1/9 ਅਰਥਾਤ<br>ਪੂੰਜੀਪਤੀ ਜਾਂ ਬੁਰਜੂਆ ਨੇ ਲੈ ਲਿਆ | { ਘੱਟ ਤੋਂ ਘੱਟ ਸਾਲਾਨਾ<br>ਔਸਤ ਆਮਦਨ £ 160 |
| ਕੁੱਲ ਉਤਪਾਦਨ ਦਾ 1/2 ਅਰਥਾਤ | £ 1100, 000, 000 |
| ਕੁੱਲ ਆਬਾਦੀ ਦੇ 2/9 ਅਰਥਾਤ<br>ਨਿਮਨ ਬੁਰਜੂਆ ਵਰਗ ਦੇ ਬਾਕੀ ਅੱਧ ਦਾ 1/3 | { ਔਸਤ ਆਮਦਨ £ 160<br>ਪ੍ਰਤੀਵਰਸ਼ ਤੋਂ ਘੱਟ |
| ਜਾਂ ਕੁੱਲ ਦਾ 1/6 ਲੈ ਲਿਆ ਅਰਥਾਤ | £ 300, 000, 000 |
| ਆਬਾਦੀ ਦੇ 2/3 ਅਰਥਾਤ ਸਰੀਰਕ<br>ਮਿਹਨਤ ਕਰਨ ਵਾਲੇ ਜਾਂ ਸਰਵਹਾਰਾ ਨੂੰ | { ਔਸਤ ਆਮਦਨ ਨੇ £ 60<br>ਵਾਰਸ਼ਿਕ |
| ਬਾਕੀ ਮਿਲਿਆ | £ 800, 000, 000 |

ਸੰਯੁਕਤ ਰਾਜ ਅਮਰੀਕਾ : 1890 ਵਿੱਚ

{ ਕੁੱਲ ਪੈਦਾਵਾਰ ਦਾ 40 ਪ੍ਰਤੀਸ਼ਤ (ਪੈਦਾਵਾਰ ਦੇ ਸਾਧਨਾਂ ਦੇ ਮਾਲਕਾਂ ਨੂੰ ਮਿਲਿਆ<br>ਕੁੱਲ ਉਤਪਾਦਨ ਦਾ 60 ਪ੍ਰਤੀਸ਼ਤ ਸਾਰੇ ਮਜ਼ਦੂਰਾਂ ਨੂੰ ਦਿੱਤਾ ਗਿਆ।



Original with;
Dr. Gurdev Singh Sidhu
Digitized by;
Panjab Digital Library

Aim of Life :—

"The aim of life is no more to control mind, but to develope it harmoniously, not to achieve salvation hereafter, but to make the best use of it here below, and not to realize truth, beauty and good only in contemplation, but also in the actual experience of daily life; social progress depends not upon the ennoblement of the few but on the enrichment of the many; and spiritual democracy or universal brotherhood can be achieved only when there is an equality of opportunity in the social, political and industrial life."



Original with;
Dr. Gurdev Singh Sidhu
Digitized by;
Panjab Digital Library

ਪੰਨਾ 124 (97)

ਜੀਵਨ ਦਾ ਉਦੇਸ਼ :

"ਜੀਵਨ ਦਾ ਉਦੇਸ਼ ਮਨ ਨੂੰ ਨਿਯੰਤਰਿਤ (ਕੰਟਰੋਲ) ਕਰਨਾ ਨਹੀਂ ਬਲਕਿ ਉਸਦਾ ਸੁਸੰਗਤ ਵਿਕਾਸ ਕਰਨਾ ਹੈ, ਮਰਨ ਦੇ ਬਾਦ ਮੁਕਤੀ ਪ੍ਰਾਪਤ ਕਰਨਾ ਨਹੀਂ, ਬਲਕਿ ਇਸ ਸੰਸਾਰ ਵਿੱਚ ਹੀ ਉਸਦਾ ਸਭ ਤੋਂ ਵਧੀਆ ਇਸਤੇਮਾਲ ਕਰਨਾ ਹੈ, ਕੇਵਲ ਧਿਆਨ ਵਿੱਚ ਹੀ ਨਹੀਂ, ਬਲਕਿ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿੱਚ ਵੀ ਸੱਚ, ਸ਼ਿਵ ਅਤੇ ਸੁੰਦਰ ਦਾ ਰੂਬਰੂਕਰਨਾ ਹੈ, ਸਮਾਜਕ ਉੱਨਤੀ ਕੁੱਝ ਕੁ ਦੀ ਉੱਨਤੀ ਉਪਰ ਨਹੀਂ, ਬਲਕਿ ਬਹੁਤਿਆਂ ਦੀ ਸਮਰਿੱਧੀ ਉੱਪਰ ਨਿਰਭਰ ਕਰਦੀ ਹੈ, ਅਤੇ ਆਤਮਿਕ ਲੋਕਤੰਤਰ ਜਾਂ ਸਰਵਭੌਮਿਕ ਭਰਪੱਣ, ਸਿਰਫ਼ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਸਮਾਜਕ, ਰਾਜਨੀਤਕ ਅਤੇ ਉਦਯੋਗਿਕ ਜੀਵਨ ਵਿੱਚ ਮੌਕਿਆਂ ਦੀ ਸਮਾਨਤਾ ਹੋਵੇ।"



Original with;
Dr. Gurdev Singh Sidhu
Digitized by;
Panjab Digital Library

1-150 Science of the State !!

Ancient Polity:— Rome & Sparta:— Aristotle & Plato:—

Subordination of the individual to the State was the dominant feature of these ancient polities, Sparta & Rome. In Hellas or in Rome the citizen had but a few personal rights, his conduct was largely subject to public censorship, and his religion was imposed by State authority. The only true citizens and members of the Sovereign body being an aristocratic caste of free men, whose manual work is performed by slaves possessing no civil rights.

Socrates:— Socrates is represented as contending that whoever, after reaching man's estate, voluntarily remains in a city, should submit to the Govt. even when he deems its laws unjust. accordingly, on the ground that he would break his covenant with the State by escaping from prison into exile, he determines to await the execution of an unjust sentence

Plato:— [Social Contract] He traces the origin of society and the State to mutual need, for men as isolated beings are incapable of satisfying their manifold wants. He while depicting a kind of idealised Sparta says, 'In an ideal State philosophers should rule; and to this aristocracy or government of the best, the body of citizens would owe implicit obedience.' He emphasises on the careful training and education of citizens.

Aristotle:— He was the first to disentangle politics from ethics, though he careful not to sever them. 'The majority of men,' he urged, 'are ruled by their passions rather than by reason, and the State must therefore train them to virtue by a life-long course of discipline, as in Sparta. Until political society is instituted there is no administration of justice. ... (but) it is necessary to enquire into the best constitution,



Original with;
Dr. Gurdev Singh Sidhu
Digitized by;
Panjab Digital Library

ਪੰਨਾ 165 (100)

ਰਾਜ ਦਾ ਵਿਗਿਆਨ :

ਪ੍ਰਾਚੀਨ ਰਾਜ ਵਿਵਸਥਾ : ਰੋਮ[1] ਅਤੇ ਸਪਾਰਟਾ[2], ਅਰਸਤੂ[3] ਅਤੇ ਪਲੈਟੋ[4] : ਰਾਜ ਦੇ ਪ੍ਰਤੀ ਵਿਅਕਤੀ ਦੀ ਮੁਤੈਹਤੀ ਇਹਨਾਂ ਪ੍ਰਾਚੀਨ ਰਾਜ ਵਿਵਸਥਾਵਾਂ (ਪ੍ਰਣਾਲੀਆਂ ਜਾਂ ਪ੍ਰਬੰਧਾਂ), ਸਪਾਰਟਾ ਅਤੇ ਰੋਮ ਦੀ ਪ੍ਰਮੁੱਖ ਖਾਸੀਅਤ ਸੀ। ਹੇਲਾਸ[5] ਵਿੱਚ, ਜਾਂ ਰੋਮ ਵਿੱਚ, ਨਾਗਰਿਕ ਨੂੰ ਬੱਸ ਕੁਝ ਕੁ ਨਿੱਜੀ ਅਧਿਕਾਰ ਪ੍ਰਾਪਤ ਸਨ। ਉਸਦਾ ਆਚਰਣ ਕਾਫੀ ਹੱਦ ਤੱਕ ਸਰਵਜਨਿਕ ਸੈਂਸਰਸ਼ਿਪ ਦੇ ਅਧੀਨ ਸੀ, ਅਤੇ ਉਸਦਾ ਧਰਮ ਰਾਜ ਸੱਤਾ ਵੱਲੋਂ ਲਾਗੂਕੀਤਾ ਗਿਆ ਹੁੰਦਾ ਸੀ। ਇੱਕ ਮਾਤਰ ਸੱਚੇ ਨਾਗਰਿਕ ਅਤੇ ਪ੍ਰਭੁਸੱਤਾ ਸੰਪਨ ਸੰਗਠਨ ਦੇ ਮੈਂਬਰ ਖਾਸ ਅਧਿਕਾਰਾਂ ਦੇ ਧਾਰਨੀ ਕਲੀਨ ਵਰਗ ਦੇ ਸੁਤੰਤਰ ਲੋਕ ਹੁੰਦੇ ਸਨ, ਜਿਹਨਾਂ ਦੇ ਵਾਸਤੇ ਸਰੀਰਕ ਮਿਹਨਤ ਗੁਲਾਮ (ਦਾਸ) ਕਰਿਆ ਕਰਦੇ ਸਨ, ਜਿਹਨਾਂ (ਦਾਸਾਂ) ਕੋਲੇ ਕੋਈ ਨਾਗਰਿਕ ਅਧਿਕਾਰ ਨਹੀਂ ਸਨ।

ਸੁਕਰਾਤ : ਸੁਕਰਾਤ[6] ਨੂੰ ਇਹ ਦਲੀਲ ਦਿੰਦਿਆਂ ਪੇਸ਼ ਕੀਤਾ ਜਾਂਦਾ ਹੈ ਕਿ ਜੋ ਕੋਈ ਵੀ ਨਾਗਰਿਕ ਰਾਜ ਵਿੱਚ ਪਹੁੰਚਣ ਦੇ ਬਾਦ, ਜੇਕਰ ਆਪਣੀ ਮਰਜ਼ੀ ਨਾਲ ਇੱਕ ਨਗਰ ਵਿੱਚ ਰਹਿਣ ਲੱਗੇ, ਤਾਂ ਉਸਨੂੰ ਸਰਕਾਰ ਦੀ ਮੁਤੈਹਤੀ (ਅਧੀਨਗੀ) ਸਵੀਕਾਰ ਕਰਨੀ ਚਾਹੀਦੀ ਹੈ, ਭਲੇ ਹੀ ਉਸਨੂੰ ਇਸਦੇ ਕਾਨੂੰਨ ਅਣਉਚਿੱਤ ਕਿਉਂ ਨਾ ਲੱਗਣ, ਇਸ ਅਨੁਸਾਰ ਹੀ ਇਸ ਆਧਾਰ ਤੇ ਕਿ ਜੇ ਉਹ ਜੇਲ ਵਿੱਚੋਂ ਫਰਾਰ ਹੋ ਕੇ ਭੱਜ ਜਾਵੇ, ਤਾਂ ਰਾਜ ਦੇ ਨਾਲ ਉਸਦਾ ਇਕਰਾਰ ਭੰਗ ਹੋ ਜਾਏਗਾ, ਉਹ ਇੱਕ ਗਲਤ ਸਜ਼ਾ ਦੇ ਲਾਗੂਹੋਣ ਦਾ ਵੀ ਇੰਤਜ਼ਾਰ ਕਰਦੇ ਰਹਿਣ ਵਾਸਤੇ ਤਿਆਰ ਰਹੇ।

ਪਲੈਟੋ : (ਸਮਾਜਿਕ ਸਮਝੌਤਾ) ਉਹ ਸਮਾਜ ਅਤੇ ਰਾਜ ਦੀ ਉਤਪਤੀ ਨੂੰ ਪਰਸਪਰਿਕ (ਆਪਸੀ) ਲੋੜਾਂ ਵਿੱਚੋਂ ਵੇਖਦਾ ਹੈ, ਕਿਉਂਕਿ ਮਨੁੱਖ ਅਲੱਗ-ਅਲੱਗ ਰਹਿਕੇ ਆਪਣੀਆਂ ਬਹੁ-ਪੱਖੀ ਲੋੜਾਂ ਨੂੰ ਸੰਤੁਸ਼ਟ ਕਰਨ ਵਿੱਚ ਅਸਮਰਥ ਹੁੰਦੇ ਹਨ। ਉਹ ਇੱਕ ਆਦਰਸ਼ਵਾਦੀ ਸਪਾਰਟਾ ਦਾ ਚਿਤਰਣ ਕਰਦਿਆਂ ਆਖਦਾ ਹੈ, "ਇੱਕ ਆਦਰਸ਼ ਰਾਜ ਵਿੱਚ, ਦਾਰਸ਼ਨਿਕਾਂ ਨੂੰ ਸਾਸ਼ਨ ਕਰਨਾ ਚਾਹੀਦਾ ਹੈ, ਅਤੇ ਨਾਗਰਿਕਾਂ ਦੇ ਸੰਗਠਨ ਨੂੰ ਕੁਲੀਨ ਤੰਤਰ ਜਾਂ ਸਰਵ ਸ੍ਰੇਸ਼ਟਾਂ ਦੀ ਸਰਕਾਰ ਦੇ ਪ੍ਰਤੀ ਨਿਸ਼ਚਤ ਤੌਰ ਤੇ ਆਗਿਆਕਾਰੀ ਹੋਣਾ ਚਾਹੀਦਾ ਹੈ।" ਉਹ ਨਾਗਰਿਕਾਂ ਦੀ ਸੁਚੇਤ ਸਿੱਖਿਆ ਅਤੇ ਵਿਦਿਆ ਉੱਪਰ ਜ਼ੋਰ ਦਿੱਦਾ ਹੈ।

ਅਰਸਤੂ: ਇਹ ਪਹਿਲਾ ਵਿਅਕਤੀ ਸੀ ਜਿਸਨੇ ਰਾਜਨੀਤੀ ਨੂੰ ਨੀਤੀ ਸ਼ਾਸ਼ਤਰ ਤੋਂ ਮੁਕਤ ਕੀਤਾ, ਹਾਲਾਂਕਿ ਉਹ ਚੌਕੰਨਾ ਵੀ ਸੀ ਕਿ ਇਹ ਦੋਨੋਂ ਇੱਕ ਦੂਜੇ ਤੋਂ ਬਿਲਕੁਲ ਹੀ ਵੱਖ ਨਾ ਹੋ ਜਾਣ। ਉਸਦੀ ਦਲੀਲ ਸੀ, "ਲੋਕਾਂ ਦੀ ਬਹੁਗਿਣਤੀ ਵਿਵੇਕ ਦੀ ਬਜਾਏ ਆਪਣੀਆਂ ਭਾਵਨਾਵਾਂ ਨਾਲ ਸਾਸ਼ਿਤ ਹੁੰਦੀ ਹੈ, ਅਤੇ ਇਸ ਲਈ ਰਾਜ ਦੇ ਵਾਸਤੇ ਜ਼ਰੂਰੀ ਹੈ ਕਿ ਉਹ ਉਹਨਾਂ ਨੂੰ ਜੀਵਨ ਭਰ ਅਨੁਸਾਸ਼ਨ ਵਿੱਚ ਰਹਿਣ ਦੀ ਟਰੇਨਿੰਗ ਦੇਵੇ, ਜਿਵੇਂ ਕਿ ਸਪਾਰਟਾ ਵਿੱਚ ਹੈ। ਜਦੋਂ ਤੱਕ ਰਾਜਨੀਤਕ ਸਮਾਜ ਸਥਾਪਤ ਨਹੀਂ ਹੁੰਦਾ, ਉਦੋਂ ਤੱਕ ਇਨਸਾਫ਼ (ਨਿਆਂ) ਦਾ ਕੋਈ ਪ੍ਰਸਾਸ਼ਨ ਨਹੀਂ ਹੋ ਸਕਦਾ (ਲੇਕਿਨ) ਇਸਦੇ ਵਾਸਤੇ ਅਵੱਸ਼ਕ ਹੈ ਕਿ ਸਰਵੋਤਮ ਸੰਵਿਧਾਨ ਅਤੇ ਕਾਨੂੰਨ-ਨਿਰਮਾਣ ਦੀ ਸਰਵੋਤਮ ਪ੍ਰਣਾਲੀ ਦੀ ਖੋਜ ਕੀਤੀ ਜਾਵੇ.........।



Original with;
Dr. Gurdev Singh Sidhu
Digitized by;
Panjab Digital Library

and the best system of legislation.

"The germ of the State is found in the family or household. From the union of many households arose the village community ... members being subject to patriarchal government.

"By the association of several villages was formed the State, a natural, independent, and self-sufficing organization.

"But while the household is ruled monarchically, in constitutional governments the subjects are free and on an equality with their rulers.

"Natural sociability and mutual advantage impel men to union. Man is by nature a political (social) animal.

"The State is much more than an alliance which individuals can join or leave without effect, for the independent or cityless man is unscrupulous and savage, something essentially different from a citizen."

Plato:— Plato had anticipated this conception of the State as a body whose members combine harmoniously for a common end.

Aristotle:— Aristotle held that where freedom and equality prevail there should be alternate rule and subjection, but it is best, if possible, that the same persons should always rule.

In opposition to Plato's communism, he argued in favour of duly regulated private property, considering that only a moral unity is possible or desirable in the State.

[Kinds of Govts.] He divided governments into monarchies, aristocracies, and republics and their respective perversions, tyrannies, oligarchies and democracies, according as the supreme power is in the hands of one or a few or the many, and according as the end is the general good or the private interests of the rulers, regard also being paid to freedom, wealth, culture and nobility.

Each polity consists of three parts — the deliberative, the executive, and the judicial bodies. Citizenship is constituted neither by residence, nor by the possession of legal rights, but by participation in judicial power and public office.

The many, having attained a certain standard of morality, should rule; for, though individually inferior, they are collectively wiser and more virtuous than a select few. But, while undertaking all deliberative and judicial functions, they should be excluded from the highest executive offices.

The best polity is that in which the middle class between the very rich and the very poor controls the government, for that class has most permanent life, and is the most



Original with;
Dr. Gurdev Singh Sidhu
Digitized by;
Panjab Digital Library

ਪੰਨਾ 166 (101)

"ਰਾਜ ਦਾ ਬੀਜ, ਪਰਿਵਾਰ ਜਾਂ ਟੱਬਰ ਵਿੱਚ ਹੁੰਦਾ ਹੈ। ਕਈ ਪਰਿਵਾਰਾਂ ਦੇ ਸੰਯੁਕਤ ਹੋਣ ਨਾਲ ਗ੍ਰਾਮ (ਪਿੰਡ) ਸਮੁਦਾਇ ਦੀ ਉਤਪਤੀ ਹੋਈ ਹੈ (ਜਿਸਦੇ) ਮੈਂਬਰ ਪਿਤਾ ਸੱਤਾਤਮਕ ਸਰਕਾਰ ਦੇ ਅਧੀਨ ਹੁੰਦੇ ਹਨ।"

"ਕਈ ਪਿੰਡਾਂ ਨੂੰ ਮਿਲਾਕੇ ਰਾਜ ਦਾ ਨਿਰਮਾਣ ਹੋਇਆ, ਜੋ ਇੱਕ ਪ੍ਰਕਿਰਤਕ, ਸੁਤੰਤਰ ਅਤੇ ਸਵੈ ਨਿਰਭਰ ਸੰਗਠਨ ਸੀ।"

"ਪਰੰਤੂ ਜਿੱਥੇ ਪਰਿਵਾਰ ਇੱਕ ਵਿਅਕਤੀਤਵ ਵਲੋਂ ਸਾਸ਼ਿਤ ਹੁੰਦਾ ਹੈ, ਉਥੇ ਸੰਵਿਧਾਨਕ ਸਰਕਾਰਾਂ ਵਿੱਚ ਵਿਅਕਤੀ ਸੁਤੰਤਰ ਅਤੇ ਆਪਣੇ ਸਾਸ਼ਕਾਂ ਦੇ ਸਮਾਨ ਹੁੰਦੇ ਹਨ।"

"ਪ੍ਰਕਿਰਤਕ ਸਮਾਜਕ ਮੈਤ੍ਰੀ (ਭਰਪੱਣ) ਅਤੇ ਪਰਸਪਰ ਲਾਭ ਤੋਂ ਏਕਤਾ ਬਣਦੀ ਹੈ। ਮਨੁੱਖ ਆਪਣੇ ਸੁਭਾਅ ਤੋਂ ਇੱਕ ਰਾਜਨੀਤਕ (ਸਮਾਜਿਕ) ਪ੍ਰਾਣੀ ਹੈ।"

"ਰਾਜ ਇੱਕ ਸੰਗਠਨ (ਸੰਯੋਗ) ਤੋਂ ਕਿਤੇ ਵੱਧ ਹੈ, ਜਿਸ ਨਾਲ ਵਿਅਕਤੀ ਜੁੜ ਸਕਦੇ ਹਨ ਜਾਂ ਬਿਨਾਂ ਕੋਈ ਫ਼ਰਕ ਪੈਣ ਦੇ ਛੱਡ ਸਕਦੇ ਹਨ, ਲੇਕਿਨ ਸੁਤੰਤਰ ਜਾਂ ਨਾਗਰਿਕਤਾ ਰਹਿਤ ਮਨੁੱਖ ਦਾ ਵਿਸ਼ਵਾਸ਼ ਕਰਨਯੋਗ, ਅਸੱਭਿਆ ਅਤੇ ਇੱਕ ਨਾਗਰਿਕ ਨਾਲੋਂ ਵੱਖਰੀ ਕੋਈ ਚੀਜ਼ ਹੁੰਦੀ ਹੈ।

ਪਲੈਟੋ :

ਪਲੈਟੋ ਨੇ ਇੱਕ ਅਜਿਹੇ ਸੰਗਠਨ ਦੇ ਰੂਪ ਵਿੱਚ ਰਾਜ ਦੀ ਇਸ ਅਵਧਾਰਨਾ ਦਾ ਪੂਰਵ ਅਨੁਮਾਨ ਕੀਤਾ ਸੀ ਜਿਸਦੇ ਮੈਂਬਰ ਇੱਕ ਸਰਬ ਪ੍ਰਵਾਨਿਤ ਉਦੇਸ਼ ਦੇ ਵਾਸਤੇ ਇਕਸੁਰਤਾ ਪੂਰਣ ਢੰਗ ਨਾਲ ਜੁੜੇ ਹੋਣ।

ਅਰਸਤੂ:

ਅਰਸਤੂ ਦੀ ਮਾਨਤਾ ਸੀ ਕਿ ਜਿੱਥੇ ਸੁਤੰਤਰਤਾ ਅਤੇ ਸਮਾਨਤਾ ਹੋਵੇ, ਉਥੇ ਵਾਰੀ ਵਾਰੀ ਨਾਲ ਸਾਸ਼ਨ ਅਤੇ ਅਧੀਨੀਕਰਣ ਹੋਵੇ, ਲੇਕਿਨ ਸਭ ਤੋਂ ਵਧੀਆ ਇਹ ਹੀ ਹੈ ਕਿ ਜੇ ਸੰਭਵ ਹੋਵੇ ਤਾਂ ਉਹ ਹੀ ਵਿਅਕਤੀ ਹਮੇਸ਼ਾ ਸਾਸ਼ਨ (ਰਾਜ) ਕਰਦੇ ਰਹਿਣ।

ਪਲੈਟੋ ਦੇ ਸਾਮਵਾਦ ਦੇ ਵਿਰੋਧ ਵਿੱਚ ਉਸਦੀ ਦਲੀਲ ਬਾਕਾਇਦਾ ਨਿਯਮ ਨਿਰਧਾਰਤ ਨਿੱਜੀ ਜਾਇਦਾਦ ਦੇ ਪੱਖ ਵਿੱਚ ਸੀ, ਜਿਸਦੇ ਪਿਛੋਕੜ ਵਿੱਚ ਉਸਦਾ ਵਿਚਾਰ ਸੀ ਕਿ ਰਾਜ ਵਿੱਚ ਸਿਰਫ਼ ਇੱਕ ਨੈਤਿਕ ਏਕਤਾ ਸੰਭਵ ਜਾਂ ਇੱਛਤ ਹੈ।

ਸਰਕਾਰਾਂ ਦੀਆਂ ਕਿਸਮਾਂ

ਉਸਨੇ ਸਰਕਾਰਾਂ ਨੂੰ ਰਾਜਤੰਤਰਾਂ, ਕੁਲੀਨਤੰਤਰਾਂ ਅਤੇ ਗਣਤੰਤਰਾਂ ਅਤੇ ਕ੍ਰਮਵਾਰ ਉਹਨਾਂ ਦੇ ਵਿਗੜੇ ਹੋਏ ਰੂਪਾਂ ਜਿਵੇਂ ਨਿਰੰਕੁਸ਼ ਤੰਤਰਾਂ, ਅਲਪ ਤੰਤਰਾਂ ਅਤੇ ਲੋਕਤੰਤਰਾਂ ਵਿੱਚ ਵਰਗੀਕਰਣ ਕੀਤਾ, ਜਿਸਦਾ ਆਧਾਰ ਇਹ ਸੀ ਕਿ ਇਹਨਾਂ ਵਿੱਚ ਸਰਵ ਉੱਚ ਸੱਤਾ ਇੱਕ ਜਾਂ ਕੁੱਝ ਜਾਂ ਕਈਆਂ ਦੇ ਹੱਥਾਂ ਵਿੱਚ ਹੁੰਦੀ ਹੈ ਅਤੇ ਇਹਨਾਂ ਦਾ ਉਦੇਸ਼ ਆਮ ਹਿੱਤ ਜਾਂ ਸਾਸ਼ਕਾਂ ਦਾ ਨਿੱਜੀ ਹਿੱਤ ਹੁੰਦਾ ਹੈ ਅਤੇ ਇਹਨਾਂ ਵਿੱਚ ਸੁਤੰਤਰਤਾ, ਸੰਪਦਾ, ਸੰਸਕ੍ਰਿਤੀ ਅਤੇ ਕੁਲੀਨਤਾ ਵੱਲੀਂ ਵੀ ਤਵੱਜੋਂ ਦਿੱਤੀ ਜਾਂਦੀ ਹੈ।

ਹਰ ਇੱਕ ਰਾਜ ਪ੍ਰਣਾਲੀ ਦੇ ਤਿੰਨ ਅੰਗ ਹੁੰਦੇ ਹਨ। 1. ਸਲਾਹਕਾਰੀ 2. ਕਾਰਜਕਾਰੀ ਅਤੇ 3. ਕਾਨੂੰਨ ਵਿਵਸਥਾ ਜਾਂ ਨਿਆਂ ਪ੍ਰਣਾਲੀ। ਨਾਗਰਿਕਤਾ ਦਾ ਨਿਰਧਾਰਣ ਨਾ ਤਾਂ ਨਿਵਾਸ ਨਾਲ ਹੁੰਦਾ ਹੈ ਨਾ ਹੀ ਕਾਨੂੰਨੀ ਅਧਿਕਾਰ ਪ੍ਰਾਪਤ ਹੋਣ ਨਾਲ, ਬਲਕਿ ਨਿਆਂਇਕ ਸੱਤਾ ਅਤੇ ਸਰਕਾਰੀ ਕੰਮ ਕਾਜ ਵਿੱਚ ਭਾਗੀਦਾਰ ਹੁੰਦਾ ਹੈ।

ਨੈਤਿਕਤਾ ਦੀ ਇੱਕ ਨਿਸ਼ਚਤ ਪੱਧਰ ਪ੍ਰਾਪਤ ਕਰਕੇ ਕਈਆਂ ਨੂੰ ਸਾਸ਼ਨ ਕਰਨਾ ਚਾਹੀਦਾ ਹੈ, ਕਿਉਂਕਿ ਅਲੱਗ-ਅਲੱਗ ਵਿਅਕਤੀਗਤ ਤੌਰ ਤੇ ਕੰਮ ਦੇ ਯੋਗ ਹੋਣ ਦੇ ਬਾਵਜੂਦ ਉਹ ਸਾਂਝੇ ਤੌਰ ਤੇ, ਕੁੱਝ ਕੁ ਚੋਣਵੇਂ ਵਿਅਕਤੀਆਂ ਨਾਲ ਕਿਤੇ ਵੱਧ ਚਤੁਰ ਅਤੇ ਵੱਧ ਸਦਗੁਣ ਸੰਪਨ ਹੁੰਦੇ ਹਨ। ਪਰੰਤੂ ਸਾਰੀਆਂ ਸਲਾਹਕਾਰ ਅਤੇ ਨਿਆਂਇਕ ਕਾਰਵਾਈਆਂ ਨੂੰ ਸੰਭਾਲਣ ਦੇ ਬਾਵਜੂਦ, ਉਹਨਾਂ ਨੂੰ ਉੱਚਤਮ ਕਾਰਜਕਾਰੀ ਅਹੁਦਿਆਂ ਤੋਂ ਪਰ੍ਹੇ ਹੀ ਰੱਖਣਾ ਚਾਹੀਦਾ ਹੈ। ਸਭ ਤੋਂ ਵਧੀਆ ਰਾਜ ਪ੍ਰਣਾਲੀ ਹੈ ਜਿਸ ਵਿੱਚ ਬਹੁਤ ਧਨੀ ਅਤੇ ਬਹੁਤ ਗਰੀਬ ਦੇ ਵਿਚਕਾਰਲਾ ਮੱਧ ਵਰਗ ਸਰਕਾਰ ਚਲਾਵੇ, ਕਾਰਣ ਕਿ ਇਸ ਵਰਗ ਦਾ ਜੀਵਨ ਸਭ ਤੋਂ ਸਥਾਈ (ਟਿਕਾਊ) ਹੁੰਦਾ ਹੈ ਅਤੇ ਇਹ ਸਭ ਨਾਲੋਂ ~ ਪ ਵਿਵੇਕ ਸੰਗਤ ਅਤੇ ਨਾਲ ਹੀ ਸੰਵਿਧਾਨ ਕਾਰਵਾਈ ਵਿੱਚ ਸਭ ਤੋਂ ਸਮਰੱਥ ਵੀ ਹੁੰਦਾ ਹੈ।



Original with;
Dr. Gurdev Singh Sidhu
Digitized by;
Panjab Digital Library

conformable to reason, as well as the most capable of constitutional action. This is virtually an affirmation that sovereignty should reside in the majority of the citizens, slaves of course being ignored.

Democracies agree in being based on equality in respect of personal liberty, which implies the eligibility of all citizens to hold, or elect to the offices of State, and the rule of each over all and of all over each in turn.

Aristotle, like Plato, treated democracy as a debased form of Govt, and held that it is more suitable to large states than any other.

Stoics :—

Cynics :—

Epicureans :— "Justice," said Epicurus, is nothing in itself, but merely a compact (as the basis of justice) of expediency to prevent mutual injury.

Stoic :— A disciple of the philosopher Zeno (340—260 B.C.) who opened (ōn) his school in a colonnade called the "Stoa Poikile" [painted porch] at Athens. Later Roman stoics were Cato the Younger, Seneca, Marcus ~~Aurel~~ Aurelius. The word stoic literally means, 'one indifferent to pleasure or pain'.

Stoicism is a school of philosophy strongly opposed to Epicureanism in its view of life and duty; ~~strongly~~ [ancient] indifferent to pleasure or pain.

Cynicism :— A sect of philosophers founded by Antisthenes of Athens (born c. 444 B.C.) characterised by an ostentatious contempt for riches, arts, science and amusements. They are called Cynics because of their morose manners. Cynicism is sometimes used to denote the ~~nature of~~ contempt for human nature.

Epicureans :— Epicurus [341—270 B.C.] was a Greek Philosopher, who taught that pleasure was the chief good. Epicureans is used to denote one devoted to luxuries of the table or given to sensual enjoyment.



Originated with;
Dr. Gurdev Singh Sidhu
Digitized by;
Panjab Digital Library

ਪੰਨਾ 167 (102)

ਇਸ ਕਰਕੇ, ਇਸਦੇ ਵਾਸਤੇ ਇਹ ਆਖਿਆ ਜਾਂਦਾ ਹੈ ਕਿ ਪ੍ਰਭੂਸੱਤਾ ਨੂੰ ਨਾਗਰਿਕਾਂ ਦੀ ਬਹੁਗਿਣਤੀ ਵਿੱਚ ਵਿਦਮਾਨ ਹੋਣਾ ਚਾਹੀਦਾ ਹੈ, ਜਿਹਨਾਂ ਵਿੱਚ ਬੇਸ਼ੱਕ ਗੁਲਾਮ ਨਹੀਂ ਆਉਂਦੇ।

ਲੋਕਤੰਤਰ ਵਿਅਕਤੀਗਤ ਸੁਤੰਤਰਤਾ ਦੇ ਮਾਮਲੇ ਵਿੱਚ ਬਰਾਬਰੀ (ਸਮਾਨਤਾ) ਬਾਰੇ ਇਕਮੱਤ ਹੁੰਦੇ ਹਨ, ਜਿਸਦਾ ਕੁਦਰਤੀ ਅਰਥ ਇਹ ਹੈ ਕਿ ਸਾਰੇ ਨਾਗਰਿਕ, ਰਾਜ ਦੇ ਅਹੁਦਿਆਂ ਉੱਪਰ ਬਿਰਾਜਮਾਨ ਹੋਣ ਜਾਂ ਚੁਣੇ ਜਾਣ ਦੇ ਲਈ, ਅਤੇ ਹਰ ਇੱਕ ਸਾਰਿਆਂ ਉੱਤੇ ਅਤੇ ਸਾਰੇ ਹਰ ਇੱਕ ਉੱਪਰ ਸਾਸ਼ਨ ਕਰਨ ਦੇ ਵਾਸਤੇ ਪ੍ਰਵਾਨਿਤ ਹੁੰਦੇ ਹਨ।

ਅਰਸਤੂਵੀ ਪਲੈਟੋ ਦੀ ਭਾਂਤਿ ਹੀ ਲੋਕਤੰਤਰ ਨੂੰ ਸਰਕਾਰ ਦਾ ਇੱਕ ਵਿਗੜਿਆ ਹੋਇਆ ਸਰੂਪ ਮੰਨਦਾ ਸੀ, ਅਤੇ ਕਹਿੰਦਾ ਸੀ ਕਿ ਇਹ ਹੋਰ ਕਿਸੇ ਕਿਸਮ ਦੇ ਰਾਜਾਂ ਦੀ ਤੁਲਨਾ ਵੱਡੇ ਰਾਜਾਂ ਦੇ ਵਾਸਤੇ ਵੱਧ ਢੁਕਵਾਂ ਹੈ।

ਸਟੋਇਕਵਾਦੀ : ਸਿਨਿਕਵਾਦੀ

ਏਪੀਨਿਊਰਸਵਾਦੀ : ਏਪੀਨਿਊਰਸ[1] ਦਾ ਕਹਿਣਾ ਸੀ, "ਇਨਸਾਫ਼ ਨਿਆਂ, ਆਪਣੇ ਆਪ ਵਿੱਚ ਕੁੱਝ ਨਹੀਂ ਹੈ, ਇਹ ਬੱਸ ਪਰਸਪਰ ਨੁਕਸਾਨ ਰੋਕਣ ਦੇ ਵਾਸਤੇ (ਨਿਆਂ ਦੇ ਆਧਾਰ ਦੇ ਤੌਰ ਤੇ) ਸਮਝੌਤੇ ਦੀ ਇੱਕ ਤਰਤੀਬ ਮਾਤਰ ਹੈ।"

ਸਟੋਇਕ : (ਵਾਦ)

ਦਾਰਸ਼ਨਿਕ ਜੇਨੋ (340–260 ਈ. ਪੂ.) ਦਾ ਇੱਕ ਚੇਲਾ, ਜਿਸਨੇ ਏਥਨਜ ਦੇ ਸਟੋਆ ਪਾਈਕਲਾਈਟ (ਪੇਂਟਡ ਪੋਰਚ) ਨਾਮੀਂ ਬਗੀਚੇ ਵਿੱਚ ਆਪਣੀ ਦਾਰਸ਼ਨਿਕ ਸ਼ਾਖਾ ਦਾ ਸਿਖਲਾਈ ਸੰਸਥਾਨ ਖੋਲਿਆ। ਬਾਦ ਵਿੱਚ ਕੈਟੋ ਦਾ ਯੰਗਰ, ਸੇਨੇਕਾ, ਮਾਕਰਯੂਸ ਔਰੋਲੀਅਸ[4] ਰੋਮਨ ਸਟੋਇਕਵਾਦੀ ਹੋਏ। ਸਟੋਇਕ ਸ਼ਬਦ ਦਾ ਸ਼ਬਦਿਕ ਅਰਥ ਹੈ : 'ਉਹ ਵਿਅਕਤੀ ਜੋ ਸੁਖ ਜਾਂ ਦੁੱਖ ਦੇ ਪ੍ਰਤੀ ਉਦਾਸੀਨ ਹੋਵੇ।'

ਸਟੋਇਕਵਾਦ ਪੁਰਾਣੇ ਦਰਸ਼ਨ ਦੀ ਇਕ ਸ਼ਾਖਾ ਹੈ, ਜੋ ਜੀਵਨ ਅਤੇ ਕਰਤੱਵ ਦੇ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਵਿੱਚ ਏਪੀਨਿਊਰਸਵਾਦ ਦੀ ਜ਼ੋਰਦਾਰ ਵਿਰੋਧੀ ਹੈ, ਅਤੇ ਸੁੱਖ ਜਾਂ ਦੁੱਖ ਦੇ ਪ੍ਰਤੀ ਵਿਰਕਤ ਹੈ।

ਸਿਨਿਕਾਵਾਦ :

ਦਾਰਸ਼ਨਿਕਾਂ ਦਾ ਇੱਕ ਸੰਪਰਦਾਇ ਜਿਸਦੀ ਸਥਾਪਨਾ ਏਥਨਜ ਦੇ ਏਂਟੀਸਥੇਨੀਜ[5] (ਜਨਮ 444 ਈ. ਪੂ.) ਨੇ ਕੀਤੀ ਸੀ, ਜਿਸਦੀ ਵਰਨਣਯੋਗ ਵਿਸ਼ੇਸ਼ਤਾ ਧਨ ਦੌਲਤ, ਕਲਾ, ਵਿਗਿਆਨ ਅਤੇ ਮਨੋਰੰਜਨ ਦੇ ਵਿਰੁੱਧ ਇੱਕ ਸਪਸ਼ਟ ਘ੍ਰਿਣਾ ਦੇ ਰੂਪ ਵਿੱਚ ਸੀ। ਇਹਨਾਂ ਨੂੰ ਸਿਨਿਕਾ ਇਹਨਾਂ ਦੇ ਰੁੱਖੇ ਵਿਵਹਾਰ ਦੇ ਕਾਰਣ ਆਖਿਆ ਜਾਂਦਾ ਹੈ। ਸਿਨਿਕਾਵਾਦ ਕਦੇ-ਕਦੇ ਮਨੁੱਖੀ ਸੁਭਾ ਦੇ ਪ੍ਰਤੀ ਤ੍ਰਿਸਕਾਰ (ਘ੍ਰਿਣਾਮਈ) ਭਾਵਨਾ ਦੇ ਵਾਸਤੇ ਵੀ ਇਸਤੇਮਾਲ ਕੀਤਾ ਜਾਂਦਾ ਹੈ।

ਏਪੀਨਿਊਰਸਵਾਦੀ :

ਏਪੀਨਿਊਰਸ (341–270) ਈ. ਪੂ.) ਇੱਕ ਯੂਨਾਨੀ ਦਾਰਸ਼ਨਿਕ ਸੀ, ਜਿਸਦੀ ਸਿੱਖਿਆ ਸੀ ਕਿ ਸੁੱਖ ਹੀ ਅਸਲੀ ਚੀਜ਼ ਹੈ। ਏਪੀਨਿਊਰਸਵਾਦੀ ਉਸਨੂੰ ਕਿਹਾ ਜਾਂਦਾ ਹੈ ਜਿਹੜਾ ਖਾਓ-ਪੀਓ ਅਤੇ ਮੌਜ-ਮਸਤੀ ਵਿੱਚ ਵਿਸ਼ਵਾਸ਼ ਕਰਦਾ ਹੈ।



Original with;
Dr. Gurdev Singh Sidhu
Digitized by;
Panjab Digital Library

Roman Polity :— 'Little of direct importance was added to political theory by the Romans but in a closely allied department viz; jurisprudence—they made contributions of deep interest and value.'

Jus-Civile / Jus Gentium: Under the Republic there had grown up beside the "Civil Law" (Jus Civile) a collection of rules and principles called Jus Gentium (Law of nations) which represented the common features prevailing among the Italian tribes.

Jus Naturale: The great Roman jurisconsults (experts in the science of Law) [deriving the idea from the Stoics] came gradually to identify the Law of Nature [Jus Naturale] with the Jus Gentium.

They taught that this Law was divine and eternal, and that it was superior in majesty and validity to the laws of particular States. Natural Law was supposed to be actually existent and bound up with Civil Law.

In the Antonian Era, when Roman Law attained a high development and Stoic doctrines were most influential, the jurists formulated as juridical but not as political principles the maxims that

'All men were born free'

and that by the Law of Nature, 'All men are equal'— the implication being that although the civil law recognized class distinction all mankind were equal before the Law of Nature.

Social contract in Roman Polity: Though the Roman jurists did not postulate a contract as the origin of civil society, but there is a tendency to deduce recognised rights and obligations from a supposed, but non-existent contract.

With regard to sovereignty, the citizens assembled in the Comitia tributa exercised the supreme power during the golden days of the Republic.

Under the Empire, the sovereign authority was vested in the Emperor, and according to the later jurisconsults, the people, by the Lex Regia, delegated the supreme command to each Emperor at the beginning of his reign, thus conferring on him all their rights to govern and legislate.



Original with;
Dr. Gurdev Singh Sidhu
Digitized by
Panjab Digital Library

ਪੰਨਾ 168 (103)

ਰੋਮਨ ਰਾਜ ਪ੍ਰਣਾਲੀ :

"ਰੋਮਨਾਂ ਨੇ ਰਾਜਨੀਤਕ ਸਿਧਾਂਤ ਵਿੱਚ ਘੱਟ ਹੀ ਅਜਿਹਾ ਵਾਧਾ ਕੀਤਾ ਜਿਸਦਾ ਪ੍ਰਤੱਖ ਮਹੱਤਵ ਹੋਵੇ, ਲੇਕਿਨ ਇੱਕ ਗੂੜ੍ਹੇ ਤੌਰ ਤੇ ਸੰਬੰਧਿਤ ਵਿਭਾਗ ਯਾਨੀ ਕਾਨੂੰਨ ਸ਼ਾਸ਼ਨ ਵਿੱਚ ਉਹਨਾਂ ਨੇ ਡੂੰਘੀ ਰੁਚੀ ਵਾਲਾ ਅਤੇ ਵਡਮੁੱਲਾ ਯੋਗਦਾਨ ਪਾਇਆ।

ਜਸ-ਸਿਵਿਕ ਅਤੇ ਜਸ-ਜੇਂਟਿਅਮ

ਗਣਤੰਤਰ ਦੇ ਅੰਤਰਗਤ, "ਨਾਗਰਿਕ ਕਾਨੂੰਨ" (ਜਸ-ਸਿਵਿਕ) ਦੇ ਇਲਾਵਾ, ਜਸ ਜੇਂਟਿਅਮ (ਰਾਸ਼ਟਰ ਦੇ ਕਾਨੂੰਨ) ਨਾਂ ਨਾਲ ਬਹੁਤ ਸਾਰੇ ਨਿਯਮ ਅਤੇ ਸਿਧਾਂਤ ਅਸਤਿੱਤਵ (ਹੋਂਦ) ਵਿੱਚ ਆ ਚੁੱਕੇ ਸਨ, ਜਿਹੜੇ, ਇਤਾਲਬੀ ਕਬੀਲਿਆਂ ਦੇ ਵਿੱਚ ਪ੍ਰਚਲਿਤ ਆਮ ਵਿਸ਼ੇਸ਼ਤਾਵਾਂ ਨੂੰ ਪ੍ਰਤੀਬਿੰਬਤ ਕਰਦੇ ਸਨ।

ਜਸ-ਨੇਚੂਰਲ

ਮਹਾਨ ਰੋਮਨ ਜਿਊਰਸ-ਕੰਨਸਲਟਸ (ਕਾਨੂੰਨ ਅਤੇ ਵਿਗਿਆਨ ਦੇ ਮਾਹਿਰ) (ਸਟੋਇਕਵਾਦੀਆਂ ਦੇ ਵਿਚਾਰ ਤੋਂ ਪ੍ਰੇਰਣਾ ਲੈ ਕੇ) ਹੌਲੀ-ਹੌਲੀ ਪ੍ਰਕਿਰਤੀ ਦੇ ਕਾਨੂੰਨ (ਜਸ-ਨੇਚੂਰਲ) ਨੂੰਜਸ-ਜੇਂਟਿਅਮ ਦੇ ਸਮਰੂਪ ਮੰਨਣ ਲੱਗੇ।

ਉਹਨਾਂ ਦੀ ਸਿੱਖਿਆ ਸੀ ਕਿ ਇਹ ਕਾਨੂੰਨ ਦੈਵੀ (ਰੱਬੀ) ਅਤੇ ਸ਼ਾਸ਼ਵਤ ਸੀ ਅਤੇ ਇਹ ਕਈ ਖਾਸ ਰਾਜਾਂ ਦੇ ਕਾਨੂੰਨਾਂ ਨਾਲੋਂ ਆਪਣੀ ਸਚਾਈ ਤੇ ਉਚਿੱਤਤਾ ਵਿੱਚ ਵੱਧ ਸ੍ਰੇਸ਼ਟ ਸੀ। ਪ੍ਰਾਕ੍ਰਿਤਕ ਕਾਨੂੰਨ ਨੂੰ ਵਾਸਤਵ ਵਿੱਚ ਅਸਤਿੱਤਵਮਾਨ ਮੰਨਿਆ ਜਾਂਦਾ ਸੀ ਅਤੇ ਇਸਨੂੰ ਨਾਗਰਿਕ ਕਾਨੂੰਨ ਨਾਲ ਸੰਬੰਧਿਤ ਸਮਝਿਆ ਜਾਂਦਾ ਸੀ।

ਏਂਟੋਨਿਆਈ ਕਾਲ ਵਿੱਚ, ਜਦੋਂ ਰੋਮਨ ਕਾਨੂੰਨ ਆਪਣਾ ਮੁਕੰਮਲ ਵਿਕਾਸ ਕਰ ਚੁੱਕਿਆ ਸੀ ਅਤੇ ਸਟੋਇਕਵਾਦੀ ਸਿਧਾਂਤ ਸਰਵਅਧਿਕ ਪ੍ਰਭਾਵੀ ਹੋ ਚੁੱਕੇ ਸਨ, ਤਾਂ ਕਾਨੂੰਨੀ ਮਾਹਿਰਾਂ ਨੇ ਰਾਜਨੀਤਕ ਸਿਧਾਂਤਾਂ ਦੇ ਰੂਪ ਵਿੱਚ ਨਹੀਂ, ਬਲਕਿ ਨਿਆਂ ਸ਼ਾਸ਼ਤਰੀ ਦੇ ਰੂਪ ਵਿੱਚ, ਇਹ ਸਿਧਾਂਤ ਸੂਤਰ ਵੱਧ ਕੀਤਾ ਕਿ,

"ਸਾਰੇ ਮਨੁੱਖ ਜਮਾਂਦਰੂ ਸੁਤੰਤਰ ਹੁੰਦੇ ਹਨ।"

ਅਤੇ ਕਿ ਪ੍ਰਕ੍ਰਿਤੀ ਦੇ ਕਾਨੂੰਨ ਪੱਖੋਂ, "ਸਾਰੇ ਮਨੁੱਖ ਬਰਾਬਰ ਹੁੰਦੇ ਹਨ।" ਜਿਸਦਾ ਅੰਤਰੀਵੀ ਅਰਥ ਇਹ ਸੀ ਕਿ ਭਲੇ ਹੀ ਨਾਗਰਿਕ ਕਾਨੂੰਨ ਵਿਚ ਵਰਗ ਭੇਦ ਦੀ ਮਾਨਤਾ ਸੀ, ਪ੍ਰਕਿਰਤੀ ਦੇ ਕਾਨੂੰਨ ਦੇ ਸਨਮੁੱਖ ਸਮੁੱਚੀ ਮਾਨਵ ਜਾਤੀ ਬਰਾਬਰ ਸੀ।

ਰੋਮਨ ਰਾਜ ਵਿਵਸਥਾ ਵਿੱਚ ਸਮਾਜਿਕ ਸਮਝੌਤਾ :

ਜਦੋਂ ਕਿ ਰੋਮਨ ਕਾਨੂੰਨ ਘਾੜਿਆਂ ਨੇ ਨਾਗਰਿਕ ਸਮਾਜ ਦੀ ਉਤਪਤੀ ਦੇ ਤੌਰ ਤੇ ਕਿਸੇ ਸਮਝੌਤੇ ਨੂੰ ਸਵੀਕਾਰ ਨਹੀਂ ਕੀਤਾ ਸੀ ਫਿਰ ਵੀ ਪ੍ਰਵਾਨਤ ਅਧਿਕਾਰਾਂ ਅਤੇ ਫ਼ਰਜ਼ਾਂ ਨੂੰਇੱਕ ਕਲਪਿਤ, ਲੇਕਿਨ ਗੈਰ-ਮੌਜੂਦ ਸਮਝੌਤੇ ਨਾਲ ਸਿੱਧ ਕਰਨ ਦਾ ਇੱਕ ਰੁਝਾਣ ਮੌਜੂਦ ਸੀ।

ਪ੍ਰਭੂਸੱਤਾ ਦੇ ਮਾਮਲੇ ਵਿੱਚ, ਨਾਗਰਿਕ ਕੋਮੇਟਿਆ ਟ੍ਰਿਬਊਰਾ ਵਿੱਚ ਇਕੱਤਰ ਹੋ ਕੇ ਗਣਤੰਤਰ ਦੇ ਸੁਨਹਿਰੀ ਦਿਨਾਂ ਵਿੱਚ, ਸਰਵ ਉੱਚ ਸੱਤਾ ਦੇ ਰੂਪ ਵਿੱਚ ਕੰਮ ਕਰਦੇ ਸਨ।

ਸਾਮਰਾਜ ਦੇ ਅੰਤਰਗਤ, ਪ੍ਰਭੂਸੱਤਾ ਸਮਰਾਟ ਵਿੱਚ ਨਿਹਿਤ ਸੀ, ਅਤੇ ਬਾਦ ਦੇ ਜਿਊਰਸ ਕਨਸਲਟਸ ਦੇ ਅਨੁਸਾਰ, ਲੋਕ ਲੇਕਸ ਰੇਜੀਆ ਦੇ ਅਨੁਸਾਰ, ਸਰਵ ਉੱਚ ਕਮਾਨ ਹਰ ਇੱਕ ਸਮਰਾਟ ਨੂੰ, ਉਸਦੇ ਸਾਸ਼ਨ ਦੇ ਅਰੰਭ ਹੁੰਦੇ ਹੀ, ਸੌਂਪ ਦਿੱਤੀ ਜਾਂਦੀ ਸੀ, ਅਤੇ ਇਸ ਤਰ੍ਹਾਂ ਸਾਸ਼ਨ ਕਰਨ ਅਤੇ ਕਾਨੂੰਨ ਬਣਾਉਣ ਦੇ ਆਪਣੇ ਸਾਰੇ ਅਧਿਕਾਰ ਉਸਦੇ ਹਵਾਲੇ ਕਰ ਦਿੰਦੇ ਸਨ।



Original with;
Dr. Gurdev Singh Sidhu
Digitized by;
Panjab Digital Library

Middle Ages:-

[Thomas Aquinas] Thomas Aquinas:- [1226-1274] is said to be the chief representative of the middle ages political theory. He following Roman jurists, recognized a natural Law, the principles of which have been divinely implanted in human reason, together with positive laws that vary in different States.

He held that the legislative power, the essential attribute of sovereignty should be directed to the common good, and that, for the attainment of this end, it should belong to the multitude or to their representative, the prince. A mixed government of monarch, nobles, and people with the Pope as final authority, seemed to him the best.

Marsilio of Padua:-
[Died 1328] In his 'Defensor Pacis', Marsilio of Padua advocated the doctrine of popular sovereignty, and combated the papal pretension to temporal power that had been based on the False Decretals.

[Idea of contract]

Since men adopted civil life for their mutual advantage, the laws ought to be made by the body of citizens; for laws are not likely to be the best possible, nor to be readily obeyed, unless enacted by those whose interests are directly effected and who know what they need.

[Sovereignty of the people]

He affirmed that the legislative power belongs to the people, and that the legislature should institute the executive, which it may also change or depose.

## Renaissance —— Reformation !!

In renaissance, all departments of knowledge were vitalized and the circumscribed philosophy — having served as a handmaid of theology for a thousand years, rapidly gave place to a new philosophy of Nature and man, more liberal, more profound, and more comprehensive.

Bacon recalled man from metaphysics to nature and actuality.

Philosophy must begin with universal scepticism. But one fact is soon found to be indubitable: the existance of a thinking principle in man. The existance of Consciousness!

[Cartesian Philosophy]

The appeal to subjective conviction, to the authority of the individual, which was so strongly emphasized in the Reformation, thus becomes the very basis of Cartesian Philosophy.

Cartesian = Relating to a French Philosopher René Descartes [1596-1650 A.D.] and his Philosophy.



Original with;
Dr. Gurdev Singh Sidhu
Digitized by;
Panjab Digital Library

ਪੰਨਾ 169 (104)

ਮੱਧ ਯੁੱਗ (ਟਾੱਮਸ ਏਕਿਵਨਾਸ)

ਟਾੱਮਸ ਏਕਿਵਨਾਸ : (1226-1274) ਦੇ ਸਬੰਧੀ ਆਖਿਆ ਜਾਦਾ ਹੈ ਕਿ ਉਹ ਮੱਧ ਯੁੱਗ ਦੇ ਰਾਜਨੀਤਕ ਸਿਧਾਂਤ ਦਾ ਪ੍ਰਮੁੱਖ ਪ੍ਰਵਰਤਕ ਸੀ। ਉਸਨੇ ਰੋਮਨ, ਕਾਨੂੰਨਸਾਜ਼ਾਂ ਦਾ ਅਨੁਸਰਣ ਕਰਦੇ ਹੋਇਆਂ, ਇੱਕ ਪ੍ਰਕਿਰਤਕ ਕਾਨੂੰਨ ਨੂੰ ਮਾਨਤਾ ਦਿੱਤੀ, ਜਿਸਦੇ ਸਿਧਾਂਤ ਮਾਨਵੀ ਵਿਵੇਕ ਵਿੱਚ ਦੈਵੀ ਰੂਪ ਤੋਂ ਸਮੋਏ ਗਏ (ਮੰਨੇ ਗਏ-ਸੰ) ਅਤੇ ਇਸਦੇ ਨਾਲ ਹੀ ਉਸਨੇ ਉਹਨਾਂ ਪ੍ਰਤੱਖ ਕਾਨੂੰਨਾਂ ਨੂੰ ਵੀ ਮਾਨਤਾ ਦਿੱਤੀ, ਜੋ ਵੱਖ ਵੱਖ ਰਾਜਾਂ ਵਿੱਚ ਭਿੰਨ ਭਿੰਨ ਹੋਇਆ ਕਰਦੇ ਸਨ।

ਉਸਦਾ ਕਹਿਣਾ ਸੀ ਕਿ ਕਾਨੂੰਨ ਬਣਾਉਣ ਵਾਲੀ ਸੱਤਾ, ਜੋ ਕਿ ਪ੍ਰਭੂਸੱਤਾ ਦੀ ਲਾਜ਼ਮੀ ਖਾਸੀਅਤ ਹੁੰਦੀ ਹੈ, ਆਮ ਕਲਿਆਣ ਦੀ ਦਿਸ਼ਾ ਵਿੱਚ ਨਿਰਦੇਸ਼ਤ ਹੋਣੀ ਚਾਹੀਦੀ ਹੈ, ਅਤੇ ਕਿ ਉਸ ਉਦੇਸ਼ ਦੀ ਪ੍ਰਾਪਤੀ ਵਾਸਤੇ, ਇਸਨੂੰ ਬਹੁਗਿਣਤੀ ਸੰਖਿਆ ਲੋਕਾਂ ਜਾਂ ਉਹਨਾਂ ਦੇ ਨੁਮਾਇੰਦੇ, ਰਾਜਾਂ ਨਾਲ ਜੁੜੀ ਹੋਣੀ ਚਾਹੀਦੀ ਹੈ। ਉਸਨੂੰ ਰਾਜਾਂ, ਕੁਲੀਨਾਂ ਅਤੇ ਲੋਕਾਂ ਦੀ ਮਿਲੀ ਜੁਲੀ ਸਰਕਾਰ ਸਭ ਤੋਂ ਵਧੀਆ ਲੱਗਦੀ ਸੀ ਜਿਸ ਵਿੱਚ ਸਰਵ ਉੱਚ ਸੱਤਾ ਦੇ ਰੂਪ ਵਿੱਚ ਪੋਪ (ਮੁੱਖ ਪਾਦਰੀ) ਹੋਵੇ।

ਪਾਦੂਆ ਦਾ ਮਾਰਸਿਲੀਓ

(1328 ਮੌਤ)

ਸਮਝੌਤੇ ਦੀ ਧਾਰਣਾ

ਆਪਣੀ ਰਚਨਾ 'ਡਿਫੇਂਸਰ ਪੈਸਿਜ' ਵਿੱਚ ਪਾਦੂਆ ਦੇ ਮਾਰਸਿਲੀਓ ਨੇ ਲੋਕ-ਆਧਾਰਿਤ ਪ੍ਰਭੂਸੱਤਾ ਦੇ ਸਿਧਾਂਤ ਦੀ ਵਕਾਲਤ ਕੀਤੀ, ਅਤੇ ਲੌਕਿਕ ਸੱਤਾ ਦੇ ਪ੍ਰਤੀ ਉਹਨਾਂ ਪੋਪਵਾਦੀ ਪਾਖੰਡਾਂ ਦਾ ਵਿਰੋਧ ਕੀਤਾ, ਜੋ ਫਾਲਸੋ ਡਿਕ੍ਰਿਟਲਸ ਉੱਪਰ ਆਧਾਰਤ ਸਨ। (ਲੋਕਾਂ ਦੀ ਖੁਦਮੁਖਤਿਆਰੀ)

ਕਿਉਂਕਿ ਮਨੁੱਖ ਦੇ ਨਾਗਰਿਕ ਜੀਵਨ ਆਪਣੇ ਆਪਸੀ ਹਿੱਤ ਦੇ ਵਾਸਤੇ ਅਪਣਾਇਆ ਇਸ ਲਈ ਕਾਨੂੰਨ ਵੀ ਨਾਗਰਿਕਾਂ ਦੇ ਸੰਗਠਨ ਵੱਲੋਂ ਹੀ ਬਣਾਇਆ ਜਾਣਾ ਚਾਹੀਦਾ ਹੈ, ਕਾਨੂੰਨ ਜਦੋਂ ਤੱਕ ਉਹਨਾਂ ਲੋਕਾਂ ਵੱਲੋਂ ਨਹੀਂ ਬਣਾਏ ਜਾਂਦੇ, ਜਿਹਨਾਂ ਦੇ ਹਿੱਤ ਇਹਨਾਂ ਤੋਂ ਸਿੱਧੇ ਪ੍ਰਭਾਵਤ ਹੁੰਦੇ ਹਨ ਅਤੇ ਜਿਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦੀਆਂ ਲੋੜਾਂ ਕੀ ਹਨ, ਉਦੋਂ ਤੱਕ ਨਾ ਤਾਂ ਉਹ ਸਰਵੋਤਮ ਆਖੇ ਜਾ ਸਕਦੇ ਹਨ ਅਤੇ ਨਾ ਹੀ ਉਹਨਾਂ ਦਾ ਤਤਪਰਤਾ ਨਾਲ ਪਾਲਣ ਕੀਤਾ ਜਾ ਸਕਦਾ ਹੈ।

ਉਸਨੇ ਦਾਅਵੇ ਦੇ ਨਾਲ ਕਿਹਾ ਕਿ ਕਾਨੂੰਨ ਬਣਾਉਣ ਵਾਲੀ ਸੱਤਾ ਲੋਕਾਂ ਵਿੱਚ ਵਿਦਮਾਨ (ਨਿਹਿਤ) ਹੁੰਦੀ ਹੈ, ਅਤੇ ਵਿਧਾਇਕਾ (ਕਾਨੂੰਨ ਘੜਨੀ) ਦਾ ਕੰਮ ਕਾਰਜਪਾਲਿਕਾ ਦਾ ਗਠਨ ਕਰਨਾ ਹੈ, ਪਰੰਤੂਉਹ ਉਸਨੂੰ ਵੀ ਬਦਲ ਜਾਂ ਰੱਦ ਕਰ ਸਕਦੇ ਹਨ।

ਪੁਨੱਰਜਾਗਰਣ ਸੁਧਾਰ !!

ਪੁੱਨਰਜਾਗਰਣ ਵਿੱਚ, ਗਿਆਨ ਦੇ ਸਾਰੇ ਖੇਤਰ ਜਾਗਰੂਕ ਹੋ ਉੱਠੇ ਅਤੇ ਜੋ ਲਕੀਰ ਦਾ ਫ਼ਕੀਰ ਦਰਸ਼ਨ ਹਜ਼ਾਰਾਂ ਵਰ੍ਹਿਆਂ ਤੋਂ ਧਰਮ ਸ਼ਾਸ਼ਤਰ ਦੀ ਚਾਕਰੀ (ਗੋਲਪੁਣਾ) ਕਰਦਾ ਆ ਰਿਹਾ ਸੀ ਹੁਣ ਉਸਦੀ ਥਾਂ ਪ੍ਰਕ੍ਰਿਤੀ ਅਤੇ ਮਨੁੱਖ ਦੇ ਇੱਕ ਨਵੇਂ ਦਰਸ਼ਨ ਨੇ ਲੈ ਲਈ, ਜੋ ਵੱਧ ਉਦਾਰ, ਵੱਧ ਗਹਿਰਾ ਅਤੇ ਵੱਧ ਬੋਧਗਾਮੀ ਸੀ।

ਬੇਕਨ ਨੇ ਮਨੁੱਖ ਅਧਿਭੂਤਵਾਦ (ਸਵਾਮੀਵਾਦ) ਤੋਂ ਪ੍ਰਕ੍ਰਿਤੀ ਅਤੇ ਯਥਾਰਥ ਵੱਲੀਂ ਮੁੜਨ ਦੀ ਅਪੀਲ ਕੀਤੀ।

ਦਰਸ਼ਨ (ਫਿਲਾਸਫੀ) ਦਾ ਆਰੰਭ ਨਿਸ਼ਚੇ ਹੀ ਸਰਵਭੌਮਿਕ ਸੰਦੇਹਵਾਦ ਤੋਂ ਹੋਣਾ ਚਾਹੀਦਾ ਹੈ। ਲੇਕਿਨ ਛੇਤੀ ਹੀ ਇਹ ਤੱਥ ਸੰਦੇਹ ਮੁਕਤ ਵੇਖਿਆ ਜਾਂਦਾ ਹੈ : ਮਨੁੱਖ ਵਿੱਚ ਚਿੰਤਨਸ਼ੀਲ ਸਿਧਾਂਤ ਦਾ ਅਸਤਿੱਤਵ। ਚੇਤਨਾ ਦਾ ਅਸਤਿ !

ਕਾਰਤਾਵਾਦੀ ਦਰਸ਼ਨ

ਸੁਧਾਰਾਂ ਦੇ ਯੁੱਗ ਵਿੱਚ ਆਤਮਗਤ ਸੱਚਾਈ ਉੱਤੇ ਵਿਸ਼ਵਾਸ਼ ਅਤੇ ਵਿਅਕਤੀ ਦੀ ਸੱਤਾ ਦਾ ਜਿਸ ਜ਼ੋਰ ਸ਼ੋਰ ਦੇ ਨਾਲ ਸਵਾਗਤ ਕੀਤਾ ਗਿਆ ਉਹ ਹੀ ਕਾਰਤਾਵਾਦੀ ਦਰਸ਼ਨ ਦਾ ਆਧਾਰ ਬਣਿਆ।

ਕਾਰਤਾਵਾਦੀ ਫਰਾਂਸੀਸੀ ਦਾਰਸ਼ਨਿਕ ਰੇਨੇ ਦਾ ਕਾਰਤ (1596-1650) ਅਤੇ ਉਸਦੇ ਦਰਸ਼ਨ ਨਾਲ ਸੰਬੰਧਿਤ।



Original with;
Dr. Gurdev Singh Sidhu
Digitized by;
Panjab Digital Library

**New Period:-** After Reformation the Papal authority having been shaken a wave of freedom swept [minds of] both the rulers and the people. But there was confusion. To settle new situation great many thinkers began meditate over the question of State. Different schools grew up.

170

**Machiavelli:-** Machiavelli — the famous Italian political thinker thought the Republican form of Govt. to be the best one, but ~~[illegible]~~ doubting the stability of such a form of Govt. he inculcated maxims of securing a strong princely rule and hence he wrote '<u>The Prince</u>'.

His advocacy of <u>centralized Govt.</u> has greatly affected political theory and practice in Europe.

Machiavelli was perhaps the first writer who treated 'Politics' from a purely secular point of view.

**Other Thinkers:-**

[Pact or Contract]

Majority of other favoured the theory of pact or contract. [In Roman Law a <u>pact</u> ~~[illegible]~~ was the product of an agreement among individuals, and fell short of a <u>contract</u>, which was a <u>pact</u> plus an obligation]

There were two different sorts of these thinkers. The first one expounded the theory based on the Hebrew idea of covenant between God and man supplemented by the Roman idea of contract. It postulated a tacit contract between the government and the people.

The second or modern form, relates to the institution of political society by means of a compact among individuals. Prominent thinkers of this school were <u>Hooker</u>, <u>Hobbes</u>, <u>Locke</u> and <u>Rousseau</u>.

**Defenders of Popular liberty:-**

[Huguenot]

1. The <u>Vindiciae Contra Tyrannos</u> (1579), ascribed to <u>Huguenot Languet</u>, contended that kings derive their power from the people's will, and that if a king violates the compact to observe the laws which he and the people promise conjointly at the institution of royalty, the <u>latter are absolved from allegiance</u>.

[Buchanan]

2. Buchanan also held that the king and people are mutually bound by a pact, and that its violation by the former entails forfeiture of his right.



Original with;
Gurdev Singh Sidhu
Digitized by;

ਪੰਨਾ 170 (105)

ਨਵਾਂ ਯੁੱਗ

ਸੁਧਾਰ ਕਾਲ ਦੇ ਬਾਦ, ਪੋਪ ਦੀ ਸੱਤਾ ਡਗਮੱਗਾ ਗਈ, ਅਤੇ ਸਾਸ਼ਨ ਤੇ ਜਨਤਾ (ਲੋਕੀਂ) ਦੋਨਾਂ ਦੇ ਦਿਮਾਗ ਆਜ਼ਾਦੀ ਦੀ ਲਹਿਰ ਵਿੱਚ ਰੰਗੇ ਜਾਣ ਲੱਗੇ। ਲੇਕਿਨ ਇੱਕ ਭੰਬਲ ਭੂਸੇ ਦੀ ਸਥਿਤੀ ਵੀ ਪੈਦਾ ਹੋ ਗਈ। ਇਸ ਨਵੀਂ ਸਥਿਤੀ ਨਾਲ ਨਜਿੱਠਣ ਦੇ ਵਾਸਤੇ ਬਥੇਰੇ ਚਿੰਤਕਾਂ ਨੇ ਰਾਜ ਦੇ ਸਵਾਲ ਬਾਰੇ ਸੋਚਣਾ ਆਰੰਭ ਕਰ ਦਿੱਤਾ। ਚਿੰਤਨ ਦੀਆਂ ਵਿਭਿੰਨ ਸ਼ਾਖਾਵਾਂ ਉੱਠ ਖੜ੍ਹੀਆਂ ਹੋਈਆਂ।

ਮੈਕਿਆਵੇਲੀ :

ਮੈਕਿਆਵੇਲੀ - ਇਸ ਮਸ਼ਹੂਰ ਇਤਾਲਵੀ ਵਿਚਾਰਕ ਨੇ ਸਰਕਾਰ ਦੇ ਗਣਤੰਤਰਿਕ ਸਰੂਪ ਨੂੰ ਸਰਵੋਤਮ ਮੰਨਿਆ, ਪਰੰਤੂਸਰਕਾਰ ਦੇ ਇਸ ਰੂਪ ਦੇ ਸਥਾਈਪਣ ਬਾਰੇ ਸੰਦੇਹ ਹੋਣ ਦੇ ਕਾਰਣ, ਉਸਨੇ ਇੱਕ ਸ਼ਕਤੀਸ਼ਾਲੀ ਰਾਜ ਤੰਤਰਾਤਮਕ ਸਾਸ਼ਨ ਨੂੰ ਸੁਰੱਖਿਅਤ ਰੱਖਣ ਦੇ ਸਿਧਾਂਤ ਦਾ ਵੀ ਨਿਰੂਪਣ ਕੀਤਾ ਅਤੇ ਏਸੇ ਨਾਤੇ ਉਸਨੇ 'ਦਾ ਪ੍ਰਿੰਸ' ਦੀ ਰਚਨਾ ਕੀਤੀ।

ਇਕ ਕੇਂਦਰਕ੍ਰਿਤ ਸਰਕਾਰ ਦੀ ਉਸਦੀ ਹਿਮਾਇਤ ਦਾ ਯੂਰਪ ਦੇ ਰਾਜਨੀਤਕ ਸਿਧਾਂਤ ਅਤੇ ਵਿਵਹਾਰ ਉੱਤੇ ਭਾਰੀ ਪ੍ਰਭਾਵ ਪਿਆ।

ਮੈਕਿਆਵਲੀ ਸੰਭਾਵਤ ਪਹਿਲਾ ਲੇਖਕ ਸੀ ਜਿਸਨੇ ਇੱਕ ਦਮ ਧਰਮ ਨਿਰਪੱਖ ਦ੍ਰਿਸ਼ਟੀਕੋਣ "ਰਾਜਨੀਤੀ" ਬਾਰੇ ਵਿਚਾਰ ਕੀਤਾ।

ਹੋਰ ਵਿਚਾਰਕ

ਇਕਰਾਰ ਅਤੇ ਸਮਝੌਤਾ

ਹੋਰ ਵਿਚਾਰਕਾਂ ਵਿੱਚੋਂ ਜ਼ਿਆਦਾਤਰ ਨੇ ਇਕਰਾਰ ਜਾਂ ਸਮਝੌਤੇ ਦੇ ਸਿਧਾਂਤ ਦਾ ਸਮਰਥਨ ਕੀਤਾ। ਰੋਮਨ ਕਾਨੂੰਨ ਵਿੱਚ (ਇਕਰਾਰ) ਵਿਅਕਤੀਆਂ ਦੇ ਵਿੱਚ ਇੱਕ ਸਹਿਮਤੀ ਦਾ ਸਿੱਟਾ ਹੋਇਆ ਕਰਦਾ ਸੀ ਅਤੇ ਇਸਦਾ ਘੇਰਾ ਸਮਝੌਤੇ ਨਾਲੋਂ ਛੋਟਾ ਹੋਇਆ ਕਰਦਾ ਸੀ। ਜਦੋਂ ਕਿ ਸਮਝੌਤਾ ਇਕਰਾਰ (ਜਾਂ ਇਕਰਾਰ ਨਾਮਾ) ਦੇ ਨਾਲ ਨਾਲ ਇੱਕ ਲਾਜ਼ਮੀ ਫਰਜ਼ ਵੀ ਹੁੰਦਾ ਸੀ।

ਅਜਿਹੇ ਵਿਚਾਰਕਾਂ ਦੇ ਦੋ ਵੱਖ-ਵੱਖ ਸੰਪ੍ਰਦਾਇ ਸਨ। ਪਹਿਲੀ ਕਿਸਮ ਦਾ ਸੰਪ੍ਰਦਾਇ ਈਸ਼ਵਰ (ਰੱਬ) ਅਤੇ ਮਨੁੱਖ ਦੇ ਵਿਚਕਾਰ ਇਕਰਾਰ ਦੀ ਯਹੂਦੀ ਧਾਰਨਾ ਉੱਪਰ ਆਧਾਰਿਤ ਸਿਧਾਂਤ ਦਾ ਪ੍ਰਤੀਪਾਦਨ ਕਰਦਾ ਸੀ, ਜੋ ਸਮਝੌਤੇ ਦੀ ਰੋਮਨ ਧਾਰਨਾ ਨਾਲ ਸਮਰੂਪਿਤ ਸੀ। ਇਹ ਸਰਕਾਰ ਅਤੇ ਲੋਕਾਂ ਦੇ ਵਿੱਚ ਇੱਕ ਅਣਲਿਖਤ ਸਮਝੌਤੇ ਦਾ ਪ੍ਰਤੀਪਾਦਨ ਕਰਦਾ ਸੀ।

ਦੂਜਾ ਜਾਂ ਆਧੁਨਿਕ ਕਿਸਮ ਦਾ ਸੰਪ੍ਰਦਾਇ ਵਿਅਕਤੀਆਂ ਦੇ ਵਿਚਕਾਰ ਇੱਕ ਇਕਰਾਰ ਦੇ ਜ਼ਰੀਏ ਰਾਜਨੀਤਕ ਸਮਾਜ ਦੀ ਸੰਸਥਾਵੱਧਤਾ (ਸੰਗਠਨ) ਨਾਲ ਸਬੰਧਤ ਹੈ। ਚਿੰਤਨ ਦੀ ਇਸ ਸ਼ਾਖਾ ਦੇ ਪ੍ਰਮੁੱਖ ਵਿਚਾਰਕ ਹੂਕਰੇ, ਹੌਬਸ, ਲਾਕ ਅਤੇ ਰੂਸੋ ਹੋਏ ਹਨ।

ਲੋਕ-ਸੁਤੰਤਰਤਾ ਦੇ ਹਿਮਾਇਤੀ

ਹਊਜ਼ਿਨਾਤ

1. ਵਿਡਿਸਿਏ ਕੋਂਟਾ ਟਾਇਰੈਂਨਸ (1576) ਹਊਜ਼ਿਨਾਤ ਲੈਂਗੁਏਤ ਦੀ ਰਚਨਾ ਇਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਦੀ ਇੱਛਾ ਤੋਂ ਪ੍ਰਾਪਤ ਕਰੇ, ਅਤੇ ਕਿ ਜੇ ਰਾਜਾ ਕਾਨੂੰਨਾਂ ਦੇ ਪਰਿਪਾਲਣ ਵਿੱਚ ਉਸ ਇਕਰਾਰ ਨੂੰ ਭੰਗ ਕਰੇ ਜੋ ਉਸਦੇ ਅਤੇ ਲੋਕਾਂ ਦੇ ਵਿੱਚ ਸੰਯੁਕਤ ਤੌਰ ਤੇ ਰਾਜਸ਼ਾਹੀ ਦੀ ਸਥਾਪਨਾ ਦੇ ਸਮੇਂ ਕੀਤਾ ਗਿਆ ਹੁੰਦਾ ਹੈ, ਤਾਂ ਲੋਕੀਂ ਵੀ ਰਾਜ ਪ੍ਰਤੀ ਵਫਾਦਾਰੀ ਤੋਂ ਸੁਤੰਤਰ ਹੋ ਜਾਣਗੇ।

ਬੁਕਾਨਨ :

2. ਬੁਕਾਨਨ ਦਾ ਵੀ ਇਹੋ ਹੀ ਕਹਿਣਾ ਸੀ ਕਿ ਰਾਜਾ ਅਤੇ ਜਨਤਾ (ਲੋਕੀਂ) ਇੱਕ ਪੈਕਟ (ਸਮਝੌਤੇ) ਦੇ ਤਹਿਤ ਵਚਨਬੱਧ ਹੁੰਦੇ ਹਨ ਅਤੇ ਕਿ ਜੇ ਰਾਜਾ ਇਸਨੂੰ ਭੰਗ ਕਰ ਦੇਵੇ, ਤਾਂ ਉਹ ਆਪਣੇ ਅਧਿਕਾਰ ਵੀ ਗੰਵਾ ਦਿੰਦਾ ਹੈ।



Original with;
Dr. Gurdev Singh Sidhu
Digitized by;
Panjab Digital Library

...its:— | Even the Jesuits Bellarmine and Mariana argued that kings derive their authority from the people, but they are subject to Pope.

[King James I] (1609) | James I admitted this theory in a speech to Parliament in 1609, saying that "every ~~thing~~ just king in a settled kingdom is bound to observe that paction made to his people by his laws, in framing his government agreeable thereunto."

[Convention Parliament] 1688 | Convention Parliament declared in 1688 that James II, 'having endeavoured to subvert the constitution by breaking the original contract between the king and people', had rendered the throne vacant.

**Bodin**:— 'The first comprehensive political philosopher of modern times', Bodin,

1586 | author of the 'Republic' [1577 and 1586] says that 'force and not a contract is the origin of a commonwealth.' Primitive patriarchal governments were overthrown by conquest, and natural liberty was thus lost.

In his opinion 'Sovereignty was the supreme power over citizens.' He regarded 'sovereignty' as independent, indivisible, perpetual, inalienable, and absolute power. He confused his idea of sovereignty with the then existing kingship.

**Althusius**:— [1557–1638] | He is notable for clearly asserting that sovereignty resides in the people alone, kings being only their magistrates or administrators; and that the sovereign rights of the community are inalienable.

**Grotius**:— [1625] | In his work, 'De Jure Belli et Pacis' [1625], Grotius ~~adopts~~ holds that man has a strong desire for a peaceable and ordered society, but he inculcates the theory of non-resistance and denies that the people are always and everywhere sovereign, or that all government is established for the sake of the governed. Sovereignty arises either from conquest or from consent; but he lays emphasis on the idea that sovereignty, the indivisible power

**Hooker**:— He in his ~~Ecclesi~~ "Ecclesiastical Polity" Book I [1592–3] postulates an original state of nature in which all men were equal and subject to no law. Desire for a life suitable to man's dignity and aversion to solitude, impelled them to unite in 'politic societies'. 'Natural inclination' and an order expressly or secretly agreed upon touching the manner of their union in living together, were the two foundations of the present 'politic Societies'. It is the latter that we call 'the laws of a commonweal'.



Original with;
Dr. Gurdev Singh Sidhu
Digitized by;
Panjab Digital Library

ਪੰਨਾ 171 (106)

ਜੇਸੂਇਟ:

3. ਇੱਥੋਂ ਤੱਕ ਕਿ ਜੇਸੂਇਟ ਬੇਲਾਰਮਿਕ ਅਤੇ ਮਾਰਏਨਾ ਦੀ ਵੀ ਇਹੋ ਹੀ ਦਲੀਲ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਤੋਂ ਹਾਸਿਲ ਕਰੇ, ਪਰੰਤੂ ਪੋਪ ਦੇ ਅਧੀਨ ਰਹੇ।

ਰਾਜਾ ਜੇਮਜ਼ ਪਹਿਲਾਂ (1609): ਜੇਮਜ਼ ਪਹਿਲੇ ਨੇ ਇਸ ਸਿਧਾਂਤ ਨੂੰ, 1609 ਵਿੱਚ, ਸੰਸਦ ਅੰਦਰ ਇੱਕ ਭਾਸ਼ਣ ਦਿੰਦਿਆਂ ਇਹ ਆਖਕੇ ਸਵੀਕਾਰ ਕੀਤਾ ਕਿ, "ਇੱਕ ਸਥਾਪਤ ਰਾਜ ਦਾ ਹਰ ਇੱਕ ਇਨਸਾਫ਼ ਪਸੰਦ ਰਾਜਾ ਇਹ ਵੇਖਣ ਲਈ ਵਚਨਬੱਧ ਹੈ (ਜ਼ਿੰਮੇਵਾਰ ਹੈ) ਕਿ ਉਸਦੀ ਸਰਕਾਰ ਦੇ ਗਠਨ ਵਿੱਚ, ਲੋਕਾਂ ਦੇ ਨਾਲ ਉਸਦੇ ਕਾਨੂੰਨਾਂ ਦੇ ਤਹਿਤ ਜੋ ਪੈਕਟ (ਸਮਝੌਤਾ) ਕੀਤਾ ਜਾਦਾ ਹੈ, ਉਹ ਲੋਕਾਂ ਨੂੰ ਮਨਜ਼ੂਰ ਵੀ ਹੋਵੇ।"

ਕਨਵੈਨਸ਼ਨ ਪਾਰਲੀਆਮੈਂਟ (1688): ਕਨਵੈਨਸ਼ਨ ਪਾਰਲੀਆਮੈਂਟ ਨੇ 1688 ਵਿੱਚ ਘੋਸ਼ਣਾ ਕੀਤੀ ਕਿ ਜੇਮਜ਼ ਦੂਜਾ ਨੂੰ ਰਾਜਾ ਅਤੇ ਜਨਤਾ ਦੇ ਵਿਚਕਾਰ ਮੂਲ ਸਮਝੌਤੇ ਨੂੰ ਤੋੜਕੇ ਸੰਵਿਧਾਨ ਨੂੰ ਉਲਟਣ ਦੀ ਕੋਸ਼ਿਸ਼ ਕਰਨ ਦੇ ਕਾਰਣ ਸਿੰਘਾਸਨ ਖਾਲੀ ਕਰ ਦੇਣਾ ਪਿਆ।

ਬੌਦੇ (1586): ਆਧੁਨਿਕ ਕਾਲ ਦੇ ਪਹਿਲੇ ਸੰਪੂਰਣ ਰਾਜਨੀਤਕ ਦਾਰਸ਼ਨਿਕ ਅਤੇ 'ਰਿਪਬਲਿਕ' (1577 ਅਤੇ 1586) ਦੇ ਲੇਖਕ ਬੌਦਿਨ ਦਾ ਕਹਿਣਾ ਹੈ ਕਿ "ਸਮਝੌਤਾ ਨਹੀਂ ਬਲਕਿ ਤਾਕਤ ਤੋਂ ਗਣਰਾਜ ਦੀ ਉਤਪਤੀ ਹੋਈ ਹੈ।" ਆਦਿ ਕਾਲੀਨ ਪਿੱਤਰ ਸੱਤਾਤਮਕ ਸਰਕਾਰਾਂ ਨੂੰ ਜਿੱਤਕੇ ਜੜ੍ਹੋਂ ਪੁੱਟ ਸੁੱਟਿਆ ਗਿਆ, ਅਤੇ ਇਸ ਤਰ੍ਹਾਂ, ਪ੍ਰਕ੍ਰਿਤਕਿ (ਸੁਭਾਵਿਕ) ਸੁਤੰਤਰਤਾ ਦਾ ਅੰਤ ਹੋ ਗਿਆ।

ਉਸਦੇ ਵਿਚਾਰ ਤੋਂ, "ਪ੍ਰਭੁਸੱਤਾ ਨਾਗਰਿਕਾਂ ਦੇ ਉੱਤੇ ਸਰਵੋਉੱਚ ਸੱਤਾ ਹੈ।" ਉਹ ਮੰਨਦਾ ਸੀ ਕਿ, "ਪ੍ਰਭੁਸੱਤਾ ਸੁਤੰਤਰ, ਅਖੰਡ, ਸਥਾਈ, ਅਬਦਲ ਅਤੇ ਨਿਰਪੱਖ ਸੱਤਾ ਹੈ।" ਉਸਨੇ ਪ੍ਰਭੁਸੱਤਾ ਦੀ ਆਪਣੀ ਧਾਰਨਾ ਅਤੇ ਉਸ ਸਮੇਂ ਦੀ ਮੌਜੂਦ ਰਾਜਸ਼ਾਹੀ ਦੇ ਵਿਚਕਾਰ ਘਾਲਮੇਲ ਕਰ ਦਿੱਤਾ।

ਅਲਥੂਸੀਅਸ (1557–1638): ਉਹ ਸਪੱਸ਼ਟ ਰੂਪ ਵਿੱਚ ਆਖਣ ਦੇ ਵਾਸਤੇ ਜਾਣਿਆ ਜਾਂਦਾ ਹੈ ਕਿ ਪ੍ਰਭੁਸੱਤਾ ਇੱਕ ਮਾਤਰ ਲੋਕਾਂ ਵਿੱਚ ਹੀ ਨਿਹਿਤ ਹੁੰਦੀ ਹੈ। ਰਾਜਾ ਸਿਰਫ ਉਸਦਾ ਮੈਜਿਸਟਰੇਟ ਜਾਂ ਪ੍ਰਸ਼ਾਸ਼ਨ ਭਰ ਹੁੰਦਾ ਹੈ, ਅਤੇ ਕਿ ਸਮੁਦਾਇ ਦਾ ਪ੍ਰਭੁਸੱਤਾ ਦਾ ਅਧਿਕਾਰ ਅਬਦਲ ਹੁੰਦਾ ਹੈ।

ਗ੍ਰੋਟਿਅਸ (1625): ਆਪਣੀ ਰਚਨਾ "ਡੀ ਜਊਰੇ ਬੇਲੀ ਈਟ ਪੇਰਿਸ" (1628) ਵਿੱਚ ਗ੍ਰੋਸ਼ੀਅਸ ਕਹਿੰਦਾ ਹੈ ਕਿ ਮਨੁੱਖ ਦੇ ਅੰਦਰ ਇੱਕ ਸ਼ਾਂਤੀਪ੍ਰਿਯ ਅਤੇ ਵਿਵਸਥਤ ਸਮਾਜ ਦੀ ਪ੍ਰਬਲ ਇੱਛਾ ਹੁੰਦੀ ਹੈ। ਲੇਕਿਨ ਉਹ ਅ-ਪ੍ਰਤੀਰੋਧ ਦਾ ਸਿਧਾਂਤ ਵਿਕਸਤ ਕਰਦਾ ਹੈ ਅਤੇ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਲੋਕ ਹਮੇਸ਼ਾ ਅਤੇ ਹਰ ਜਗ੍ਹਾ ਪ੍ਰਭੁਸੱਤਾ ਸੰਪਨ ਹੁੰਦੇ ਹਨ ਜਾਂ ਇਹ ਕਿ ਸਾਰੀਆਂ ਸਰਕਾਰਾਂ ਸਾਸ਼ਿਤਾਂ ਦੇ ਵਾਸਤੇ ਗਠਿਤ ਹੁੰਦੀਆਂ ਹਨ। ਪ੍ਰਭੁਸੱਤਾ ਜਾਂ ਤਾਂ ਜਿੱਤ ਨਾਲ ਮਿਲਦੀ ਹੈ ਜਾਂ ਸਹਿਮਤੀ ਨਾਲ ਪਰੰਤੂ ਉਹ ਇਸ ਧਾਰਨਾਂ ਉਤੇ ਜ਼ੋਰ ਦਿੰਦਾ ਹੈ ਕਿ ਪ੍ਰਭੁਸੱਤਾ ਅਵੰਡ ਸੱਤਾ ਹੈ।

ਹੂਕਰ: ਉਹ ਆਪਣੀ ਰਚਨਾ "ਇੰਟਰਨੈਸ਼ਨਲ ਪਾਲਿਟੀ" – ਖੰਡ I (1592–93) ਵਿੱਚ ਪ੍ਰਕਿਰਤੀ ਦੀ ਇੱਕ ਅਜਿਹੀ ਮੌਲਿਕ ਦਸ਼ਾ ਨੂੰ ਸਵੀਕਾਰ ਕਰਦਾ ਹੈ ਜਿਸ ਵਿੱਚ ਸਾਰੇ ਮਨੁੱਖ ਬਰਾਬਰ ਸਨ ਅਤੇ ਕਿਸੇ ਵੀ ਕਾਨੂੰਨ ਦੇ ਮੁਤੈਹਤ ਨਹੀਂ ਸਨ। ਮਨੁੱਖੀ ਗੌਰਵ ਦੇ ਅਨੁਕੂਲ ਜੀਵਨ ਦੀ ਇੱਛਾ ਅਤੇ ਇਕੱਲਾਪਣ ਦੇ ਪ੍ਰਤੀ ਅਰੁੱਚੀ ਨੇ ਉਹਨਾਂ ਨੂੰ 'ਰਾਜਨੀਤਕ ਸਮਾਜਾਂ' ਵਿੱਚ ਇੱਕਜੁੱਟ ਹੋਣ ਵਾਸਤੇ ਪ੍ਰੇਰਿਤ ਕੀਤਾ। 'ਪ੍ਰਕ੍ਰਿਤਕ ਰੁਝਾਣ' ਅਤੇ ਇਕੱਠੇ ਜੀਵਨ ਜਿਉਣ (ਗੁਜ਼ਾਰਨ) ਦੀ ਉਹਨਾਂ ਦੀ ਇਕਵੱਧਤਾ ਦੇ ਤੌਰ ਤਰੀਕਿਆਂ ਬਾਰੇ ਪ੍ਰਤੱਖ ਜਾਂ ਗੁਪਤ ਸਹਿਮਤੀ ਨਾਲ ਚੱਲਣ ਵਾਲੀ ਵਿਵਸਥਾ ਹੀ ਵਰਤਮਾਨ 'ਰਾਜਨੀਤਕ ਸਮਾਜਾਂ' ਦੇ ਦੋ ਬੁਨਿਆਦੀ ਆਧਾਰ ਬਣੇ। ਇਹਨਾਂ ਵਿੱਚੋਂ ਦੂਜੇ ਆਧਾਰ ਨੂੰ ਹੀ ਅਸੀਂ 'ਜਨ ਹਿੱਤ ਦੇ ਕਾਨੂੰਨ' ਆਖਦੇ ਹਾਂ।



Original with;
Dr. Gurdev Singh Sidhu
Digitized by;
Panjab Digital Library

Origin of State | To take away all mutual grievances, injuries and wrongs, the only way was to ordain some kind of government, or common judge: he admitted with Aristotle that the origin of government was in Kingship. But he says, 'Laws not only teach what is good, but also have a constraining force, derived from the consent of the governed, expressed either personally or through representatives.'

Sovereignty & legislative power entail the Executive as well

"Laws human of what kind soever, are available [i.e. valid] by consent."

"Laws they are not which public approbation hath not made so."

"Sovereignty of the people":— Thus he clearly affirmed that sovereignty or legislative power, resides ultimately in the people.

1620:— Famous Declaration of the "Pilgrim Fathers" on board the 'Mayflower' (1620), "We do solemnly and mutually in the Presence of God and of one another covenant and combine ourselves together into a civil Body Politic.

1647:— The Agreement of the People of England (another famous Puritan document, which emanated from the army of the Parliament) [1647] also indicates the same tendency of mind.

Milton:— (1649) In his 'Tenure of Kings and Magistrates' (1649) he also propounds similar principles. He affirms that 'all men naturally were born free,' they 'agreed by common league to bind each other from mutual injury and jointly to defend themselves against any that gave disturbance or opposition to such agreement. Hence came towns, cities and commonwealths.' 'This authority' and power of self-defence and preservation being originally and naturally in every one of them and unitedly in all, was vested in kings and magistrates as deputies and commissioners.'

Sovereignty of the People

The Power of kings and magistrates is nothing else but what is only derivative, transferred, and committed to them in trust from the people to the Common good of all, in whom the power yet remains fundamentally and cannot be taken from them without a violation of their natural birth-right: Hence nations may choose or depose kings, merely by the right and liberty of free born men to be governed as seems them best.'



Original with;
Dr. Gurdev Singh Sidhu
Digitized by;
Panjab Digital Library

ਪੰਨਾ 172 (107)

ਰਾਜ ਦੀ ਉਤਪਤੀ

ਪ੍ਰਭੂਸੱਤਾ: ਕਾਨੂੰਨ ਸੱਤਾ ਦਾ ਕਾਰਜਪਾਲਕਾ ਉੱਤੇ ਵੀ ਕੰਟਰੋਲ

'ਸਾਰੀਆਂ ਆਪਸੀ ਸ਼ਿਕਾਇਤਾਂ, ਨੁਕਸਾਨਾਂ ਅਤੇ ਗਲਤੀਆਂ ਨੂੰ ਦੂਰ ਕਰਨ ਦੇ ਵਾਸਤੇ ਇੱਕ ਮਾਤਰ ਤਰੀਕਾ ਕਿਸੇ ਕਿਸਮ ਦੀ ਸਰਕਾਰ, ਜਾਂ ਸਰਵ ਪ੍ਰਵਾਨਤ ਨਿਆਂ ਕਰਤਾ ਦੀ ਵਿਵਸਥਾ ਕਰਨਾ ਹੀ ਸੀ।'

ਉਹ ਇਸ ਗੱਲ ਤੇ ਅਰਸਤੂਨਾਲ ਸਹਿਮਤ ਸੀ ਕਿ ਸਰਕਾਰ ਦੀ ਉਤਪਤੀ ਰਾਜਤੰਤਰ ਤੋਂ ਹੋਈ। ਲੇਕਿਨ ਉਹ ਇਹ ਵੀ ਕਹਿੰਦਾ ਸੀ ਕਿ, "ਕਾਨੂੰਨ ਸਿਰਫ਼ ਭਲਾਈ ਜਾਂ ਕਲਿਆਣ ਦੀ ਸਿੱਖਿਆ ਹੀ ਨਹੀਂ ਦਿੰਦੇ, ਬਲਕਿ ਵਰਜਣਕਾਰੀ ਸ਼ਕਤੀ ਵੀ ਰੱਖਦੇ ਹਨ, ਜੋ ਸਾਸ਼ਿਤਾਂ ਦੀ ਸਹਿਮਤੀ ਨਾਲ ਪ੍ਰਾਪਤ ਹੁੰਦੀ ਹੈ, ਅਤੇ ਜਿਹੜੀ ਜਾਂ ਤਾਂ ਵਿਅਕਤੀਗਤ ਤੌਰ ਤੇ ਜਾਂ ਪ੍ਰਤੀਨਿਧੀਆਂ (ਨੁਮਾਇੰਦਿਆਂ) ਦੇ ਮਾਰਫ਼ਤ ਪ੍ਰਦਰਸ਼ਿਤ ਹੁੰਦੀ ਹੈ।"

"ਕਾਨੂੰਨ ਚਾਹੇ ਜਿਸ ਕਿਸੇ ਵੀ ਕਿਸਮ ਦੇ ਮਨੁੱਖਾਂ ਵਾਸਤੇ ਹੋਣ, ਉਹ ਉਹਨਾਂ ਦੀ ਰਜ਼ਾਮੰਦੀ ਨਾਲ ਹੀ ਉਪਲੱਬਧ "(ਅਰਥਾਤ ਉਚਿੱਤ) ਹੁੰਦੇ ਹਨ।"

"ਉਹ ਕਾਨੂੰਨ ਕਾਨੂੰਨ ਨਹੀਂ ਹਨ ਜਿਹੜੇ ਲੋਕਾਂ ਦੀ ਸਹਿਮਤੀ (ਅਨੁਮੋਦਨ) ਨਾਲ ਨਹੀਂ ਬਣਾਏ ਗਏ ਹੁੰਦੇ ਹਨ।"

"ਲੋਕਾਂ ਦੀ ਪ੍ਰਭੂਸੱਤਾ"

"ਇਸ ਤਰ੍ਹਾਂ ਉਸਨੇ ਸਪੱਸ਼ਟ ਤੌਰ ਤੇ ਆਖਿਆ ਕਿ ਪ੍ਰਭੂਸੱਤਾ ਜਾਂ ਕਾਨੂੰਨ ਨਿਰਮਾਤ੍ਰੀ ਸੱਤਾ ਅੰਤ ਨੂੰ ਲੋਕਾਂ ਵਿੱਚ ਹੀ ਨਿਹਿਤ (ਵਿਦਮਾਨ) ਹੁੰਦੀ ਹੈ।"

1620:

ਮੇਫਲਾਵਰ (1620) ਤੇ ਸਵਾਰ "ਪਿਲਹਾਰਿਮ ਫਾਦਰਜ਼)" ਦੀ ਮਸ਼ਹੂਰ ਘੋਸ਼ਣਾ, "ਰੱਬ ਨੂੰ ਹਾਜ਼ਰ ਨਾਜ਼ਰ ਜਾਣਕੇ ਅਸੀਂ ਸਾਰੇ ਇੱਕ ਦੂਜੇ ਇਕਰਾਰ ਦੀ ਘੋਸ਼ਣਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਇੱਕ ਨਾਗਰਿਕ ਰਾਜਨੀਤਕ ਸੰਗਠਨ ਦੇ ਰੂਪ ਵਿੱਚ ਇੱਕਜੁੱਟ (ਜਥੇਬੰਦ) ਕਰਦੇ ਹਾਂ।"

1647:

ਇੰਗਲੈਂਡ ਦੇ ਲੋਕਾਂ ਦਾ ਇਕਰਾਰ: ਇੱਕ ਪਾਸੇ ਪ੍ਰਸਿੱਧ ਪਊਟਰੀਨ ਦਸਤਾਵੇਜ਼, ਜੋ ਆਰਮੀ ਆਫ਼ ਦਾ ਪਾਰਲੀਆਮੇਂਟ (1647) ਤੋਂ ਪਾਸ ਹੋਇਆ, ਸੋਚ ਦੀ ਇਸ ਪ੍ਰਬਿਰਤੀ ਦਾ ਸੰਕੇਤ ਦਿੰਦਾ ਹੈ।

ਮਿਲਟਨ[3]

1649 (ਲੋਕਾਂ ਦੀ ਪ੍ਰਭੂਸੱਤਾ)

Original with;
Dr. Gurdev Singh Sidhu
Digitized by;
Panjab Digital Library

ਪੰਨਾ 191 (126)

ਰੂਸੀ-ਪ੍ਰਯੋਗ 1917-27

1. ਫੇਸ ਐਂਡ ਮਾਈਂਡ ਆਫ਼ ਬੋਲਸ਼ੇਵਿਜ਼ਮ
   ਲੇ ਰੇਨੇ ਫਲਪ- ਮਿਲਰ
2. ਰਸ਼ੀਆ
   ਲੇ. ਮਾਕੀਵ - ਓ'ਹਾਰਾ
3. ਰਸ਼ੀਅਨ ਰਿਵੋਲਊਸ਼ਨ
   ਲੈ ਲੈਂਸਵਾਟ ਲੋਟਨ (ਮੈਕਮਿਲਨ)
4. ਬੋਲਸ਼ੇਵਿਸਟ ਰਸੀਆ
   ਲੇ. ਏਂਟਨ ਕਾਰਲਗਰੀਨ
5. ਲਿਟਰੇਚਰ ਐਂਡ ਰਿਵੋਲਊਸ਼ਨ
   ਤਰਾਤਸਕੀ
6. ਮਾਰਕਸ-ਲੈਨਿਨ ਐਂਡ ਸਾਇੰਸ ਆਫ਼ ਰਿਵੋਲਊਸ਼ਨ
   ਲੇ. ਏਂਟਨ ਕਾਰਲਗਰੀਨ

"ਬੌਲਸ਼ਵਿਕਾਂ ਦਾ ਦਰਸ਼ਨ ਇੱਕ ਦਮ ਧਾਵਕ ਰੂਪ ਤੋਂ ਭੌਤਿਕਵਾਦੀ ਹੈ, ਜਿਸਦੀ ਇੱਕ ਮੁਕਤੀ ਦਾਤਾ ਵਿਸ਼ੇਸ਼ਤਾ ਨੂੰ ਉਹਨਾਂ ਦੇ ਕੱਟੜ ਤੋਂ ਕੱਟੜ ਦੁਸ਼ਮਣਾਂ ਤੱਕ ਨੂੰ ਸਵੀਕਾਰ ਕਰਨਾ ਪਵੇਗਾ, ਅਤੇ ਉਹ ਇਹ ਕਿ ਉਹਨਾਂ ਵਿੱਚ ਕਿਸੇ ਵੀ ਕਿਸਮ ਦੇ ਭੁਲੇਖੇ ਦੀ ਪੂਰੀ ਤਰ੍ਹਾਂ ਅਣਹੋਂਦ ਹੈ।

ਉਹ ਆਪਣੇ ਸੰਸਥਾਪਕ ਦੇ ਇਸ ਵਿਸ਼ਵਾਸ਼ ਉੱਤੇ ਪੂਰੀ ਦ੍ਰਿੜ੍ਹਤਾ ਨਾਲ ਕਾਇਮ ਹਨ ਕਿ, "ਹਰ ਇੱਕ ਚੀਜ਼ ਨੂੰ ਪ੍ਰਕਿਰਤਕ ਨਿਯਮਾਂ ਰਾਹੀਂ, ਜਾਂ ਇੱਕ ਸੰਕੀਰਣਤਰ ਅਰਥ ਵਿੱਚ ਆਖੀਏ ਤਾਂ, ਭੌਤਿਕ ਕ੍ਰਿਆ ਨੂੰ ਵਿਗਿਆਨ (ਫਿਜਿਆਲੌਜੀ) ਰਾਹੀਂ ਬਿਆਨ ਕੀਤਾ ਜਾ ਸਕਦਾ ਹੈ।

- ਪੰ. 30

ਮਾਰਕਸ ਨੇ ਕਿਹਾ ਹੈ, "ਦਾਰਸ਼ਨਿਕਾਂ ਨੇ, ਇਸ ਦੁਨੀਆਂ ਦੀ ਸਿਰਫ਼ ਤਰ੍ਹਾਂ-ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਦਰਅਸਲ ਮਹੱਤਵਪੂਰਣ ਗੱਲ ਤਾਂ ਇਸਨੂੰ ਬਦਲਣ ਦੀ ਹੈ।"



Original with;
Dr. Gurdev Singh Sidhu
Digitized by;
Panjab Digital Library

Religion and Socialism

"Religion is an opium for mankind" said Marx.



All idealistic considerations lead in the end to a kind of conception of Divinity, and are, therefore pure non-sense in the eyes of Marxists. Even Hegel saw in God the concrete form of everything good and reasonable that rules the world; the idealist theory must put everything on the shoulders of this unfortunate grey beard, who, according to the teachings of his worshippers, is perfect, and who in addition to Adam, created fleas and harlots, murderers and lepers, hunger and misery, plague and vodka, in order to punish the sinners whom he himself had created, and who sin in accordance with his will.... From the scientific standpoint this theory leads to absurdity. The only scientific explanation of all the phenomenon of the world is supplied by absolute materialism. [(P. 32.) Bukharin]

---

According to them,

In the beginning Nature; from it life; and from life, thought and all the manifestation we call mental or moral phenomena. There is no such thing as Soul, and Mind is nothing but a function of matter, organized in a particular way. .33.



Original with;
Dr. Gurdev Singh Sidhu
Digitized by;
Panjab Digital Library

ਪੰਨਾ 192 (197)

ਧਰਮ ਅਤੇ ਸਮਾਜਵਾਦ

"ਧਰਮ, ਮਾਨਵਤਾ ਦੇ ਵਾਸਤੇ ਇੱਕ ਅਫ਼ੀਮ ਹੈ" ਮਾਰਕਸ ਦਾ ਕਹਿਣਾ ਸੀ।

"ਸਾਰੇ ਦੇ ਸਾਰੇ ਵਿਚਾਰਵਾਦੀ ਚਿੰਤਨ ਅੰਤ ਨੂੰ ਇੱਕ ਨਾਇਕ ਕਿਸਮ ਦੀ ਦੈਵੀਅਤਾ ਦੀ ਅਵਧਾਰਨਾ ਉੱਪਰ ਹੀ ਜਾ ਪਹੁੰਚਦੇ ਹਨ, ਅਤੇ ਇਸ ਵਾਸਤੇ, ਮਾਰਕਸਵਾਦੀ ਦੀ ਨਜ਼ਰ ਵਿੱਚ, ਉਹ ਸ਼ੁੱਧ ਬਕਵਾਸ ਹਨ। ਇੱਥੋਂ ਤੱਕ ਕਿ ਹੇਗੇਲ ਨੂੰ ਵੀ ਇਸ ਦੁਨੀਆਂ ਉੱਤੇ ਸ਼ਾਸ਼ਨ ਕਰਨ ਵਾਲੀ ਹਰ ਇੱਕ ਅੱਛੀ ਅਤੇ ਤਰਕਸੰਗਤ ਚੀਜ਼ ਦਾ ਠੋਸ ਰੂਪ ਈਸ਼ਵਰ ਵਿੱਚ ਹੀ ਦਿਖਾਈ ਦਿੰਦਾ ਸੀ, ਵਿਚਾਰਵਾਦੀ ਸਿਧਾਂਤ ਹਰ ਇੱਕ ਚੀਜ਼ ਨੂੰ ਜ਼ਬਰਦਸਤੀ ਇਸ ਬਦਕਿਸਮਤ ਧੌਲੀ ਦਾੜ੍ਹੀ ਵਾਲੇ (ਅਰਥਾਤ, ਈਸ਼ਵਰ-ਸੰ.) ਦੇ ਮੋਢਿਆਂ ਤੇ ਸੁੱਟ ਦਿੰਦਾ ਹੈ, ਜੋ ਉਸਦੇ ਭਗਤਾਂ ਦੀਆਂ ਸਿੱਖਿਆਵਾਂ ਦੇ ਅਨੁਸਾਰ, ਪੂਰਣ ਹੈ, ਅਤੇ ਜਿਸਨੂੰ ਆਦਮ ਦੇ ਇਲਾਵਾ, ਪਿੱਸੂਆਂ ਅਤੇ ਵੇਸ਼ਵਾਵਾਂ, ਕਾਤਿਲਾਂ ਅਤੇ ਕੋਹੜੀਆਂ, ਭੁੱਖ ਅਤੇ ਦੁੱਖ, ਪਲੇਗ ਅਤੇ ਵੋਦਕਾ (ਇੱਕ ਕਿਸਮ ਦੀ ਸ਼ਰਾਬ – ਸੰ.) ਦੀ ਸ੍ਰਿਸ਼ਟੀ ਕੀਤੀ ਹੈ ਤਾਂ ਕਿ ਉਹਨਾਂ ਪਾਪੀਆਂ ਨੂੰ ਸਜ਼ਾ ਦੇ ਸਕੇ, ਜਿਹਨਾਂ ਨੂੰ ਉਸਨੇ ਖੁਦ ਹੀ ਪੈਦਾ ਕੀਤਾ, ਅਤੇ ਜੋ ਖੁਦ ਉਸਦੀ ਮਰਜ਼ੀ ਨਾਲ ਪਾਪ ਕਰਦੇ ਹਨ.......। ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਇਹ ਸਿਧਾਂਤ ਬੇਹਿਯਾਤ ਹੀ ਸਿੱਧ ਹੁੰਦਾ ਹੈ। ਇਸ ਦੁਨੀਆਂ ਦੀਆਂ ਸਾਰੀਆਂ ਪਰੀਘਟਨਾਵਾਂ ਦੀ ਇੱਕ ਮਾਤਰ ਵਿਗਿਆਨਕ ਵਿਆਖਿਆ ਤਾਂ ਪੂਰਣ ਭੌਤਿਕਵਾਦ ਹੀ ਦਿੰਦਾ ਹੈ।

(ਪੰ. 32, ਬੁਖਾਰਿਨ)

ਉਹਨਾਂ ਦੇ (ਯਾਨੀ ਭੌਤਿਕਵਾਦੀਆਂ ਦੇ ਸੰ.) ਅਨੁਸਾਰ, ਆਰੰਭ ਵਿੱਚ ਸੀ ਪ੍ਰਕਿਰਤੀ (ਕੁਦਰਤ) ; ਉਸਤੋਂ ਜੀਵਨ; ਅਤੇ ਜੀਵਨ ਤੋਂ ਚਿੰਤਨ ਅਤੇ ਉਹ ਸਾਰੀਆਂ ਅਭਿਵਿਅਕਤੀਆਂ (ਸਾਰੇ ਪ੍ਰਗਟਾਵਿਆਂ) ਜਿਹਨਾਂ ਨੂੰ ਅਸੀਂ ਮਾਨਸਿਕ ਜਾਂ ਨੈਤਿਕ ਪਰਿਘਟਨਾਵਾਂ ਆਖਦੇ ਹਾਂ। ਆਤਮਾ ਵਰਗੀ ਕੋਈ ਸ਼ੈਅ ਹੈ ਹੀ ਨਹੀਂ, ਅਤੇ ਮਨ ; ਚੇਤਨਾ ਪਦਾਰਥ ਦੀ, ਇੱਕ ਖਾਸ ਢੰਗ ਨਾਲ ਸੰਗਠਿਤ, ਇੱਕ ਕ੍ਰਿਆ ਦੇ ਇਲਾਵਾ ਹੋਰ ਕੁਝ ਨਹੀਂ ਹੈ।

(ਪੰ.) 33



Original with;
Dr. Gurdev Singh Sidhu
Digitized by;
Panjab Digital Library

Marx on Insurrection:—

Firstly. "never play with insurrection if there is no determination to drive it to the bitter end (literally — to face all the consequences of this play). An insurrection is an equation with very indefinite magnitudes, the value of which may change every day. The forces to be opposed have all the advantages of organization, discipline and traditional authority.
If the rebels cannot bring great forces to bear against their antagonists, they will be smashed and destroyed

Secondly:— The insurrection once started, it is necessary to act with the utmost determination and pass over to the offensive. The defensive is the death of every armed rising; it perishes before it has measured forces with the enemy. The antagonists must be surprised while their soldiers are still scattered, and new successes, however small, must be attained daily; the moral ascendance given by the first success, must be kept up. One must rally to the side of insurrection the vacillating elements, which always follow the stronger, and which always look out for the safer side. .. In one word, act according to the words of Danton — the greatest master of Revolutionary policy yet known.— 'Audacity — audacity and yet again audacity.'



Original with;
Dr. Gurdev Singh Sidhu
Digitized by;
Panjab Digital Library

ਪੰਨਾ 193 (128)

ਆਮ ਬਗਾਵਤ ਸੰਬੰਧੀ ਮਾਰਕਸ ਦਾ ਦ੍ਰਿਸ਼ਟੀਕੋਣ

ਪਹਿਲੀ ਗੱਲ :

"ਜੇ ਆਮ ਬਗਾਵਤ ਨੂੰ ਉਸਦੇ ਕੌੜੇ ਅੰਜਾਮ ਤੱਕ ਲੈ ਜਾਣ (ਭਾਵ-ਉਸਦੇ ਸਾਰੇ ਪਰਿਣਾਮਾਂ ਨੂੰ ਝੱਲਣ) ਦਾ ਦ੍ਰਿੜ ਸੰਕਲਪ ਨਾ ਹੋਵੇ, ਤਾਂ ਉਸਦੇ ਨਾਲ ਖੇਡੋ ਮੱਤ (ਖਿਲਵਾੜ ਮੱਤ ਕਰੋ – ਛੇੜਖਾਨੀ ਮੱਤ ਕਰੋ)। ਆਮ ਬਗਾਵਤ ਇੱਕ ਅਜਿਹਾ ਸਮੀਕਰਣ ਹੈ ਜਿਸਦੇ ਮਾਨ (ਮੁੱਲ) ਬਹੁਤ ਅਨਿਸ਼ਚਤ ਹੁੰਦੇ ਹਨ, ਜੋ ਹਰ ਰੋਜ਼ ਬਦਲ ਸਕਦੇ ਹਨ। ਇਸ ਵਿੱਚ ਜਿਹਨਾਂ ਸ਼ਕਤੀਆਂ ਦਾ ਵਿਰੋਧ ਕੀਤਾ ਜਾਣਾ ਹੁੰਦਾ ਹੈ ਉਹਨਾਂ ਕੋਲੋਂ ਸੰਗਠਨ, ਅਨੁਸ਼ਾਸ਼ਨ ਅਤੇ ਪਰੰਪਰਾਗਤ ਸੱਤਾ ਦੀਆਂ ਸਾਰੀਆਂ ਅਨੁਕੂਲ ਸਥਿਤੀਆਂ ਹੁੰਦੀਆਂ ਹਨ।

"ਜੇ ਆਮ ਬਗਾਵਤ ਕਰਨ ਵਾਲੇ ਆਪਣੇ ਦੁਸ਼ਮਣਾਂ ਦੇ ਖਿਲਾਫ਼ ਭਾਰੀ ਤਾਕਤ ਨਹੀਂ ਇਕੱਠੀ ਕਰਦੇ, ਤਾਂ ਉਹ ਕੁਚਲ ਦਿੱਤੇ ਜਾਣਗੇ ਅਤੇ ਨਸ਼ਟ ਕਰ ਦਿੱਤੇ ਜਾਣਗੇ।

ਦੂਜੀ ਗੱਲ :

"ਜੇ ਆਮ ਬਗਾਵਤ ਇੱਕ ਵਾਰ ਸ਼ੁਰੂਹੋ ਗਈ, ਤਾਂ ਇਹ ਲਾਜ਼ਮੀ ਹੈ ਕਿ ਪੱਕੇ ਸੰਕਲਪ ਦੇ ਨਾਲ ਕਾਰਵਾਈ ਕੀਤੀ ਜਾਵੇ ਅਤੇ ਹਮਲਾਵਰ ਰੁਖ ਅਖਤਿਆਰ ਕੀਤਾ ਜਾਵੇ। ਰੱਖਿਆਤਮਕ ਰੁਖ ਹਰੇਕ ਹਥਿਆਰਬੰਦ ਆਮ ਬਗਾਵਤ ਦੀ ਮੌਤ ਸਾਬਿਤ ਹੁੰਦਾ ਹੈ, ਇਹ ਦੁਸ਼ਮਣ ਨਾਲ ਜ਼ੋਰ ਅਜ਼ਮਾਈ ਕਰਨ ਤੋਂ ਪਹਿਲਾਂ ਹੀ ਤਬਾਹ ਹੋ ਜਾਂਦਾ ਹੈ। ਦੁਸ਼ਮਣ ਨੂੰ ਉਸੇ ਵਕਤ ਹੱਕਾ-ਬੱਕਾ ਕਰ ਸੁੱਟਣਾ ਅਵੱਸ਼ਕ ਹੈ ਜਦੋਂ ਉਸਦੇ ਸੈਨਿਕ ਅਜੇ ਖਿੰਡੇ-ਪੁੰਡੇ ਹੋਣ, ਅਤੇ ਹਰ ਰੋਜ਼ ਨਵੀਆਂ ਸਫਲਤਾਵਾਂ ਹਾਸਿਲ ਕਰਨਾ ਜ਼ਰੂਰੀ ਹੈ। ਚਾਹੇ ਉਹ ਕਿੰਨੀਆਂ ਵੀ ਛੋਟੀਆਂ ਕਿਉਂ ਨਾ ਹੋਣ। ਪਹਿਲੀ ਕਾਮਯਾਬੀ ਨਾਲ ਵਧੇ ਮਨੋਬਲ ਨੂੰ ਬਣਾਈ ਰੱਖਣਾ ਜ਼ਰੂਰੀ ਹੈ। ਡਾਵਾਂਡੋਲ ਤੱਤਾਂ ਨੂੰ ਆਮ ਬਗਾਵਤ ਦੇ ਪੱਖ ਵਿੱਚ ਕਰਨਾ ਜ਼ਰੂਰੀ ਹੈ, ਜੋ ਹਮੇਸ਼ਾ ਹੀ ਤਾਕਤਵਰ ਦੇ ਪਿੱਛੇ ਲੱਗ ਪੈਂਦੇ ਹਨ, ਅਤੇ ਹਮੇਸ਼ਾ ਵੱਧ ਸੁਰੱਖਿਅਤ ਪੱਖ ਢੂੰਡਦੇ ਰਹਿੰਦੇ ਹਨ--ਇੱਕ ਸ਼ਬਦ ਵਿੱਚ ਦਾਂਤੋਂ- ਹੁਣ ਤੱਕ ਦੀ ਜਾਣਕਾਰੀ ਵਿੱਚ ਇਨਕਲਾਬੀ ਨੀਤੀ ਦੇ ਸੱਭ ਤੋਂ ਮਹਾਨ ਵਿਦਵਾਨ – ਦੇ ਇਹਨਾ ਸ਼ਬਦਾਂ ਦੇ ਅਨੁਸਾਰ ਕਾਰਵਾਈ ਕਰੋ : ਦਲੇਰੀ.....ਦਲੇਰੀ...ਅਤੇ ਇੱਕ ਵਾਰ ਫੇਰ ਦਲੇਰੀ।

ਨੋਟ ਬੁੱਕ ਵਿੱਚ ਅਗਲੀ ਲਿਖਾਵਟ ਪੰ.ਸੰ. 273 ਉੱਤੇ ਹੈ। ਪੰ. 194 ਤੋਂ ਪੰਨਾ 272 ਤੱਕ ਕੋਰੇ ਹਨ। ਪਿੱਛੇ ਵੀ ਅਜਿਹ ਹੀ ਕੋਰੇ ਪੰਨੇ ਜਾਂ ਅੰਤਰਾਲ ਆਏ ਹਨ।

ਹੋ ਸਕਦਾ ਹੈ ਕਿ ਭਗਤ ਸਿੰਘ ਨੇ ਆਪਣੀ 404 ਪੰਨਿਆਂ ਦੀ ਨੋਟ ਬੁੱਕ ਵਿਚ ਆਪਣੇ ਅਧਿਐਨ ਦੇ ਵਿਭਿੰਨ ਵਿਸ਼ਿਆਂ ਦੇ ਮੁਤਾਬਿਕ ਅਲੱਗ-ਅਲੱਗ ਹਿੱਸੇ ਨਿਰਧਾਰਤ ਕੀਤੇ ਹੋਣ। ਇੱਥੇ ਖਤਮ ਹੋਏ ਹਿੱਸੇ ਵਿੱਚ ਪੰ. 165 ਤੋਂ 193 ਤੱਕ ਉਹਨਾਂ ਦੇ ਨੋਟ ਰਾਜ ਦੇ ਵਿਗਿਆਨ ਉੱਪਰ ਸੁਤੰਤਰਤਾ ਅਤੇ ਖੁਦਮੁਖਤਿਆਰੀ ਦੀਆਂ ਅਵਧਾਰਣਾਵਾਂ ਅਤੇ ਉਹਨਾਂ ਦੇ ਵਿਕਾਸ ਬਾਰੇ ਉਹਨਾਂ ਦੀ ਨਿਰੰਤਰਤਾ ਵਿੱਚ ਫਰਾਂਸੀਸੀ ਇਨਕਲਾਬ ਅਤੇ ਸੋਵੀਅਤ ਪ੍ਰਯੋਗ ਉੱਤੇ ਕੇਂਦਰਿਤ ਰਹੇ। ਅਗਲੇ ਹਿੱਸੇ ਵਿੱਚ ਵਿਭਿੰਨ ਕਾਨੂੰਨੀ ਵਿਸ਼ਿਆਂ ਬਾਰੇ ਉਹਨਾਂ ਦੀਆਂ ਟਿੱਪਣੀਆਂ ਅਤੇ ਪੁਸਤਕਾਂ ਦੀਆਂ ਟੁੱਕਾਂ ਦਰਜ ਹਨ। ਪਰੰਤੂਇਹਨਾਂ ਸਭ ਵਿੱਚ ਆਮ ਸੂਤਰ ਇਹ ਹੈ ਕਿ ਜ਼ਿਆਦਾਤਰ ਤਤਕਾਲੀਨ ਭਾਰਤੀ ਪਰਸਥਿਤੀਆਂ ਅਤੇ ਹੋਰ ਸੰਬੰਧਿਤ ਮੁੱਦਿਆਂ ਦੇ ਸੰਬੰਧੀ ਹਨ।

– ਸੰ.



Original with;
Dr. Gurdev Singh Sidhu
Digitized by;
Panjab Digital Library

... Do you want an expansion of the Legislative councils? Do you want that a few Indians shall sit as your representatives in the House of Commons? Do you want a large number of Indians in the Civil Service? Let us see whether 50, 100, 200 or 300 civilians will make the Govt: our own.... the whole civil service might be Indian, but the civil servants have to carry out orders — they can not direct, they can not dictate the policy. One swallow does not make the summer. One civilian, 100, or 1000 civilians in the service of the British Govt will not make the Govt Indian. There are traditions, there are laws, there are policies to which every civilian, be he black or brown or white, must submit, and as long as these traditions have not been altered, as long as these principles have not been amended, as long as that policy has not been radically changed, the supplanting of Europeans by Indian agency will not make for self government in this country....

If the Govt. were to come and tell me today, "Take Swaraj," I would say thank you for the gift but I will not have that which I can not acquire by my own hand..............

we shall in the imperative compell the submission to our will of any power that may set itself against us.

Govt: ... the Primary thing is the prestige of that



Original with:
Dr. Gurdev Singh Sidhu
Digitized by;
Panjab Digital Library

ਪੰਨਾ 273 (130)*

"...ਕੀ ਤੁਸੀਂ ਚਾਹੁੰਦੇ ਹੋ ਕਿ ਵਿਧਾਨ ਪਰੀਸ਼ਦਾਂ ਦਾ ਹੋਰ ਵਿਸਤਾਰ ਹੋਵੇ? ਕੀ ਤੁਸੀਂ ਚਾਹੁੰਦੇ ਹੋ ਕਿ ਕੁਝ ਕੁ ਭਾਰਤੀ ਤੁਹਾਡੇ ਪ੍ਰਤੀਨਿਧੀਆਂ ਦੇ ਰੂਪ ਵਿੱਚ ਹਾਊਸ ਆਫ਼ ਕਾਮਨਜ਼ ਵਿੱਚ ਜਾ ਕੇ ਬੈਠਣ? ਕੀ ਤੁਸੀਂ ਚਾਹੁੰਦੇ ਹੋ ਕਿ ਭਾਰਤੀਆਂ ਦੀ ਇੱਕ ਵੱਡੀ ਗਿਣਤੀ ਸਿਵਿਲ ਸਰਵਿਸ ਵਿੱਚ ਭਰਤੀ ਹੋ ਜਾਵੇ? ਤਾਂ ਆਓ ਵੇਖੀਏ ਕਿ 50,100,200, ਜਾਂ ਭਾਰਤੀ (ਭਾਰਤੀ-ਸੰ.) ਸਿਵਲੀਅਨ ਭਰਤੀ ਹੋ ਜਾਣ ਨਾਲ, ਸਰਕਾਰ ਸਾਡੀ ਹੋ ਜਾਊਗੀ। ਭਲੇ ਹੀ ਪੂਰੀ ਦੀ ਪੂਰੀ ਸਿਵਲ ਸਰਵਿਸ ਭਾਰਤੀਆਂ ਦੀ ਬਣ ਜਾਵੇ, ਪਰੰਤੂਸਿਵਲ ਸਰਵੈਂਟਸ ਨੂੰ ਤਾਂ ਸਿਰਫ਼ ਹੁਕਮ ਦੀ ਹੀ ਤਾਮੀਲ ਕਰਨੀ ਹੋਵੇਗੀ – ਉਹ ਕੋਈ ਹੁਕਮ ਨਹੀਂ ਦੇ ਸਕਦੇ, ਕੋਈ ਨੀਤੀ ਨਹੀਂ ਨਿਰਧਾਰਤ ਕਰ ਸਕਦੇ। ਇਕ ਮੁਰਗਾ ਸਵੇਰਾ ਨਹੀਂ ਲਿਆਉਂਦਾ। ਬ੍ਰਿਟਿਸ਼ ਸਰਕਾਰ ਦੀ ਸੇਵਾ ਵਿੱਚ ਸਿਵਲੀਅਨ, 100 ਸਿਵਲੀਅਨ ਜਾਂ 1000 ਸਿਵਲੀਅਨ ਭਰਤੀ ਹੋ ਕੇ ਸਰਕਾਰ ਨੂੰ ਭਾਰਤੀ ਨਹੀਂ ਬਣਾ ਸਕਦੇ। ਜੋ ਪਰੰਪਰਾਵਾਂ ਹਨ, ਕਾਨੂੰਨ ਹਨ, ਨੀਤੀਆਂ ਹਨ, ਉਹਨਾਂ ਦੀ ਜੀ ਹਜ਼ੂਰੀ ਤਾਂ ਹਰ ਸਿਵਲੀਅਨ ਨੂੰ ਕਰਨੀ ਹੀ ਪਵੇਗੀ, ਚਾਹੇ ਉਹ ਕਾਲਾ ਹੋਵੇ, ਭੂਰਾ ਹੋਵੇ ਅਤੇ ਜਦੋਂ ਤੱਕ ਇਹ ਪਰੰਪਰਾਵਾਂ ਨਹੀਂ ਬਦਲ ਜਾਂਦੀਆਂ, ਇਹਨਾਂ ਦੇ ਸਿਧਾਂਤਾਂ ਵਿੱਚ ਰੱਦੋ ਬਦਲੀ ਨਹੀਂ ਕੀਤਾ ਜਾਂਦਾ, ਅਤੇ ਜਦੋਂ ਤੱਕ ਇਹਨਾਂ ਨੀਤੀਆਂ ਵਿੱਚ ਮੁੱਢੋਂ-ਸੁੱਢੋਂ ਤਬਦੀਲੀ ਨਹੀਂ ਕੀਤੀ ਜਾਂਦੀ, ਉਦੋਂ ਤੱਕ ਯੂਰਪੀਨਾਂ ਦੇ ਥਾਂ ਤੇ ਭਾਰਤੀਆਂ ਦੀ ਭਰਤੀ ਕਰ ਦੇਣ ਮਾਤਰ ਨਾਲ ਹੀ ਇਸ ਦੇਸ਼ ਵਿੱਚ ਆਪਣੀ ਸਰਕਾਰ ਨਹੀਂ ਕਾਇਮ ਹੋ ਸਕਦੀ। ਜੇਕਰ ਅੱਜ ਸਰਕਾਰ ਮੈਨੂੰ ਆ ਕੇ ਆਖੇ ਕਿ, "ਸਵਰਾਜ ਲਵੋ" ਤਾਂ ਮੈਂ ਇਸ ਤੋਹਫੇ ਦੇ ਵਾਸਤੇ ਧੰਨਵਾਦ ਤਾਂ ਕਰ ਦੇਵਾਂਗਾ, ਪਰ ਉਹ ਚੀਜ਼ ਨੂੰ ਸਵੀਕਾਰ ਨਹੀਂ ਕਰਾਗਾ ਜਿਸਨੂੰ ਮੈਂ ਖੁਦ ਆਪਣੇ ਹੱਥਾਂ ਨਾਲ ਪੈਦਾ ਨਹੀਂ ਕੀਤੀ ਹੈ.......।

"ਕੋਈ ਵੀ ਸੱਤਾ ਜੋ ਸਾਡੇ ਵਿਰੁੱਧ ਜਾਂਦੀ ਹੈ, ਉਸਨੂੰ ਅਸੀਂ ਜ਼ਬਰਦਸਤੀ ਆਪਣੀ ਮਰਜ਼ੀ ਦੇ ਮੂਹਰੇ ਝੁੱਕਣ ਦੇ ਲਈ ਮਜ਼ਬੂਰ ਕਰਾਂਗੇ।"

"....ਬੁਨਿਆਦੀ ਚੀਜ਼ ਸਰਕਾਰ ਦੀ ਗਰਿਮਾ (ਗੌਰਵ) ਹੈ।



Original with;
Dr. Gurdev Singh Sidhu
Digitized by;
Panjab Digital Library

Is really self government within the Empire a practicable ideal? What would it mean? It would mean either no real self-government for us or no real over lordship for England. Would we be satisfied with the shadow of self-government? If not, would England be satisfied with the shadow of over lordship? In either case England would not be satisfied with a shadowy overlordship, and we refuse to be satisfied with a shadowy self-government. And therefore no ~~self-government~~ compromise is possible under such conditions between self-govt. in India and the overlordship of England. If self-govt. -(real) is conceded to us, what would be England's position not only in India, but in British Empire itself? Self--govt. means the right of self-taxation; it means the right of self-control; it means the right of the people to impose protective and prohibitive tariffs on foreign imports. The moment we have the right of self-taxation what shall we do? We shall not try to be engaged in this uphill work of industrial boycott. But we shall do what every nation has done. Under the circumstances in which we live now we shall impose a heavy prohibitive protective tariff upon every inch of textile fabric from Manchester, upon every blade of knife that comes from Leeds. We shall refuse to grant admittance to a British soul into our territory. We would not allow British Capital to be engaged in the development of Indian resources, as it is now engaged. We would not ~~allow~~ grant any right to the British capitalists to dig up



Original with;
Dr. Gurdev Singh Sidhu
Digitized by;
Panjab Digital Library

ਪੰਨਾ 274 (131)

ਕੀ ਸਾਮਰਾਜ ਦੇ ਅੰਦਰ ਸਵੈ ਸ਼ਾਸ਼ਨ ਦਾ ਹੋਣ ਵਾਸਤਵ ਵਿੱਚ ਇੱਕ ਵਿਵਹਾਰਕ ਆਦਰਸ਼ ਹੋ ਸਕਦਾ ਹੈ? ਇਸਦਾ ਮਤਲਬ ਹੈ ਕੀ ਹੋਊਗਾ? ਇਸਦਾ ਮਤਲਬ ਜਾਂ ਤਾਂ ਸਾਡਾ ਕੋਈ ਸਵੈ-ਸ਼ਾਸ਼ਨ ਨਹੀਂ ਹੋਵੇਗਾ, ਜਾਂ ਇੰਗਲੈਂਡ ਦਾ ਸਾਡੇ ਉੱਤੇ ਕੋਈ ਵਾਸਤਵਿਕ ਸਰਦਾਰੀ ਨਹੀਂ ਹੋਵੇਗਾ। ਕੀ ਅਸੀਂ ਸਵੈ ਸ਼ਾਸ਼ਨ ਦੀ ਸਿਰਫ਼ ਪ੍ਰਛਾਈਂ ਦੇ ਨਾਲ ਹੀ ਸੰਤੁਸ਼ਟ ਹੋ ਜਾਵਾਂਗੇ? ਜੇਕਰ ਨਹੀਂ ਤਾਂ ਇੰਗਲੈਂਡ ਸਾਡੇ ਉੱਤੇ ਆਪਣੀ ਸਿਰਫ਼ ਹੱਥ ਠੋਕਾ ਸਰਕਾਰ ਨਾਲ ਹੀ ਸੰਤੁਸ਼ਟ ਹੋ ਲਵੇਗਾ? ਦੋਵਾਂ ਹੀ ਹਾਲਤਾਂ ਵਿੱਚ, ਇੰਗਲੈਂਡ ਇੱਕ ਹੱਥ ਠੋਕਾ ਸਰਦਾਰੀ ਭਰ ਨਾਲ ਹੀ ਸੰਤੁਸ਼ਟ ਨਹੀਂ ਹੋ ਸਕਦਾ, ਅਤੇ ਅਸੀਂ ਵੀ ਸਿਰਫ਼ ਹੱਥ-ਠੋਕਾ ਸਵਰਾਜ (ਕਠਪੁਤਲੀ ਸਵੈ ਸ਼ਾਸ਼ਨ) ਨਾਲ ਸੰਤੁਸ਼ਟ ਹੋਣ ਤੋਂ ਇਨਕਾਰ ਕਰਦੇ ਹਾਂ ਅਤੇ ਇਸ ਵਾਸਤੇ ਭਾਰਤ ਵਿੱਚ ਸਵੈਰਾਜ ਅਤੇ ਇੰਗਲੈਂਡ ਦੀ ਉਸ ਉੱਤੇ ਸਰਦਾਰੀ ਦੇ ਵਿਚਕਾਰ ਅਜਿਹੀਆਂ ਪਰਸਥਿਤੀਆਂ ਵਿੱਚ ਕੋਈ ਸਮਝੌਤਾ ਸੰਭਵ ਨਹੀਂ ਹੈ। ਜੇਕਰ ਸਵਰਾਜ ਵਾਸਤਵਿਕ ਹੋਵੇ, ਤਾਂ ਸਿਰਫ਼ ਭਾਰਤ ਵਿੱਚ ਹੀ ਨਹੀਂ, ਬਲਕਿ ਖੁਦ ਬ੍ਰਿਟਿਸ਼ ਸਾਮਰਾਜ ਦੇ ਅੰਦਰ ਇੰਗਲੈਂਡ ਦੀ ਸਥਿਤੀ ਕੀ ਹੋਵੇਗੀ? ਸਵਰਾਜ ਦਾ ਮਤਲਬ ਹੈ ਖੁਦ ਟੈਕਸ ਲਾਉਣ ਦਾ ਅਧਿਕਾਰ, ਇਸਦਾ ਮਤਲਬ ਹੈ ਆਪਣਾ ਕੰਟਰੋਲ, ਇਸ ਦਾ ਮਤਲਬ ਹੈ ਆਪਣੇ ਲੋਕਾਂ ਨੂੰ ਬਦੇਸ਼ੀ ਨਿਰਯਾਤਾਂ ਉੱਤੇ ਰੱਖਿਆਤਮਕ ਅਤੇ ਨਿਸ਼ੇਧਾਤਮਕ ਚੁੰਗੀ ਲਾਉਣ ਦਾ ਅਧਿਕਾਰ। ਜਿਸ ਪਲ ਸਾਨੂੰ ਖੁਦ ਟੈਕਸ ਲਾਉਣ ਦਾ ਹੱਕ ਮਿਲ ਜਾਊਗਾ, ਉਸ ਸਮੇਂ ਅਸੀਂ ਕੀ ਕਰਾਂਗੇ? ਫੇਰ ਅਸੀਂ ਉਦਯੋਗਿਕ ਬਾਈਕਾਟ ਦੇ ਇਸ ਕਠਨ ਕੰਮ ਵਿੱਚ ਲੱਗਣ ਦੀ ਕੋਸ਼ਿਸ਼ ਨਹੀਂ ਕਰਾਂਗੇ। ਬਲਕਿ ਉਹੇ ਹੀ ਕਰਾਂਗੇ ਜੋ ਹਰ ਇੱਕ ਰਾਸ਼ਟਰ (ਦੇਸ਼) ਕਰਦਾ ਆਇਆ ਹੈ। ਅੱਜ ਅਸੀਂ ਇਹਨਾਂ ਪਰਸਥਿਤੀਆਂ ਵਿੱਚ ਜਿਉਂ ਰਹੇ ਹਾਂ, ਉਹਨਾਂ ਦੇ ਮੱਦੇਨਜ਼ਰ ਅਸੀਂ ਮਾਨਚੈਸਟਰ ਤੋਂ ਆਉਣ ਵਾਲੇ ਕਪੜੇ ਦੇ ਇੱਕ-ਇੱਕ ਇੰਚ ਉਤੇ ਅਤੇ ਲੀਡਰਸ ਤੋਂ ਆਉਣ ਵਾਲੀਆਂ ਇੱਕ-ਇੱਕ ਬਲੇਡ ਜਾਂ ਛੁਰੀ (ਚਾਕੂਕਰਦ) ਉੱਤੇ, ਭਾਰੀ ਨਿਸ਼ੇਧਾਤਮਕ ਅਤੇ ਸੁਰੱਖਿਅਕ ਚੁੰਗੀ ਲਗਾ ਦੇਵਾਂਗੇ। ਅੱਜ ਜਿਸ ਤਰ੍ਹਾਂ ਬਰਤਾਨਵੀਂ ਪੂੰਜੀ ਭਾਰਤੀ ਸੰਸਥਾਨਾਂ ਦਾ ਵਿਕਾਸ ਦੇ ਨਾਂ ਤੇ ਇੱਥੇ ਲੱਗੀ ਹੋਈ ਹੈ, ਉਸਦੀ ਅਸੀਂ ਹਰਗਿਜ਼ ਆਗਿਆ ਨਹੀਂ ਦੇਵਾਂਗੇ। ਅਸੀਂ ਬਰਤਾਨਵੀਂ ਪੂੰਜੀਪਤੀਆਂ ਨੂੰ ਦੇਸ਼ ਦੀ ਖਣਿਜ ਸੰਪਦਾ ਦੀ ਖੁਦਾਈ ਕਰਨ ਅਤੇ ਉਸਨੂੰ ਆਪਣੇ ਦੇਸ਼ ਵਿੱਚ ਚੁੱਕ ਕੇ ਲੈ ਜਾਣ ਦਾ ਕੋਈ ਅਧਿਕਾਰ ਨਹੀਂ ਦੇਵਾਂਗੇ।



Original with;
Dr. Gurdev Singh Sidhu
Digitized by;
Panjab Digital Library

the mineral wealth of the land and to carry it to their own isles. We shall want foreign capital. But we shall apply for foreign loans in the open markets of the whole world, guaranteeing the credit of the Indian Govt, the Indian nation, for the repayment of the loan . . . . . And England's commercial interests would not be furthered in the way these are being furthered now, under the condition of popular self-government, though it might be within the Empire. But what would it mean within the Empire? It would mean that England would have to enter into some arrangements with us for some preferential tariff. England would have to come to our markets on the conditions that we would impose upon her for the purpose, if she wanted an open door in India, and after a while, when we have developed our resources a little and organized our industrial life, we would want the open door not only to England, but to every part of the British Empire. And do you think it is possible for a small country like England with a handful of population, although she might be enormously wealthy, to compete on fair and equitable terms with a mighty continent like India with immense natural resources, with her teeming populations; the soberest and most abstemious populations known to any part of the world?

If we have really self-government within the Empire, if the 300 millions of people have that freedom of the Empire, the Empire would cease to be British. It would be the Indian Empire, . . .

Bep. Ch. Pal in
New Spirit 1907.



Original with;
Dr. Gurdev Singh Sidhu
Digitized by;
Panjab Digital Library

ਪੰਨਾ 275 (132)

ਸਾਨੂੰ ਬਦੇਸ਼ੀ ਪੂੰਜੀ (ਸਰਮਾਏ) ਦੀ ਲੋੜ ਹੋਊਗੀ। ਪਰ ਇਸਦੇ ਵਾਸਤੇ ਅਸੀਂ ਪੂਰੀ ਦੁਨੀਆਂ ਦੇ ਬਾਜ਼ਾਰਾਂ ਵਿੱਚ ਬਦੇਸ਼ੀ ਕਰਜ਼ਾ ਲੈਣ ਦੀ ਦਰਖਾਸਤ ਕਰਾਂਗੇ, ਅਤੇ ਕਰਜ਼ੇ ਦਾ ਵਾਪਸੀ ਦੇ ਲਈ ਭਾਰਤੀ ਸਰਕਾਰ, ਭਾਰਤੀ ਰਾਸ਼ਟਰ ਦੀ ਪ੍ਰਮਾਣਿਕਤਾ ਦੀ ਗਰੰਟੀ ਦੇਵਾਂਗੇ ਅਤੇ ਅੱਜ ਜਿਸ ਤਰ੍ਹਾਂ ਨਾਲ ਇੰਗਲੈਂਡ ਦੇ ਵਪਾਰਕ ਸਵਾਰਥ ਪੂਰੇ ਹੋ ਰਹੇ ਹਨ, ਪਰ, ਲੋਕਾਂ ਦੇ ਸਵਰਾਜ ਦੀ ਹਾਲਤ ਵਿੱਚ ਇਹ ਨਹੀਂ ਪੂਰੇ ਹੋਣਗੇ, ਭਲੇ ਹੀ ਇਹ ਸਰਕਾਰ ਸਾਮਰਾਜ ਦੇ ਅਧੀਨ ਹੀ ਕਿਉਂ ਨਾ ਰਹੇ। ਪਰੰਤੂਸਮਾਜ ਦੇ ਅੰਦਰ ਇਸਦਾ ਕੀ ਮਤਲਬ ਹੋਵੇਗਾ? ਇਸਦਾ ਮਤਲਬ ਇਹ ਹੋਊਗਾ ਕਿ ਇੰਗਲੈਂਡ ਨੂੰ ਚੁੰਗੀ ਸੰਬੰਧੀ ਕੁੱਝ ਤਰਜੀਹ ਪ੍ਰਾਪਤ ਕਰਨ ਦੇ ਵਾਸਤੇ ਸਾਡੇ ਨਾਲ ਕੁੱਝ ਇਕਰਾਰ ਕਰਨ ਵਾਸਤੇ ਮਜ਼ਬੂਰ ਹੋਣਾ ਪਵੇਗਾ। ਜੇ ਇੰਗਲੈਂਡ ਭਾਰਤ ਵਿੱਚ ਸਾਡੇ ਬਾਜ਼ਾਰਾਂ ਵਿੱਚ ਪ੍ਰਵੇਸ਼ ਦੀ ਖੁੱਲ੍ਹੀ ਛੁੱਟੀ ਚਾਹੂਗਾ, ਤਾਂ ਉਸਨੂੰ ਸਾਡੇ ਵੱਲੋਂ ਰੱਖੀਆਂ ਗਈਆਂ ਸ਼ਰਤਾਂ ਦੇ ਤਹਿਤ ਹੀ ਆਉਣਾ ਹੋਊਗਾ, ਅਤੇ ਇੱਕ ਅਰਸੇ ਦੇ ਬਾਦ ਜਦੋਂ ਅਸੀਂ ਆਪਣੇ ਸੰਸਾਧਨਾਂ ਦਾ ਵਿਕਾਸ ਕਰ ਲਵਾਂਗੇ ਅਤੇ ਆਪਣੇ ਉਦਯੋਗਿਕ ਖੇਤਰ ਨੂੰ ਸਵੈ ਨਿਰਭਰ ਕਰ ਲਵਾਂਗੇ, ਤਾਂ ਅਸੀਂ ਸਿਰਫ਼ ਇੰਗਲੈਂਡ ਦੇ ਵਾਸਤੇ ਹੀ ਨਹੀਂ, ਸਗੋਂ ਬਰਤਾਨਵੀਂ ਸਾਮਰਾਜ ਦੇ ਹਰ ਇੱਕ ਹਿੱਸੇ ਦੇ ਵਾਸਤੇ ਆਪਣਾ ਦਰਵਾਜ਼ਾ ਖੋਹਲ ਦੇਵਾਂਗੇ ਅਤੇ ਕੀ ਤੁਸੀਂ ਸਮਝਦੇ ਹੋ ਕਿ ਇੰਗਲੈਂਡ ਵਰਗਾ ਮੁੱਠੀ ਭਰ ਆਬਾਦੀ ਵਾਲਾ ਇੱਕ ਛੋਟਾ ਜਿਹਾ ਦੇਸ਼, ਭਾਰਤ ਵਰਗੇ ਪ੍ਰਾਕ੍ਰਿਤਕ ਸੰਸਾਧਨਾਂ ਨਾਲ ਭਰਪੂਰ ਦੇਸ਼ ਦੇ ਨਾਲ ਮੁਕਾਬਲਾ ਕਰ ਸਕੂਗਾ, ਜਿਸਦੇ ਕੋਲੋਂ ਐਨੀ ਵੱਡੀ ਆਬਾਦੀ ਹੈ ਜੋ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ ਸਭ ਤੋਂ ਸਾਊਅਤੇ ਸੰਜ਼ਮੀ ਸਮਝੀ ਜਾਂਦੀ ਹੈ?

ਜੇਕਰ ਸਾਮਰਾਜ ਦੇ ਅੰਦਰ ਸੱਚਮੁੱਚ ਸਾਡੀ ਆਪਣੀ ਸਰਕਾਰ ਬਣ ਜਾਵੇ, ਜੇਕਰ 30 ਕਰੋੜ ਲੋਕਾਂ ਨੂੰ ਉਹੀ ਸੁਤੰਤਰਤਾ ਮਿਲ ਜਾਵੇ ਜੋ ਸਾਮਰਾਜ ਨੂੰ ਹਾਸਿਲ ਹੈ, ਫੇਰ ਤਾਂ ਬਰਤਾਵੀਂ ਸਾਮਰਾਜ ਰਹਿ ਹੀ ਨਹੀਂ ਜਾਊਗਾ। ਭਾਰਤੀ ਸਾਮਰਾਜ ਬਣ ਜਾਊਗਾ......।"

ਬਿ.ਚ. ਪਾਲ

ਨਿਊਸਪਿਰਿਟ, 1907 ਵਿੱਚੋਂ



Original with;
Dr. Gurdev Singh Sidhu
Digitized by;
Panjab Digital Library

Hindu Civilization :—

It may seem to us to present in many of its aspects an almost unthinkable combination of spiritualistic idealism and of gross materialism, of asceticism and of sensuousness, of overweening arrogance when it identifies the human self with the universal self and merges man in the Divinity and the Divinity in man, and of demoralising pessimism when it preaches that life itself is but a painful illusion and that the sovereign remedy and end of all evils is non-existence.

Chirol. 26 P.
Indian unrest.

— . o . —

Educational Policy :—

The main original object of the introduction of Western Education into India was the training a sufficient number of young Indians to fill the subordinate posts in the public offices with English-speaking natives. P. 34

— . o . —



Original with;
Dr. Gurdev Singh Sidhu
Digitized by;
Panjab Digital Library

ਪੰਨਾ 276 (133)

ਹਿੰਦੂ ਸੱਭਿਅਤਾ :

ਸਾਨੂੰ ਇਸ ਤਰ੍ਹਾਂ ਲੱਗ ਸਕਦਾ ਹੈ ਕਿ ਆਪਣੇ ਕਈ ਪਹਿਲੂਆਂ ਦੀ ਦ੍ਰਿਸ਼ਟੀ ਤੋਂ ਇਹ ਇੱਕ ਅਜਿਹਾ ਲਗਭਗ ਕਲਪਨਾ ਬਾਹਰੀ ਸਮੂਹ ਹੈ ਜਿਸ ਵਿੱਚ ਇੱਕ ਪਾਸੇ ਅਧਿਆਤਮਵਾਦੀ ਵਿਚਾਰਵਾਦ ਹੈ ਤਾਂ ਦੂਜੇ ਪਾਸੇ ਸਥੂਲ ਭੌਤਿਕਵਾਦ ਵੀ ਹੈ, ਇੱਕ ਪਾਸੇ ਇੰਦਰਿਆਈ ਤਿਆਗ ਤੇ ਦੂਜੇ ਪਾਸੇ ਇੰਦਰਿਆਈ ਮੋਹ ਇੱਕ ਪਾਸੇ ਇਹ ਮਾਨਵੀ ਆਤਮਾ ਨੂੰ ਪਸ਼ੂਵਤ ਆਤਮਾ ਦੇ ਨਾਲ ਏਕਾਕਾਰ ਕਰਨ ਦਾ ਗੌਰਵਮਈ (ਘਮੰਡੀ) ਦਾਵ੍ਹਾ ਕਰਦਾ ਹੈ ਅਤੇ ਮਨੁੱਖ ਨੂੰ ਦੈਵੀਅਤਾ ਵਿੱਚ ਅਤੇ ਦੈਵੀਅਤਾ ਨੂੰ ਮਨੁੱਖ ਵਿੱਚ ਸਮਾਨਿਤ ਕਰਦਾ ਹੈ, ਤਾਂ ਦੂਜੇ ਪਾਸੇ ਇਹ ਹਤਾਸ਼ ਕਰ ਦੇਣ ਵਾਲਾ ਨਿਰਾਸ਼ਾਦਵਾਦ ਵੀ ਹੈ ਜਿਸਦੇ ਤਹਿਤ ਇਹ ਉਪਦੇਸ਼ ਦਿੰਦਾ ਹੈ ਕਿ ਜੀਵਨ ਆਪਣੇ ਆਪ ਵਿੱਚ, ਦੁਖਦਾਈ ਅਨੁਭਵ ਦੇ ਇਲਾਵਾ ਹੋਰ ਕੁੱਝ ਵੀ ਨਹੀਂ ਹੈ ਅਤੇ ਕਿ ਇਸਤੋਂ ਮੁਕਤੀ ਦਾ ਅਤੇ ਸਾਰੀਆਂ ਬੁਰਾਈਆਂ ਦਾ ਅੰਤ ਦਾ, ਇੱਕ ਮਾਤਰ ਉਪਾਅ ਅਸਤਿੱਤਵਹੀਣ ਹੋ ਜਾਣ ਵਿੱਚ ਹੀ ਹੈ।"

ਸ਼ਿਰੋਲ ਪੰ. 26

ਇੰਡੀਅਨ ਅਨਰੈਸਟ

ਵਿੱਦਿਅਕ ਨੀਤੀ :

ਭਾਰਤ ਵਿੱਚ ਪੱਛਮੀ ਵਿੱਦਿਆ ਨੂੰ ਚਾਲੂਕਰਨ ਦਾ ਮੂਲ ਮੰਤਵ ਨੌਜਵਾਨ ਭਾਰਤੀਆਂ ਦੀ ਇੱਕ ਅੱਛੀ-ਖਾਸੀ ਸੰਖਿਆ ਨੂੰ ਸਿੱਖਿਅਤ (ਟਰੇਂਡ) ਕਰਨਾ ਸੀ, ਤਾਂ ਕਿ ਸਰਕਾਰੀ ਦਫ਼ਤਰਾਂ ਵਿੱਚ ਮੁਤੇਹਤ ਅਹੁਦਿਆਂ ਨੂੰ ਅੰਗਰੇਜ਼ੀ ਬੋਲਣ ਵਾਲੇ ਦੇਸੀ ਲੋਕਾਂ ਨਾਲ ਭਰਿਆ ਜਾ ਸਕੇ।

ਪੰ. 34



Original with;
Dr. Gurdev Singh Sidhu
Digitized by;
Panjab Digital Library

277 How many of the Western educated Indians who have thrown themselves into political agitation against the tyranny of the British bureaucracy have ever raised a finger to free their own fellow-countrymen from the tyranny of those social evils? How many of them are entirely free from it themselves or, if free, have the courage to act up to their opinion?

India Old and New P. 107



Original with;
Dr. Gurdev Singh Sidhu
Digitized by;
Panjab Digital Library

ਪੰਨਾ 277 (134)

ਬਰਤਾਨਵੀਂ ਨੌਕਰਸ਼ਾਹੀ ਦੇ ਅੱਤਿਆਚਾਰ ਦੇ ਖਿਲਾਫ਼ ਆਪਣੇ ਆਪ ਨੂੰ ਰਾਜਨੀਤਕ ਅੰਦੋਲਨ ਵਿੱਚ ਝੋਕ ਦੇਣ ਵਾਲੇ ਕਿੰਨੇ ਪੱਛਮੀ ਵਿੱਦਿਆ ਪ੍ਰਾਪਤ ਭਾਰਤੀਆਂ ਨੇ ਆਪਣੇ ਦੇਸ਼ਵਾਸੀਆਂ ਨੂੰ ਉਹਨਾਂ ਦੀਆਂ ਸਮਾਜਕ ਬੁਰਾਈਆਂ ਦੀ ਕਰੂਰਤਾ ਤੋਂ ਮੁਕਤ ਕਰਨ ਦੇ ਵਾਸਤੇ ਕਦੇ ਉਂਗਲੀ ਉਠਾਈ ਹੈ? ਉਹਨਾਂ ਵਿੱਚੋਂ ਕਿੰਨੇ ਕੁ ਅਜਿਹੇ ਹਨ ਜੋ ਖੁਦ ਇਸਤੋਂ ਮੁਕਤ ਹਨ, ਜਾਂ ਜੇ ਮੁਕਤ ਵੀ ਹਨ, ਤਾਂ ਕੀ ਉਹਨਾਂ ਵਿੱਚ ਆਪਣੀ ਸੋਚ ਦੇ ਅਨੁਸਾਰ ਆਚਰਣ ਦਾ ਹੌਸਲਾ ਵੀ ਹੈ?

– ਇੰਡੀਅਨ ਓਲਡ ਐਂਡ ਨਿਊ, ਪੰ. 107



Original with;
Dr. Gurdev Singh Sidhu
Digitized by;
Panjab Digital Library

No Indian Parliament conceivable!

The Indian National Congress assumed unto itself almost from the beginning the function of a Parliament. There was and is no room for a Parliament in India, because, so long as British rule remains a reality, the Govt of India, as Lord Morley has plainly stated, must be an autocracy — benevolent and full of sympathy with Indian ideas, but still an autocracy

154. Unrest.

Aim & goal of the Congress.

"The Objects of the Indian National Congress are the attainment by the people of India of a System of Govt. similar to that enjoyed by the self-governing members of the British Empire and a participation by them in the rights and responsibilities of the Empire on equal terms."

Malviyaji from the Chair in 1909 Lahore Session of the Congress.



Original with;
Dr Gurdev Singh Sidhu
Digitized by;
Panjab Digital Library

ਪੰਨਾ 278 (135)

ਕਿਸੇ ਭਾਰਤੀ ਸੰਸਦ ਦੀ ਕਲਪਨਾ ਕਰਨਾ ਮੁਸ਼ਕਲ ਹੈ।

ਭਾਰਤੀ ਰਾਸ਼ਟਰੀ ਕਾਂਗਰਸ ਲਗਭਗ ਸ਼ੁਰੂਤੋਂ ਹੀ ਇੱਕ ਸੰਸਦ ਦੀ ਕਾਰਜ ਸ਼ੈਲ਼ੀ ਅਪਣਾ ਚੁੱਕੀ ਸੀ। ਪਰੰਤੂਭਾਰਤ ਵਿੱਚ ਸੰਸਦ ਦੀ ਨਾ ਤਾਂ ਕੋਈ ਗੁੰਜਾਇਸ਼ ਸੀ, ਅਤੇ ਨਾ ਹੈ, ਕਾਰਣ ਕਿ ਜਦੋਂ ਤੱਕ ਬਰਤਾਨਵੀਂ ਸਾਸ਼ਨ ਇੱਕ ਹਕੀਕਤ ਬਣਿਆ ਰਹੂਗਾ, ਉਦੋਂ ਤੱਕ ਭਾਰਤ ਸਰਕਾਰ, ਜਿਵੇਂ ਕਿ ਲਾਰਡ ਮੋਸਲੀ ਨੇ ਸਾਫ਼ ਤੌਰ ਤੇ ਕਿਹਾ ਹੈ, ਇੱਕ ਨਿਰੰਕੁਸ਼ ਤੰਤਰ ਹੀ ਹੋ ਸਕਦਾ ਹੈ – ਜੋ ਭਲੇ ਹੀ ਕਲਿਆਣਕਾਰੀ ਹੋਵੇ ਅਤੇ ਭਾਰਤੀ ਵਿਚਾਰਾਂ ਦੇ ਨਾਲ ਪੂਰੀ ਹਮਦਰਦੀ ਰੱਖੇ, ਫੇਰ ਵੀ ਇਹ ਤਾਨਾਸ਼ਾਹ ਹੀ ਹੋਵੇਗਾ।

154, ਅਨਰੈਸਟ

ਕਾਂਗਰਸ ਦਾ ਉਦੇਸ਼ ਜਾਂ ਟੀਚਾ :

"ਭਾਰਤੀ ਰਾਸ਼ਟਰੀ ਕਾਂਗਰਸ ਦਾ ਉਦੇਸ਼ ਭਾਰਤੀ ਲੋਕਾਂ ਨੂੰ ਸਰਕਾਰ ਦੀ ਇੱਕ ਅਜਿਹੀ ਪ੍ਰਣਾਲੀ ਉਪਲੱਬਧ ਕਰਾਉਣਾ ਹੈ ਜੋ ਠੀਕ ਤਰ੍ਹਾਂ ਦੀ ਹੀ ਹੋਵੇ ਜਿਹੋ ਜਿਹੀ ਬਰਤਾਨਵੀ ਸਾਮਰਾਜ ਦੇ ਅੰਤਰਗਤ ਸਵੈ-ਸਾਸ਼ਿਤ ਦੇਸ਼ ਚਲਾ ਰਹੇ ਹਨ। ਜਿਸ ਵਿੱਚ ਉਹ ਸਾਮਰਾਜ ਦੇ ਅਧਿਕਾਰਾਂ ਅਤੇ ਫ਼ਰਜ਼ਾਂ ਵਿੱਚ ਬਰਾਬਰ ਦੇ ਭਾਗੀਦਾਰ ਹੋਣ।"

ਮਾਲਵੀਆ ਜੀ ਦਾ ਪ੍ਰਧਾਨਗੀ ਭਾਸ਼ਣ 1909
(ਕਾਂਗਰਸ ਦਾ ਲਾਹੌਰ ਅਧਿਵੇਸ਼ਨ)



Original with;
Dr. Gurdev Singh Sidhu
Digitized by;
Panjab Digital Library

13b Re: Constitution of Free India

No one but the voice of the Mother herself will and can determine when once She comes to herself and stands free what constitution shall be adopted by Her for the guidance of Her life after the revolution is over.... Without going into detail we may mention this much, that whether the head of the Imperial Govt of the Indian nation be a President or a King depends upon how the revolution develops itself.... The Mother must be free, must be one and united, must make her will supreme. Then it may be that She gives out this Her will either wearing a kingly crown on her head or a Republican mantle round her sacred form.

Forget not, O Princes! that a strict account will be asked of your doings and non-doings, and a people newly-born will not fail to pay in the coin you paid. Every one who shall have actively betrayed the trust of the people, disowned his fathers, and debased his blood by arraying himself against the Mother — he shall be crushed to dust and ashes.... Do you doubt our grim earnestness? If so hear the name of Dhingra and be dumb. In the name of that martyr, O Indian princes, we ask you to think solemnly and deeply upon these words. Choose as you will and you will reap what you sow. Choose whether you shall be the first of the nation's fathers or the last of nation's tyrants.

P. 196 Indian unrest
"Choose O Princes"

Untouchables: —

From the political point of view the conversion of so many millions of the population of India to the faith of their rulers would open the prospects of such moment that I need not expatiate upon them. P. 184



Original with;
Dr. Gurdev Singh Sidhu
Digitized by;
Panjab Digital Library

ਪੰਨਾ 279 (136)

ਸੁਤੰਤਰ ਭਾਰਤ ਦਾ ਸੰਵਿਧਾਨ

ਹੋਰ ਕੋਈ ਨਹੀਂ, ਬਲਕਿ ਖੁਦ (ਭਾਰਤ) ਮਾਂ ਹੀ ਇਹ ਤੈਅ ਕਰੂਗੀ ਅਤੇ ਕਰ ਸਕਦੀ ਹੈ ਕਿ ਇੱਕ ਵਾਰੀ ਜਦੋਂ ਉਹ ਆਪਣੀ ਆਜ਼ਾਦੀ ਪ੍ਰਾਪਤ ਕਰ ਲੈਂਦੀ ਹੈ ਅਤੇ ਆਜ਼ਾਦ ਹੋ ਜਾਂਦੀ ਹੈ ਤਾਂ ਇਸ ਇਨਕਲਾਬ (ਕਰਾਂਤੀ) ਦੇ ਸੰਪਨ ਹੋ ਜਾਣ ਦੇ ਬਾਦ ਉਹ ਆਪਣੇ ਜੀਵਨ ਦੇ ਮਾਰਗ ਦਰਸ਼ਨ ਦੇ ਵਾਸਤੇ ਕਿਹੋ ਜਿਹਾ ਸੰਵਿਧਾਨ ਅਪਣਾਏਗੀ...। ਬਿਨਾਂ ਵਿਸਤਾਰ ਵਿੱਚ ਜਾਂਦਿਆ, ਅਸੀਂ ਐਨਾ ਆਖ ਸਕਦੇ ਹਾਂ ਕਿ ਭਾਰਤੀ ਰਾਸ਼ਟਰ ਦੀ ਇੰਮਪੀਰੀਅਲ ਸਰਕਾਰ ਦਾ ਮੁਖੀਆ ਰਾਸ਼ਟਰਪਤੀ ਬਣੂਗਾ ਜਾਂ ਰਾਜਾ, ਇਹ ਉਸ ਉੱਪਰ ਨਿਰਭਰ ਕਰਦਾ ਹੈ ਕਿ ਇਹ ਕਰਾਂਤੀ ਖੁਦ ਨੂੰ ਕਿਵੇਂ ਅੱਗੇ ਵਧਾਉਂਦੀ ਹੈ.....। ਮਾਂ ਦਾ ਆਜ਼ਾਦ ਹੋਣਾ, ਉਸਦਾ ਅਖੰਡ ਅਤੇ ਇੱਕ ਹੋਣਾ ਅਤੇ ਉਸਦੀ ਇੱਛਾ ਦਾ ਸਰਵ ਉੱਚ ਰਹਿਣਾ ਜ਼ਰੂਰੀ ਹੈ। ਉਸਦੇ ਬਾਦ ਹੀ ਉਹ ਆਪਣੀ ਇੱਛਾ ਜ਼ਾਹਿਰ ਕਰ ਸਕਦੀ ਹੈ ਕਿ ਉਹ ਆਪਣੇ ਸਿਰ ਉੱਤੇ ਰਾਜਸੀ ਮੁਕਟ ਧਾਰਣ ਕਰੇ ਜਾਂ ਆਪਣੀ ਪਵਿੱਤਰ ਕਾਇਆ ਨੂੰ ਗਣਤਾਂਤਰਿਤ ਲਿਬਾਸ ਨਾਲ ਸਸ਼ੋਭਿਤ ਕਰੇ।

ਪਰ ਮੱਤ ਭੁੱਲੋ ਓਏ ਰਾਜਿਓ ਕਿ ਤੁਹਾਡਿਆਂ ਕਾਰਨਾਮਿਆਂ ਅਤੇ ਕਰਤੂਤਾਂ ਦਾ ਸਖ਼ਤ ਹਿਸਾਬ ਲਿਆ ਜਾਊਗਾ ਅਤੇ ਨਵਾਂ ਜਨਮ ਲਈ ਹੋਈ ਜਨਤਾ ਤੁਹਾਡੇ ਨਾਲ ਤੁਹਾਡੇ ਹੀ ਢੰਗ ਨਾਲ ਹਿਸਾਬ ਚੁਕਤਾ ਕਰਨਾ ਨਹੀਂ ਭੁੱਲੂਗੀ। ਹਰ ਕੋਈ ਜੋ ਲੋਕਾਂ ਦੇ ਨਾਲ ਜਾਣ ਬੁੱਝ ਕੇ ਵਿਸਵਾਸ਼ਘਾਤ ਕਰੂਗਾ ਆਪਣੇ ਪੁਰਖਿਆਂ ਦਾ ਤਿਰਸਕਾਰ (ਅਪਮਾਨ) ਕਰੂਗਾ ਅਤੇ ਮਾਂ ਦੇ ਖਿਲਾਫ ਜਾ ਕੇ ਆਪਣੇ ਖ਼ੂਨ ਨੂੰ ਗੰਦਾ ਕਰੂਗਾ.....ਉਸਨੂੰ ਕੁਚਲਕੇ ਗਰਦ ਅਤੇ ਧੂੜ ਵਿੱਚ ਮਿਲਾ ਦਿੱਤਾ ਜਾਵੇਗਾ। ਕੀ ਤੁਹਾਨੂੰ ਸਾਡੇ ਇਸ ਕਠੋਰ ਸੰਕਲਪ ਉੱਤੇ ਸ਼ੰਕਾ ਹੈ? ਜੇ ਹੈ, ਤਾਂ ਸੁਣ ਲਵੋ ਨਾਮ ਧੀਂਗੜਾ (ਢੀਂਗਰਾ) ਦਾ ਅਤੇ ਚੁੱਪ ਹੋ ਜਾਵੋ। ਉਸ ਸ਼ਹੀਦ ਦਾ ਨਾਮ ਲੈ ਕੇ ਆਖਦੇ ਹਾਂ ਕਿ ਹੇ ਭਾਰਤੀ ਰਾਜਿਓ, ਇਹਨਾਂ ਸ਼ਬਦਾਂ ਬਾਰੇ ਗੰਭੀਰਤਾ ਅਤੇ ਗਹਿਰਾਈ ਨਾਲ ਸੋਚੋ। ਜਿਵੇਂ ਮਰਜ਼ੀ ਹੋਵੇ ਕਰੋ, ਪਰੰਤੂ ਤੁਸੀਂ ਉਹੀ ਕੱਟੋਗੇ ਜੋ ਬੀਜੋਗੇ। ਚੁਣ ਲਵੋ ਕਿ ਤੁਸੀਂ ਰਾਸ਼ਟਰ ਦੇ ਸੰਸਥਾਪਕਾਂ ਵਿੱਚੋਂ ਪਹਿਲਾਂ ਬਣੋਂਗੇ ਜਾਂ ਰਾਸ਼ਟਰ ਦੇ ਅੱਤਿਆਚਾਰੀਆਂ ਵਿੱਚੋਂ ਆਖਰੀ।

ਪੰ. 196, ਇੰਡੀਅਨ ਅਨਰੈਸਟ
"ਤੈਹ ਕਰੋ, ਉਏ ਭਾਰਤੀ ਹੁਕਮਰਾਨੋ"

ਅਛੂਤ :

ਰਾਜਨੀਤਕ ਦ੍ਰਿਸ਼ਟੀਕੋਣ ਤੋਂ ਭਾਰਤੀ ਆਬਾਦੀ ਦੇ ਲੱਖਾਂ ਲੋਕਾਂ ਦਾ ਆਪਣੇ ਸਾਸ਼ਕਾਂ ਦੀ ਆਸਥਾ ਦੇ ਅਨੁਰੂਪ ਧਰਮਾਂਤਰਣ (ਧਰਮੀ ਬਦਲੀ) ਅਜਿਹੀਆਂ ਸੰਭਾਵਨਾਵਾਂ ਦੇ ਬੂਹੇ ਖੋਹਲ ਦੇਵੇਗਾ ਕਿ ਮੈਂ ਉਹਨਾਂ ਦਾ ਵਿਸਥਾਰ ਪੂਰਵਕ ਵਰਨਣ ਕਰਨ ਦੀ ਜ਼ਰੂਰਤ ਨਹੀਂ ਮਹਿਸੂਸ ਕਰਦਾ।

ਪੰ. 184



Original with;
Dr. Gurdev Singh Sidhu
Digitized by;
Panjab Digital Library

... Tempted by gold some native devils in form human
the disgrace of India — the police — arrests those great
men Aurobindo Ghosh and others who worked for the
freedom of their country by sacrificing their
interests and dedicating their lives in the performance
of the sacred ceremony of "Jagna" (यज्ञ) preparing
trouble. The greatest of these devils in human
form Ashutosh Bishwas began to pave for these
heroes the way to the gallows. Bravo Charu!
(the murderer of Biswas) all honour to your
parents to glorify them, to show the highest
degree of courage disregarding the paltry
short span of life you removed the figure of
that monster from the world. Not long ago
the whites by force and trick filched India
from the Indians. That mean wretch
Shams-ul-alam who espoused the
cause of the enemies of Alamgir Padshah
who put a stain on the name of his forefather
for the sake of gold — today you have removed
that fiend from the sacred soil of India.
From Naren Gosain to Lalit Chakravarti
all turned approver through the ~~machina~~
machination of that fiendish wizard



Original with;
Dr. Gurdev Singh Sidhu
Digitized by;
Panjab Digital Library

ਪੰਨਾ 280 (137)

ਕਤਲ ਨਹੀਂ ਯੱਗ

ਸੋਨੇ ਦੀ ਮੁਦਰਾ ਪ੍ਰਾਪਤ ਕਰਨ ਦੇ ਲਾਲਚ ਵਿੱਚ ਮਨੁੱਖੀ ਭੇਖਧਾਰੀ ਭੂਤਣੇ-ਇਨਸਾਨਾਂ, ਭਾਰਤ ਦੇ ਕਲੰਕ ਪੁਲਸ - ਨੇ ਵਰੀਂਦਰ ਘੋਸ਼ ਆਦਿ ਉਹਨਾਂ ਮਹਾਨ ਸਪੂਤਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਹੜੇ ਆਪਣੇ ਨਿੱਜੀ ਹਿੱਤਾਂ ਦਾ ਬਲੀਦਾਨ ਕਰਕੇ ਅਤੇ ਬੰਬ ਬਣਾਉਣ ਵਰਗੇ 'ਯੱਗ' ਦੇ ਪਵਿੱਤਰ ਅਨੁਸ਼ਠਾਨ ਨੂੰ ਪੂਰਾ ਕਰਨ ਵਿੱਚ ਆਪਣਾ ਜੀਵਨ ਸਮਰਪਿਤ ਕਰਕੇ ਆਪਣੇ ਦੇਸ਼ ਦੀ ਆਜ਼ਾਦੀ ਦੇ ਵਾਸਤੇ ਕੰਮ ਕਰ ਰਹੇ ਸਨ। ਇਹਨਾਂ ਭੂਤਣੇ-ਇਨਸਾਨਾਂ ਵਿੱਚ ਸਭ ਤੋਂ ਵੱਡਾ ਭੂਤਨਾ, 'ਆਸ਼ੂਤੋਸ਼ ਵਿਸਵਾਸ਼' ਇਹਨਾਂ ਬਹਾਦਰ ਸਪੂਤਾਂ ਨੂੰ ਫਾਂਸੀ ਦੇ ਤਖਤੇ ਉੱਤੇ ਪਚਾਉਣ ਦਾ ਰਾਹ ਸਾਫ਼ ਕਰਨ ਲੱਗਿਆ। ਲੇਕਿਨ ਸ਼ਾਬਾਸ਼ ਚਾਰੂ। (ਆਸ਼ੂਤੋਸ਼ ਵਿਸਵਾਸ਼ ਨੂੰ ਖਤਮ ਕਰਨ ਵਾਲਿਆ) ਤੇਰੇ ਮਾਂ-ਬਾਪ ਸਭ ਦੇ ਪੂਜਣ ਯੋਗ ਹਨ। ਤੂੰ ਉਹਨਾਂ ਦਾ ਸਿਰ ਉੱਚਾ ਕੀਤਾ ਹੈ, ਸਭ ਤੋਂ ਵੱਡਾ ਹੌਸਲੇ ਦਾ ਸਬੂਤ ਦਿੱਤਾ ਹੈ, ਜੋ ਇਸ ਪਲ ਭਰ ਜੀਵਨ ਦੀ ਪ੍ਰਵਾਹ ਨਾ ਕਰਦੇ ਹੋਇਆਂ, ਇਸ ਭੂਤਨੇ ਇਨਸਾਨ ਦੀ ਇਸ ਦੁਨੀਆਂ ਤੋਂ ਛੁੱਟੀ ਕਰ ਦਿੱਤੀ। ਅਜੇ ਜ਼ਿਆਦਾ ਦਿਨ ਨਹੀਂ ਹੋਏ ਜਦੋਂ ਗੋਰਿਆਂ ਨੇ, ਛਲ-ਬਲ ਦੇ ਨਾਲ ਭਾਰਤ ਨੂੰ ਭਾਰਤੀਆਂ (ਮੂਲ ਪਾਠ ਵਿੱਚ ਮਹੁੰਮਦਨਾ-ਸੰ.) ਕੋਲੋਂ, ਚੋਰ ਉਚੱਕਿਆਂ ਦੀ ਤਰ੍ਹਾਂ ਝਪਟ ਲਿਆ ਸੀ। ਅਤੇ ਉਹ ਕਮੀਨਾ ਸਮਸ-ਉਲ-ਆਲਮ, ਜਿਸਨੇ ਉਸ ਆਲਮਗੀਰ ਪਾਤਸ਼ਾਹ ਦਾ ਰਸਤਾ ਅਪਣਾਇਆ ਜਿਸਨੇ ਸੋਨੇ ਦੀ ਮੁਦਰਾ ਪ੍ਰਾਪਤ ਕਰਨ ਦੇ ਵਾਸਤੇ ਲਾਲਚ ਵਿੱਚ ਆਪਣੀ ਬਜ਼ੁਰਗਾਂ ਦੇ ਨਾਂ ਨੂੰ ਕਲੰਕਿਤ ਕੀਤਾ, ਅੱਜ ਉਸ ਦੁਸ਼ਟ ਨੂੰ ਤੂੰ ਭਾਰਤ ਦੀ ਇਸ ਪਵਿੱਤਰ ਧਰਤੀ ਤੋਂ ਮਿਟਾ ਦਿੱਤਾ ਹੈ। ਨਰੇਨ ਗੋਸਾਈਂ ਤੋਂ ਲੈ ਕੇ ਤਲਿਤ ਚੱਕਰਵਰਤੀ ਤੱਕ ਸਾਰੇ ਉਸ ਕਮੀਨੇ ਜਾਲਸਾਜ ਸ਼ਮਸ-ਉਲ-ਆਲਾ ਦੀਆਂ ਜਾਲਸਾਜ਼ੀਆਂ ਅਤੇ ਤਸੀਹਿਆਂ ਦੇ ਫਲਸਰੂਪ ਸਰਕਾਰੀ ਗਵਾਹ ਬਣ ਗਏ ਸਨ। ਜੇਕਰ ਤੂੰ ਭੂਤਨੇ ਇਨਸਾਨਾਂ ਦੀ ਇਸ ਮੱਦਦਗਾਰ ਦੀ ਛੁੱਟੀ ਨਾ ਕਰ ਦਿੱਤੀ ਹੁੰਦੀ ਤਾਂ ਕੀ ਭਾਰਤ ਦੇ ਵਾਸਤੇ ਕੋਈ ਉਮੀਦ ਬਚੀ ਰਹਿ ਜਾਂਦੀ?

ਕਈ ਲੋਕੀਂ ਇਹ ਚੀਕ-ਚਿਹਾੜਾ ਪਾ ਰਹੇ ਹਨ ਕਿ ਬਗਾਵਤ ਕਰਨੀ ਮਹਾਂ ਪਾਪ ਹੈ। ਪਰੰਤੂ ਬਗਾਵਤ ਹੈ ਕੀ? ਕੀ ਭਾਰਤ ਵਿੱਚ ਕੋਈ ਅਜਿਹੀ ਚੀਜ਼ ਹੈ, ਜਿਸਦੇ ਖਿਲਾਫ਼ ਬਗਾਵਤ ਕੀਤੀ ਜਾਵੇ? ਕੀ ਇਹ ਫਰੰਗੀ ਨੂੰ ਭਾਰਤ ਦਾ ਬਾਦਸ਼ਾਹ ਮੰਨਿਆ ਜਾ ਸਕਦਾ ਹੈ, ਜਿਸਨੂੰ ਛੋਹ ਮਾਤਰ ਨਾਲ, ਜਿਸਦਾ ਮਹਿਜ਼ ਪਰਛਾਵਾਂ ਲੈ ਜਾਣ ਨਾਲ ਹੀ ਹਿੰਦੂ ਆਪਣਾ ਸ਼ੁੱਧੀਕਰਣ ਕਰਨ ਦੇ ਵਾਸਤੇ ਮਜ਼ਬੂਰ ਹੋ ਜਾਂਦੇ ਹਨ?

ਇਹ ਮਹਿਜ਼ ਪੱਛਮੀ ਹਨ ਜੋ ਭਾਰਤ ਨੂੰ ਲੁੱਟ ਰਹੇ ਹਨ......। ਇਹਨਾਂ ਨੂੰ ਬਾਹਰ ਕਢੋ ਸੁੱਟੋ, ਹੇ ਭਾਰਤ ਦੇ ਸਪੂਤੋ। ਉਹ ਤੁਹਾਨੂੰ ਜਿੱਥੇ ਕਿਤੇ ਵੀ ਮਿਲਣ, ਉਹਨਾਂ ਉੱਤੇ ਅਤੇ ਉਹਨਾਂ ਦੇ ਸਾਥੀ ਮੁਖਬਰਾਂ ਅਤੇ ਖੁਫੀਆ ਏਜੰਟਾਂ ਉੱਤੇ ਕੋਈ ਰਹਿਮ ਨਾ ਕਰੋ। ਪਿਛਲੇ ਵਰ੍ਹੇ, ਇਕੱਲੇ ਬੰਗਾਲ ਵਿੱਚ ਹੀ 19 ਲੱਖ ਲੋਕੀਂ ਬੁਖਾਰ, ਚੇਚਕ, ਹੈਜ਼ਾ, ਪਲੇਗ ਅਤੇ ਹੋਰ ਦੂਜੀਆਂ ਬੀਮਾਰੀਆਂ ਨਾਲ ਮਰ ਗਏ। ਤੁਸੀਂ ਆਪਣੇ ਆਪ ਨੂੰ ਖੁਸ਼ਨਸੀਬ ਸਮਝੋ ਕਿ ਤੁਸੀਂ ਬਚ ਗਏ, ਪਰੰਤੂ ਯਾਦ ਰੱਖੋ ਕਿ ਕੱਲ੍ਹ ਨੂੰ ਤੁਸੀਂ ਵੀ ਪਲੇਗ ਅਤੇ ਹੈਜ਼ੇ ਦੀ ਲਪੇਟ ਵਿੱਚ ਆ ਸਕਦੇ ਹੋ। ਕੀ ਤੁਹਾਡੇ ਲਈ ਇਹ ਬੇਹਤਰ ਨਹੀਂ ਹੋਊਗਾ ਕਿ ਤੁਸੀਂ ਬਹਾਦਰਾਂ ਦੀ ਮੌਤ ਮਰੋ? ਜਦੋਂ ਭਗਵਾਨ ਦਾ ਇਹੋ ਹੀ ਵਿਧਾਨ ਹੈ, ਤਾਂ ਜ਼ਰਾ ਸੋਚੋ ਕਿ ਤੁਸੀਂ ਇਸ ਘੜੀ ਵਿੱਚ ਭਾਰਤ ਦੇ ਹਰ ਇੱਕ ਸਪੂਤ ਦਾ ਫਰਜ਼ ਨਹੀਂ ਕਿ ਉਹ ਇਹਨਾਂ ਗੋਰ ਦੁਸ਼ਮਣਾਂ ਦਾ ਸਫ਼ਾਇਆ ਕਰੇ?



Original with;
Dr. Gurdev Singh Sidhu
Digitized by;
Panjab Digital Library

to die of plague and cholera thus polluting the sacred soil of the Mother India. Our Shastras are one guide for discriminating between virtue and vice. Our Shastras repeatedly tell us that the killing of these white fiends and of their aiders and abettors is equal to a great ceremonial sacrifice (ashwamedh yagna). Come one and all, let us offer our sacrifice before the altar in chorus and pray that in this ceremony all white scrpents may perish in the flames as the vipers perished in the serpents slaying ceremony of Janma Yagna. Keep in mind that "it is not murder but yagna; a sacrificial rite".

{P 342. notes}

J. U.

---

Total electors in India 62,00,000 viz 2 3/4 % of the total population throughout India and in direct British administration, excluding the areas to which the 1919 act was not to be applied.

194 J.O.A



Original with;
Dr. Gurdev Singh Sidhu
Digitized by;
Panjab Digital Library

ਪੈਨਾ 282 (138)

ਆਪਣੇ ਆਪਨੂੰ ਪਲੇਗ ਅਤੇ ਹੈਜ਼ੇ ਨਾਲ ਨਾ ਮਰਨ ਦੇਵੋ, ਅਜਿਹਾ ਕਰਕੇ ਭਾਰਤ ਮਾਂ ਦੀ ਪਵਿੱਤਰ ਭੂਮੀ ਦੂਸ਼ਿਤ ਨਾ ਕਰੋ। ਪੁੰਨ ਅਤੇ ਪਾਪ ਵਿੱਚ ਫ਼ਰਕ ਕਰਨ ਦੇ ਵਾਸਤੇ ਆਪਣੇ ਸ਼ਾਸ਼ਤਰ ਸਾਡਾ ਮਾਰਗ ਦਰਸ਼ਕ ਹਨ। ਆਪਣੇ ਸ਼ਾਸ਼ਤਰ (ਧਾਰਮਕ ਗ੍ਰੰਥ) ਵਾਰ ਵਾਰ ਸਾਨੂੰ ਦੱਸਦੇ ਹਨ ਕਿ ਇਹਨਾਂ ਗੋਰੇ ਕਮੀਨਿਆਂ ਅਤੇ ਉਹਨਾਂ ਦੇ ਸਹਿਯੋਗੀ ਝੋਲੀ ਚੁੱਕਾਂ ਅਤੇ ਸਹਿ ਅਪਰਾਧੀਆਂ ਨੂੰ ਕਤਲ ਕਰਨਾ ਅਸ਼ਵਮੇਧ ਯੱਗ ਦੇ ਬਰਾਬਰ ਹੈ। ਆਓ ਸਾਰਿਆਂ ਦੇ ਸਾਰੇ ਆਓ। ਆਓ ਆਪਾਂ ਸਾਰੇ ਮਿਲਕੇ ਇਸ ਬਲੀ ਬੇਦੀ ਉੱਤੇ ਆਪਣੀ ਯੱਗ-ਅਹੂਤੀ ਅਰਪਿਤ ਕਰੀਏ, ਅਤੇ ਪ੍ਰਾਰਥਨਾ ਕਰੀਏ ਕਿ ਇਸ ਯੁੱਗ ਵਿੱਚ ਸਾਰੇ ਗੋਰੇ ਸੱਪ ਇਸਦੀ ਜਵਾਲਾ ਵਿੱਚ ਇੰਝ ਹੀ ਭਸਮ ਹੋ ਜਾਣ ਜਿਵੇਂ ਜਨਮੇਜਯ ਯੱਗ ਵਿੱਚ ਸੱਪ ਨਸ਼ਟ ਹੋ ਗਏ ਸਨ। ਯਾਦ ਰੱਖੋ, ਇਹ ਕਤਲ ਨਹੀਂ : ਯੱਗ ਹੈ।

(ਪੰ. 342, ਨੋਟਸ) ਆਈ. ਯੂ.

"ਭਾਰਤ ਵਿੱਚ ਕੁੱਲ ਮੱਤਦਾਤਾ 62,00,000 ਅਰਥਾਤ ਭਾਰਤ ਕੁੱਲ ਆਬਾਦੀ ਦਾ 2 ਪ੍ਰਤੀਸ਼ਤ ਹਨ ਜਿਹਨਾਂ ਵਿੱਚ ਉਹ ਖੇਤਰ ਸ਼ਾਮਲ ਨਹੀਂ, ਜਿਹਨਾਂ ਉੱਤੇ 1919 ਦਾ ਕਾਨੂੰਨ ਨਹੀਂ ਲਾਗੂ ਹੁੰਦਾ ਸੀ।"

194
ਆਈ. ਓ. ਐਨ.



Original with;
Dr. Gurdev Singh Sidhu
Digitized by;
Panjab Digital Library

India Old & New : Chirol 6.



"The British people will have to beware that if they do not want to do justice, it will be the bounden duty of every Indian to destroy the Empire." Mahatmaji (Nagpur Congress)

191

: o –

Rural & Urban Question :—

What a change has come in 1952

Some official ingenuity had been displayed in grouping remote towns together without any regard for geography in order to prevent townsmen undesirably addicted to advanced ~~politics~~ political views from standing as candidates for the rural constituencies in which many of the smaller towns would otherwise have been naturally merged. This was a last effort based on the old belief that the population of the Punjab could be divided into goats and sheep, the goats being the 'disloyal' townsmen and the sheep being the 'loyal' peasantry



Original with;
Dr. Gurdev Singh Sidhu
Digitized by;
Panjab Digital Library

ਪੰਨਾ 283 (140)

ਇੰਡੀਆ ਓਲਡ ਐਂਡ ਨਿਊ: ਸ਼ਿਰੋਲ ਵੀ.

"ਬ੍ਰਿਟਿਸ਼ ਲੋਕੀਂ ਇਹ ਸਮਝ ਲੈਣ ਕਿ ਜੇਕਰ ਉਹ ਇਨਸਾਫ਼ ਨਹੀਂ ਕਰਨਾ ਚਾਹੁੰਦੇ, ਤਾਂ ਹਰ ਇੱਕ ਭਾਰਤੀ ਦਾ ਪਰਮ-ਕਰੱਤਵ ਬਣ ਜਾਊਗਾ ਕਿ ਇਸ ਸਾਮਰਾਜ ਨੂੰ ਨਸ਼ਟ ਕਰ ਦੇਵੇ।"

ਮਹਾਤਮਾ ਜੀ (ਨਾਗਪੁਰ ਕਾਂਗਰਸ)

ਦਿਹਾਤ ਅਤੇ ਸ਼ਹਿਰ ਦਾ ਪ੍ਰਸ਼ਨ

ਕੁੱਲ ਸਰਕਾਰੀ ਸਿਆਣਪ ਇਸ ਰੂਪ ਵਿੱਚ ਵਿਖਾਈ ਗਈ ਸੀ ਕਿ ਭੂਗੋਲਿਕ ਸਥਿਤੀ ਉੱਪਰ ਬਿਨਾਂ ਧਿਆਨ ਦਿੱਤੇ, ਦੂਰ-ਦੁਰੇਡੇ ਦੇ ਸ਼ਹਿਰਾਂ ਨੂੰ ਇੱਕ ਚੋਣ ਖੇਤਰ ਵਿੱਚ ਰੱਖ ਦਿੱਤਾ ਗਿਆ ਸੀ, ਤਾਂ ਕਿ ਅਜਿਹੇ ਸ਼ਹਿਰੀ ਵਿਅਕਤੀਆਂ ਨੂੰ ਜੋ ਕਿ (ਸਰਕਾਰ ਦੇ) ਨਾ ਚਾਹੁੰਦੇ ਹੋਇਆਂ ਵੀ ਵੱਧ ਵਿਕਸਤ ਰਾਜਨੀਤਕ ਦ੍ਰਿਸ਼ਟੀਕੋਣ ਅਪਣਾ ਚੁੱਕੇ ਸਨ, ਉਹਨਾਂ ਪੇਂਡੂਹਲਕਿਆਂ ਵਿੱਚੋਂ ਉਮੀਦਵਾਰ ਬਣਨ ਤੋਂ ਰੋਕਿਆ ਜਾ ਸਕੇ, ਜਿਹਨਾਂ ਵਿੱਚ ਜੇਕਰ ਉਪਰੋਕਤ ਵਿਵਸਥਾ ਨਾ ਕੀਤੀ ਗਈ ਹੁੰਦੀ ਤਾਂ ਕਈ ਇੱਕ ਛੋਟੇ ਸ਼ਹਿਰ ਵੀ ਸੁਭਾਵਿਕ ਤੌਰ ਤੇ ਸ਼ਾਮਿਲ ਹੋ ਜਾਂਦੇ। ਇਹ ਇੱਕ ਆਖਰੀ ਯਤਨ ਸੀ ਜਿਹੜਾ ਇਸ ਵਿਸਵਾਸ਼ ਉੱਤੇ ਆਧਾਰਤ ਸੀ ਕਿ ਪੰਜਾਬ ਦੀ ਆਬਾਦੀ ਨੂੰ ਬੱਕਰੀਆਂ ਅਤੇ ਭੇਡਾਂ ਦੇ ਰੂਪ ਵਿੱਚ ਵੰਡਿਆ ਜਾ ਸਕਦਾ ਸੀ ਜਿਸ ਵਿੱਚ ਬੱਕਰੀਆਂ "ਵਿਸਵਾਸ਼ਘਾਤੀ" ਸ਼ਹਿਰੀ ਲੋਕ ਅਤੇ ਭੇਡਾਂ "ਵਿਸਵਾਸ਼ਪਾਤਰ" ਕਿਸਾਨ ਸਮੁਦਾਇ ਦੇ ਲੋਕੀਂ ਮੰਨੇ ਗਏ ਸਨ।

ਖਾਲਸਾ ਕਾਲਜ 1892 ਵਿੱਚ ਸਥਾਪਿਤ ਹੋਇਆ ਸੀ।



Original with;
Dr. Gurdev Singh Sidhu
Digitized by;
Panjab Digital Library

India as I knew it!

Truly the path of a 'Mahatma' is difficult, and it is not surprising that Gandhi has recently tried to repudiate the title — and its responsibilities. His influence in India is steadily waning, but his ascetic pose and the vague impracticable Tolstoyan theories which he so skilfully enunciates as great moral truths, seem to have deluded many well meaning but weakminded people in sentimental England and some even in logical France who are on the look out for a new light from the east." — P. 65

Informer. — The failure of the authorities in that case to conceal and protect the informer (or approver James Carey who betrayed the Invincible gang of the revolutionaries and due to whose evidence Brady, Fitzharbert and Mullen were hanged for the Phoenix Park double murder i.e. Chief and under Secretaries. The informer was shot dead on board at Durban by a young revolutionary O'Donnell) even though his assassin was brought to justice, was I believe, one of the chief reasons why the supply of that contemptible but useful class, previously so common in Irish conspiracies, ran dry at the source. As Lieut. Governor of Punjab, before and during the Great War, I had to deal with many revolutionary conspiracies, in unravelling which the genus informer played a considerable role, and our precautions were so thorough that not in a single case did an informer come to any injury.



Original with;
Dr. Gurdev Singh Sidhu
Digitized by;
Panjab Digital Library

ਪੰਨਾ 284 (141)

ਭਾਰਤ ਜਿਹੋ ਜਿਹਾ ਮੈਂ ਇਸ ਨੂੰ ਜਾਣਿਆ

"ਇੱਕ ਮਹਾਤਮਾ ਦਾ ਮਾਰਗ ਸੱਚੀਂ ਮੁੱਚੀਂ ਕਠਿਨ ਹੈ ਅਤੇ ਇਹ ਹੈਰਾਨੀਜਨਕ ਨਹੀਂ ਹੈ ਕਿ ਗਾਂਧੀ ਨੇ ਹੁਣੇ ਜਿਹੇ ਹੀ ਇਸ ਉਪਾਧੀ ਨੂੰ – ਅਤੇ ਇਸਦੀ ਜ਼ੁੰਮੇਵਾਰੀਆਂ ਨੂੰ ਤਿਆਗ ਦੇਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਵਿੱਚ ਉਸਦਾ ਪ੍ਰਭਾਵ ਲੱਗਭਗ ਘਟਦਾ ਜਾ ਰਿਹਾ ਹੈ, ਫਿਰ ਵੀ ਉਹਨਾਂ ਦਾ ਸੰਨਿਆਸੀ ਦਾ ਬਾਣਾ ਅਤੇ ਮਹਾਨ ਨੈਤਿਕ ਸੱਚਾਈਆਂ ਦੇ ਰੂਪ ਵਿੱਚ ਉਹਨਾਂ ਵਲੋਂ ਅਤਿਅੰਤ ਕੁਸ਼ਲਤਾ ਨਾਲ ਨਿਰੂਪਿਤ ਕੀਤੇ ਜਾਣ ਵਾਲੇ ਅਸਪੱਸ਼ਟ ਅਤੇ ਗੈਰ ਵਿਵਹਾਰਕ ਟਾਲਸਟਾਏ ਮਾਰਗ ਸਿਧਾਂਤ ਬਥੇਰੇ ਲੋਕਾਂ ਨੂੰ ਸਾਰਥਕ ਲੱਗਣ ਦਾ ਭਰਮ ਦਿੰਦੇ ਹਨ ਅਤੇ ਭਾਵੁਕ ਇੰਗਲੈਂਡ ਦੇ ਦੁਰਲਭ ਮਨ ਵਾਲੇ ਅਤੇ ਫਰਾਂਸ ਦੇ ਕੁੱਝ ਤਰਕਸ਼ੀਲ ਲੋਕ ਵੀ ਏਸੇ ਭਰਮ (ਭੁਲੇਖੇ) ਵਿੱਚ ਹਨ ਜਿਹੜੇ ਪੂਰਬ ਕੋਲੋਂ ਇੱਕ ਨਵੀਂ ਰੌਸ਼ਨੀ ਦੀ ਉਮੀਦ ਲਾਈ ਬੈਠੇ ਹਨ।

ਪੰ. 65

ਮੁਖਬਿਰ :

ਆਇਰਸ਼ ਸਾਜਿਸ਼ਾਂ ਵਿੱਚ ਜੋ ਘ੍ਰਿਣਤ ਪਰੰਤੂਉਪਯੋਗੀ ਵਰਗ ਆਮ ਤੌਰ ਤੇ (ਮੁਖਬਿਰਾਂ ਦੀ – ਸੰ.) ਅਪੂਰਤੀ ਕਰਿਆ ਕਰਦਾ ਸੀ, ਉਹ ਜੜ ਤੋਂ ਹੀ ਕਿਉਂ ਮੁੱਕ ਗਿਆ, ਇਸਦੇ ਮੁੱਖ ਕਾਰਣਾਂ ਵਿੱਚ ਮੈਂ ਸਮਝਦਾ ਹਾਂ ਇੱਕ ਤਾਂ ਇਹ ਵੀ ਰਿਹਾ ਹੋਊਗਾ ਕਿ ਸੱਤਾਧਾਰੀ ਆਪਣੇ ਮੁਖਬਰਾਂ ਨੂੰ ਲੁਕੋਣ ਅਤੇ ਬਚਾਉਣ ਵਿੱਚ ਅਸਫਲ ਰਹੇ। ਜਿਵੇਂ ਜ਼ੇਮਜ਼ ਕੈਰੀ ਦੇ ਮਾਮਲੇ ਵਿੱਚ, ਜਦੋਂ ਕਿ ਉਸਨੇ ਇਨਕਲਾਬੀਆਂ ਦੇ ਗੁਪਤ ਗਿਰੋਹ ਦਾ ਪਰਦਾ ਫਾਸ਼ ਕੀਤਾ ਸੀ ਅਤੇ ਉਸਦੀ ਗਵਾਹੀ ਤੇ ਬਰੈਡੀ, ਫਿਟਜ਼ਹਰਬਰਟ ਅਤੇ ਮਲੇਨ ਨੂੰ ਫੀਨਿਕਸ ਪਾਰਕ ਦੀਆਂ ਦੋ ਹੱਤਿਆਵਾਂ, ਅਰਥਾਤ ਚੀਫ ਸੈਕਟਰੀ ਅਤੇ ਅੰਡਰੀ ਸੈਕਟਰੀ ਦੇ ਕਤਲਾਂ ਦੇ ਬਦਲੇ ਫਾਂਸੀ ਉੱਤੇ ਚੜ੍ਹਾ ਦਿੱਤਾ ਗਿਆ। ਉਸ ਮੁਖਬਰ ਦੀ ਇੱਕ ਨੌਜਵਾਨ ਇਨਕਲਾਬੀ ਓ–ਡਾਨੇਲ ਨੇ ਡਰਬਨ ਵਿੱਚ–ਦਿਹਾੜੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ। ਭਾਵੇਂ ਕਿ ਹੱਤਿਆ ਕਰਨ ਵਾਲਾ ਫੜ ਲਿਆ ਗਿਆ। ਮਹਾਂਯੁੱਧ ਤੋਂ ਪਹਿਲਾਂ ਅਤੇ ਉਸਦੇ ਦੌਰਾਨ, ਪੰਜਾਬ ਦੇ ਲੈਫਟੀਨੈਂਟ ਗਵਰਨਰ ਦੇ ਰੂਪ ਵਿੱਚ, ਮੇਰਾ ਕਈ ਇਨਕਲਾਬੀ ਸਾਜਿਸ਼ਾਂ ਨਾਲ ਪਾਲਾ ਪਿਆ, ਜਿਹਨਾਂ ਦਾ ਪਰਦਾ ਫਾਸ਼ ਕਰਨ ਵਿੱਚ ਮੁਖਬਿਰਾਂ ਦੇ ਵਰਗ ਨੇ ਇੱਕ ਵੱਡੀ ਭੂਮਿਕਾ ਨਿਭਾਈ ਅਤੇ ਸਾਡੀ ਚੌਕਸੀ ਐਨੀਂ ਮੁਕੰਮਲ ਰਹੀ ਕਿ ਇੱਕ ਵੀ ਮਾਮਲੇ ਵਿੱਚ ਕਿਸੇ ਵੀ ਮੁਖਬਿਰ ਦਾ ਵਾਲ ਵੀ ਵਿੰਗਾ ਨਹੀਂ ਹੋਇਆ।



Original with;
Dr. Gurdev Singh Sidhu
Digitized by;
Panjab Digital Library

One can imagine how thoroughly the Indian conspirator, with his low cunning, abnormal vanity, inborn aptitude for intrigue, and capacity for glossing over unpleasant facts, was at home in this atmosphere.

P.187
Indian Unrest

Arya Samaj:

In fact the Arya Samaj is a nationalist revival against Western influence. It urges its followers in the Satyarth Prakash, the authoritative work of Dayanand, who was the founder of the sect, to go back to the Vedas, and to seek the golden future in the imaginary golden past of the Aryas. The Satyarth Prakash also contains arguments against non-Hindu rule, and a leading organ of the sect a few years ago claimed Dayanand as the real author of the doctrine of Swaraj.

However, the Arya Samaj in 1907 thought it wise to publish a resolution to the effect that as mischievous people here and there spread rumors hostile to them, the organization in reiterating its old creed declared that it had no connection of any kind with any political body or with any political agitation in any shape. While accepting this declaration as dissociating the Samaj ~~as a body~~ as a body from extremist politics, it should be noted in fairness to the orthodox Hindus that while the Samaj does not include perhaps more than 5% of the Hindu population of the Punjab, an enormous ~~population~~ proportion of the Hindus convicted of sedition and other political offences from 1907 down to the present day are members of the Samaj.

P. 18th Dec



Original with;
Dr. Gurdev Singh Sidhu
Digitized by;
Panjab Digital Library

ਪੰਨਾ 285 (142)

ਮੈਂ ਸਮਝ ਸਕਦਾ ਹਾਂ ਕਿ ਆਪਣੀ ਨੀਚਤਾ ਭਰੀ ਚਾਲਬਾਜ਼ੀ, ਬੇਹੱਦ ਘੁਮੰਡ ਅਤੇ ਗੁੱਟ ਬਣਾ ਕੇ ਘਟੀਆ ਸਾਜ਼ਿਸ਼ਾਂ ਰਚਣ ਦੇ ਆਪਣੇ ਜਮਾਂਦਰੂਰੁਝਾਣ ਅਤੇ ਅਰੁੱਚੀਕਰ ਤੱਥਾਂ ਉੱਪਰ ਪਰਦਾ ਪਾਉਣ ਦੀ ਸਮਰੱਥਾ ਨਾਲ ਪੂਰੀ ਤਰ੍ਹਾਂ ਲੈਸ ਭਾਰਤੀ ਸਾਜਿਸ਼ਕਾਰੀ ਕਿਵੇਂ ਇਸ ਮਾਹੌਲ ਵਿੱਚ ਆਰਾਮ ਨਾਲ ਕੰਮ ਕਰਦੇ ਸਨ।

ਪੰ. 187

ਇੰਡੀਆ ਐਜ ਆਈ ਨਿਊਇਟ

ਆਰੀਆ ਸਮਾਜ :

ਦਰਅਸਲ ਆਰੀਆ ਸਮਾਜ ਪੱਛਮੀ ਪ੍ਰਭਾਵ ਦੇ ਖਿਲਾਫ਼ ਇੱਕ ਰਾਸ਼ਟਰਵਾਦੀ ਪੁਨਰ ਜਾਗਰਣ ਹੈ। ਇਹ ਇਸ ਸੰਪ੍ਰਦਾਇ ਦੇ ਸੰਸਥਾਪਕ ਦਯਾ ਨੰਦ ਦੇ ਅਧਿਕਾਰਕ ਗਰੰਥ, ਸੱਤਯਾਰਥ ਪ੍ਰਕਾਸ਼ ਵਿੱਚ ਆਪਣੇ ਅਨੁਆਇਆਂ ਨੂੰ ਅਪੀਲ ਕਰਦਾ ਹੈ ਕਿ ਉਹ ਵੇਂਟਾਂ ਦੇ ਵੱਲੀਂ ਪਰਤ ਜਾਣ ਅਤੇ ਆਰੀਆਂ ਦੇ ਕਲਪਨਿਕ ਸਵਰਨ ਯੁੱਗ ਅਤੀਤ ਵਿੱਚ ਭਵਿੱਖ ਦੇ ਸੁਨਹਿਰੀ ਯੁੱਗ ਦੀ ਤਲਾਸ਼ ਕਰਨ। ਸੱਤਯਾਰਥ ਪ੍ਰਕਾਸ਼ ਗੈਰ ਹਿੰਦੂਸਾਸ਼ਨ ਦੇ ਖਿਲਾਫ਼ ਦਲੀਲਾਂ ਵੀ ਦਿੰਦਾ ਹੈ, ਅਤੇ ਕੁਝ ਵਰ੍ਹੇ ਪਹਿਲਾਂ ਇਸ ਸੰਪ੍ਰਦਾਇ ਦੇ ਇੱਕ ਮੁਹਰੈਲ ਅਖਬਾਰ ਨੇ ਤਾਂ ਦਯਾਨੰਦ ਨੂੰ ਹੀ ਸਵਰਾਜ ਦੇ ਸਿਧਾਂਤ ਦਾ ਅਸਲੀ ਬੁਲਾਰਾ ਹੋਣ ਦਾ ਦਾਅਵਾ ਵੀ ਕੀਤਾ।

ਪਰੰਤੂ1907 ਵਿੱਚ ਜਦੋਂ ਕੁੱਝ ਸ਼ਰਾਰਤੀ ਅਖ਼ਬਾਰਾਂ ਨੇ ਆਰੀਆ ਸਮਾਜ ਦੇ ਵਿਰੁੱਧ ਅਫਵਾਹਾਂ ਫੈਲਾਉਣੀਆਂ ਆਰੰਭ ਕੀਤੀਆਂ, ਤਾਂ ਇਸ ਸੰਪ੍ਰਦਾਇ ਨੇ ਆਪਣੇ ਪੁਰਾਣੇ ਧਰਮ ਸਿਧਾਂਤ ਨੂੰ ਦੁਹਰਾਉਂਦੇ ਹੋਇਆਂ ਇਸ ਇਰਾਦੇ ਦਾ ਇੱਕ ਪ੍ਰਸਤਾਵ ਪ੍ਰਕਾਸ਼ਿਤ ਕਰਨ ਦੀ ਸਿਆਣਪ ਵਿਖਾਈ ਕਿ ਇਸ ਸੰਗਠਨ ਦੇ ਕਿਸੇ ਵੀ ਕਿਸਮ ਦੇ ਰਾਜਨੀਤਕ ਗਰੁੱਪ ਜਾਂ ਕਿਸੇ ਵੀ ਕਿਸਮ ਦੇ ਰਾਜਨੀਤਕ ਅੰਦੋਲਨ ਦੇ ਨਾਲ ਕੋਈ ਸੰਬੰਧ ਨਹੀਂ ਹੈ। ਹੁਣ ਜੇ ਇੱਕ ਸੰਗਠਨ ਦੇ ਰੂਪ ਵਿੱਚ ਸਮਾਜ ਵੱਲੋਂ ਚਰਮ ਪੱਖੀ ਰਾਜਨੀਤੀ ਨਾਲੋਂ ਸੰਬੰਧਾਂ ਦਾ ਤੋੜ ਵਿਛੋੜਾ ਕਰਨ ਦੇ ਇਸ ਦਾਅਵੇ ਨੂੰ ਮੰਨ ਵੀ ਲਿਆ ਜਾਵੇ, ਤਾਂ ਵੀ ਕੱਟੜ ਹਿੰਦੂਆਂ ਦੇ ਵਾਸਤੇ ਇਹ ਗੱਲ ਗੌਰ ਤਲਬ ਹੋਣੀ ਚਾਹੀਦੀ ਹੈ ਕਿ ਭਲੇ ਹੀ, ਆਰੀਆ ਸਮਾਜ ਵਿੱਚ ਪੰਜਾਬ ਦੀ ਹਿੰਦੂਆਬਾਦੀ ਦੇ 5 ਪ੍ਰਤੀਸ਼ਤ ਤੋਂ ਵੱਧ ਲੋਕੀਂ ਸ਼ਾਮਲ ਨਹੀਂ ਹਨ, ਫਿਰ ਵੀ 1907 ਤੋਂ ਲੈ ਕੇ ਅੱਜ ਤੱਕ ਹਿੰਦੂਆਂ ਦੀ ਇੱਕ ਵੱਡੀ ਗਿਣਤੀ ਜੋ ਰਾਜ ਧਰੋਹ ਅਤੇ ਦੂਜੇ ਰਾਜਨੀਤਕ ਜ਼ੁਰਮਾਂ ਦੇ ਅਧੀਨ ਦੰਡਤ ਹੁੰਦੀ ਰਹੀ ਹੈ, ਉਹ ਇਸ ਸਮਾਜ ਦੀ ਹੀ ਮੈਂਬਰ ਰਹੀ ਹੈ।।

ਪੰ. 184 ਉਹੀ



Original with;
Dr. Gurdev Singh Sidhu
Digitized by;
Panjab Digital Library

Statistical figures about India :—

In England & Wales $\frac{4}{5}$ of people live in towns.

Standard of urban life begins when 1000 people live together. Only then Municipal drainage, lighting & water supply can be organized.

India (British)
Out of total 244000,000, 226000000 live in villages.

England In Normal times give to Industry 58% of people to Industry
8% to agriculture.

India gives 71% to agriculture
12% to Industry
5% to trade
2% to domestic service
$1\frac{1}{2}$% to independent Professions
$1\frac{1}{2}$% to Govt Service including Army.

In whole of India 226 millions out of 315 millions are supported by soil
208 millions out of them live or depend directly upon the agriculture.

(Montford Report)



Original with;
Dr. Gurdev Singh Sidhu
Digitized by;
Panjab Digital Library

ਪੰਨਾ 286 (143)

ਭਾਰਤ ਦੇ ਸੰਬੰਧੀ ਅੰਕੜੇ :

ਇੰਗਲੈਂਡ ਅਤੇ ਵੇਲਜ਼ ਵਿੱਚ 4/5 ਆਬਾਦੀ ਸ਼ਹਿਰਾਂ ਵਿੱਚ ਰਹਿੰਦੀ ਹੈ

| | |
|---|---|
| ਸ਼ਹਿਰੀ ਜੀਵਨ ਦਾ ਮਾਣਕ ਉਥੋਂ ਸ਼ੁਰੂਹੁੰਦਾ ਹੈ | ਭਾਰਤ (ਬ੍ਰਿਟਿਸ਼) |
| ਜਦੋਂ 1000 ਲੋਕੀਂ ਇਕੱਠੇ ਰਹਿਣ ਲੱਗਦੇ ਹਨ | ਕੁੱਲ |
| ਸਿਰਫ਼ ਤਾਂ ਹੀ ਨਗਰ ਪਾਲਿਕਾ ਵੱਲੋਂ ਜਲ ਨਿਕਾਸ, | 2,44,000,000 |
| ਰੌਸ਼ਨੀ ਅਤੇ ਪਾਣੀ ਦੀ ਸਪਲਾਈ | ਲੋਕਾਂ ਵਿੱਚ |
| ਦੀ ਵਿਵਸਥਾ ਕੀਤੀ ਜਾ ਸਕਦੀ ਹੈ। | 226,000,000 ਲੋਕੀਂ |
| | ਪਿੰਡਾਂ ਵਿੱਚ ਰਹਿੰਦੇ ਹਨ। |

---------0-----------

ਇੰਗਲੈਂਡ – ਆਮ ਸਮਿਆਂ ਵਿੱਚ

| | |
|---|---|
| ਮੁਹੱਈਆ ਕਰਦਾ ਹੈ | 58% (ਆਬਾਦੀ ਦਾ – ਸੰ) ਉਦਯੋਗ ਨੂੰ |
| | 8% ਖੇਤੀਬਾੜੀ ਨੂੰ |
| ਭਾਰਤ ਦਿੰਦਾ ਹੈ | 71% ਖੇਤੀਬਾੜੀ ਨੂੰ |
| | 12% ਉਦਯੋਗ ਨੂੰ |
| | 5% ਵਪਾਰ ਨੂੰ |
| | 2% ਘਰੇਲੂਸੇਵਾਵਾਂ ਨੂੰ |
| | 1½% ਸੁਤੰਤਰ ਕਾਰੋਬਾਰਾਂ ਨੂੰ |
| | 1½ % ਸੈਨਾ ਸਮੇਤ, ਸਰਕਾਰੀ ਸੇਵਾ ਨੂੰ |

– ਸਮੁੱਚੇ ਭਾਰਤ ਵਿੱਚ 31 ਕਰੋੜ 50 ਲੱਖ ਲੋਕਾਂ ਵਿੱਚੋਂ 22 ਕਰੋੜ 60 ਲੱਖ ਲੋਕੀਂ ਭੂਮੀ (ਖੇਤਬਾੜੀ) ਉੱਪਰ ਨਿਰਭਰ ਹਨ।

– ਉਹਨਾਂ ਵਿੱਚੋਂ 20 ਕਰੋੜ 80 ਲੱਖ ਲੋਕ ਸਿੱਧੇ ਰੂਪ ਵਿੱਚ ਖੇਤੀਬਾੜੀ ਉੱਪਰ ਜਿਉਂਦੇ ਹਨ ਜਾਂ ਨਿਰਭਰ ਹਨ।

(ਮਾਊਂਟਫੋਰਡ ਰਿਪੋਰਟ)



Original with;
Dr. Gurdev Singh Sidhu
Digitized by;
Panjab Digital Library

Total Area 1,800,000 square miles
20 times of Great Britain

700,000 sq miles or more than $\frac{1}{3}$ are under States' control. Indian States are 600 in number.

Burma is greater than France.
Madras & Bombay are greater than Italy seperately.

---

Total population of India (1921 Census)

318,942,000

i.e. $\frac{1}{5}$ th of the whole human race.

247,000,000 are in British India and 71,900,000 in States.

---

$2\frac{1}{2}$ million persons were literate in English. 16 in every thousand males and 2 in every thousand female.

Total Number of vernaculars is 222
Total Number of Villages 500,000



Original with;
Dr. Gurdev Singh Sidhu
Digitized by;
Panjab Digital Library

ਪੰਨਾ 288 (144)

ਕੁੱਲ ਖੇਤਰਫਲ – 1,800,000 ਵਰਗ ਮੀਲ

ਗਰੇਟ ਬ੍ਰਿਟੇਨ ਨਾਲੋਂ 20 ਗੁਣਾ ਵੱਡਾ

– 700,000 ਵਰਗਮੀਲ ਜਾਂ 1/3 ਨਾਲੋਂ ਵੱਧ ਪ੍ਰਾਂਤਾਂ ਦੇ ਅਧੀਨ ਹੈ। ਭਾਰਤੀ ਪ੍ਰਾਂਤਾਂ ਦੀ ਸੰਖਿਆ 600 ਹੈ।

– ਬਰਮਾ ਫਰਾਂਸ ਨਾਲੋਂ ਵੱਡਾ ਹੈ। ਮਦਰਾਸ ਅਤੇ ਬੰਬਈ (ਪ੍ਰਾਂਤ), ਅਲੱਗ–ਅਲੱਗ ਇਟਲੀ ਨਾਲੋਂ ਵੱਡੇ ਹਨ।

ਭਾਰਤ ਦੀ ਕੁੱਲ ਜਨ ਸੰਖਿਆ (1921 ਦੀ ਮਰਦਮਸ਼ੁਮਾਰੀ) –

318,942,000

ਅਰਥਾਤ ਕੁੱਲ ਮਨੁੱਖ ਜਾਤੀ ਦਾ 1/5

– 247,000,000 ਆਬਾਦੀ ਬ੍ਰਿਟਿਸ਼ ਭਾਰਤ ਵਿੱਚ ਅਤੇ

71,900,000 ਪ੍ਰਾਂਤਾਂ (ਸੂਬਿਆਂ) ਵਿੱਚ ਹੈ

25 ਲੱਖ ਲੋਕ ਅੰਗਰੇਜ਼ੀ ਪੜ੍ਹਨੀ ਜਾਣਦੇ ਹਨ – ਪ੍ਰਤੀ ਇੱਕ ਹਜ਼ਾਰ ਮਰਦਾਂ ਵਿੱਚੋਂ 16 ਅਤੇ ਪ੍ਰਤੀ ਹਜ਼ਾਰ ਔਰਤਾਂ ਵਿੱਚੋਂ 2

ਦੇਸੀ ਭਾਸ਼ਾਵਾਂ ਦੀ ਕੁੱਲ ਸੰਖਿਆ 222 ਹੈ

ਪਿੰਡਾਂ ਦੀ ਕੁੱਲ ਸੰਖਿਆ 500,000.



Original with;
Dr. Gurdev Singh Sidhu
Digitized by;
[redacted]ry.

Suez Canal opened in 1869.

Total Export of India at that time was Rs. 80 crores = £ 80,000,000.

1926-27 and preceding two years the average was Rs. 350 crores i.e. about £ 262,500,000.

Total population 319 millions out of which 32 $\frac{1}{2}$ millions i.e. 10.2% live in towns & Cities (urban) while in England the percentage is 79%

And the most difficult part of the task will be to instil into the minds of the slum dwellers themselves the desire for something better.

Pg. 22

Simon Report.



Original with;
Dr. Gurdev Singh Sidhu
Digitized by;
Panjab Digital Library

ਪੰਨਾ 288 (145)

ਸਵੇਜ ਨਹਿਰ 1869 ਵਿੱਚ ਖੁੱਲੀ।

ਉਸ ਵਕਤ ਭਾਰਤ ਦਾ ਕੁੱਲ ਨਿਰਯਾਤ ਸੀ :

ਰੁ: 80 ਕਰੋੜ = £ 80,000,000

1926-27 ਅਤੇ ਉਸਤੋਂ ਪਹਿਲਾਂ ਦੇ ਦੋ ਵਰ੍ਹਿਆਂ ਵਿੱਚ ਇਸਦੀ ਔਸਤ ਸੀ :

ਰੁ. 350 ਕਰੋੜ ਅਰਥਾਤ ਲਗਭਗ £ 262,500,000

ਕੁੱਲ ਜਨਸੰਖਿਆ = 31 ਕਰੋੜ 90 ਲੱਖ

ਜਿਸ ਵਿੱਚੋਂ 3 ਕਰੋੜ 20 ਲੱਖ 50 ਹਜ਼ਾਰ ਅਰਥਾਤ 10.2 ਪ੍ਰਤੀਸ਼ਤ ਲੋਕ ਕਸਬਿਆਂ ਅਤੇ ਸ਼ਹਿਰਾਂ (ਸ਼ਹਿਰੀ ਖੇਤਰ) ਵਿੱਚ ਰਹਿੰਦੇ ਹਨ,

ਜਦੋਂ ਕਿ ਇੰਗਲੈਂਡ ਵਿੱਚ ਇਹ 79% ਹੈ।

ਅਤੇ ਕੰਮ ਦਾ ਸਭ ਤੋਂ ਮੁਸ਼ਕਲ ਹਿੱਸਾ ਹੋਊਗਾ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲਿਆਂ ਦੇ ਦਿਮਾਗ ਵਿੱਚ ਬੇਹਤਰੀ ਦੀ ਇੱਛਾ ਨੂੰ ਭਰਨਾ।

ਪੰ. 22

ਸਾਈਮਨ ਰਿਪੋਰਟ

ਪੰਨਾ 304

ਭਗਤ ਸਿੰਘ ਦੇ ਛੋਟੇ ਦਸਤਖਤ

ਤਾਰੀਖ 12.9.1929



Original with;
Dr. Gurdev Singh Sidhu
Digitized by;
Panjab Digital Library

Original with;
Dr. Gurdev Singh Sidhu
Digitized by;
Panjab Digital Library

B-7743

*Original with;*
Dr. Gurdev Singh Sidhu
*Digitized by;*
Panjab Digital Library

ਪ੍ਰਕਾਸ਼ਕ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ
ਚੰਡੀਗੜ੍ਹ

Original with;
Dr. Gurdev Singh Sidhu
Digitized by;
Panjab Digital Library